
ਵਰਿਆਮ

੩੧ਵਾਂ ਸਾਲ
ਸਤੰਬਰ, ੨੦੦੬



ਝਲਕਾਂ
ਨਾਮਧਾਰੀ ਸਾਹਿਤਕ ਸੰਮੇਲਨ [illegible]

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥



ਸ. ਸਰੈਣ ਸਿੰਘ ਜੀ ਜਲੰਧਰ

ਜੀਵਨ ਯਾਤਰ ਸੰਪੂਰਨ : 26 ਜੁਲਾਈ 2006

ਵਰਿਆਮ

ਸਤੰਬਰ-੨੦੦੬

ਜਿਲਦ-੩੧

ਅੰਕ- ੧੧

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	Ladowali Road.
(ਸਾਹਮਣੇ ਸੈਂਟਰਲ ਟਾਊਨ)	Opp. Central Town,
ਜਲੰਧਰ- ੧੪੪੦੦੧	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਸੰਪਾਦਕੀ

ਸੰਤ ਬਲਬੀਰ ਸਿੰਘ ਸੀਚੇਵਾਲ

ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਇਕ ਪਉੜੀ ਵਿਚ ਕਥਨ ਹੈ "ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ॥ ਧਰਮ ਧਉਲ ਪੁਕਾਰੇ ਤਲੇ ਖੜੋਆ॥੨੨॥

ਜੇ ਅਜੋਕੇ ਪਰਸੰਗ ਵਿਚ ਵਿਚਾਰ ਕੇ ਦੇਖੀਏ ਤਾਂ ਸ੍ਰੀਮਾਨ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਘਾਲਨਾ ਤੋਂ ਪ੍ਰਤੱਖ ਹੁੰਦਾ ਹੈ ਕਿ ਧਰਮ ਧੌਲ ਦੇ ਭਾਰ ਨੂੰ ਕਾਮਯਾਬੀ ਨਾਲ ਥਮਣ ਵਾਸਤੇ ਉਹ ਨਿਤਰੇ ਹਨ।

ਅੱਜ ਭਾਰਤ ਦੇ ਰਾਸ਼ਟਰਪਤੀ ਦਾ ਗੁਰੂ ਨਾਨਕ ਦੇਵ ਜੀ ਤੋਂ ਵਰੋਸਾਈ ਨਗਰੀ ਸੁਲਤਾਨਪੁਰ ਲੋਧੀ ਵਿਚ ਵੇਈਂ ਨਦੀ ਦੇ ਕੰਢੇ ਤੇ ਸੰਤਾਂ ਦੇ ਅਸਥਾਨ ਨਿਰਮਲ ਕੁਟੀਆ ਵਿਚ ਉਚੇਚਾ ਚਲ ਕੇ ਆਉਣ ਨਾਲ ਸੰਤ ਬਲਬੀਰ ਸਿੰਘ ਜੀ ਦੀ ਕੀਰਤੀ ਨੂੰ ਮੀਡੀਆ ਵੱਲੋਂ ਹੁਲਾਰ ਮਿਲਿਆ ਹੈ। ਅਸੀਂ ਸਮਝਦੇ ਹਾਂ ਕਿ ਭਾਰਤ ਦੇ ਰਾਸ਼ਟਰਪਤੀ ਜੀ ਭਾਵੇਂ ਦੁਨੀਆਂ ਦੇ ਉਘੇ ਸਾਇੰਸਦਾਨ ਹਨ ਪਰ ਉਹਨਾਂ ਦੇ ਅੰਦਰ ਇਕ ਦਰਵੇਸ਼ ਸੰਤ ਦਾ ਦਿਲ ਵੀ ਹੈ ਅਤੇ ਉਹਨਾਂ ਨੇ ਸੰਤ ਬਲਬੀਰ ਸਿੰਘ ਜੀ ਦੀ ਕੀਰਤੀ ਨੂੰ ਰਾਜ ਤੰਤਰ ਦੇ ਉਤੋਂ ਦੀ ਹੋ ਕੇ ਸਵੀਕਾਰਿਆ ਹੈ ਜਿਸ ਨਾਲ ਸਰਕਾਰੀ ਤੰਤਰ ਨੂੰ ਵੀ ਇਸ ਪਾਸੇ ਧਿਆਨ ਦੇਣਾ ਪਿਆ।

ਪਹਿਲੀ ਵਾਰ ਸੰਤ ਸੀਚੇਵਾਲ ਦੇ ਦਰਸ਼ਨ ਲਾਂਬੜਾ ਨਗਰ ਵਿਚ ਪੰਜਾਬੀ ਸੱਥ ਦੇ ਸਮਾਗਮ ਵਿਚ ਹੋਏ। ਸੀਚੇਵਾਲ ਦੁਆਬੇ ਦਾ ਇਕ ਪਿੰਡ ਹੈ ਜਿਥੇ ਨਿਰਮਲੇ ਸੰਤਾਂ ਦਾ ਇਕ ਮੁਖ ਡੇਰਾ ਹੈ ਜਿਸ ਦੇ ਵਰਤਮਾਨ ਮੁਖੀ ਸੰਤ ਬਲਬੀਰ ਸਿੰਘ ਹਨ। ਅਸੀਂ ਜਦੋਂ ਪੰਜਾਬੀ ਸੱਥ ਦੇ ਰੂਹੇ ਰਵਾਂ ਡਾ. ਨਿਰਮਲ ਸਿੰਘ ਤੋਂ ਪੁੱਛਿਆ ਕਿ ਤੁਹਾਡੇ ਰਵਾਇਤੀ ਖੱਬੇ ਪੱਖੀ ਝੁਕਾਅ ਵਾਲੇ ਸਮਾਗਮ ਵਿਚ ਇਕ ਸੰਤ ਕਿਵੇਂ ਆ ਰਹੇ ਹਨ ਤਾਂ ਉਹਨਾਂ ਕਿਹਾ ਕਿ ਸੰਤ ਬਲਬੀਰ ਸਿੰਘ ਨੇ ਲੋਕ ਸੇਵਾ ਬਹੁਤ ਕੀਤੀ ਹੈ। ਲੋਕਾਂ ਨੂੰ ਪ੍ਰੇਰ ਕੇ ਲੋਕਾਂ ਦੇ ਭਲੇ ਵਾਸਤੇ ਉਹਨਾਂ ਪਿੰਡਾਂ ਵਿਚ ਸੜਕਾਂ ਬਹੁਤ ਬਣਵਾਈਆਂ ਹਨ, ਜਿਸ ਕਰਕੇ ਉਹਨਾਂ ਦਾ ਉਪਨਾਮ ਸੜਕਾਂ ਵਾਲਾ ਜਾਂ ਰਾਹਾਂ ਵਾਲਾ ਬਾਬਾ ਹੀ ਪੈ ਗਿਆ ਹੈ। ਇਸ ਵਾਸਤੇ ਸੰਤਾਂ ਦਾ ਸਨਮਾਨ ਕਰ ਰਹੇ ਹਾਂ।

ਪੰਜਾਬੀ ਸੱਥ ਨੇ ਹੀ ਦੁਆਬੇ ਦੇ ਪਾਣੀਆਂ ਖਾਸ ਕਰਕੇ ਚਿਟੀ ਤੇ ਕਾਲੀ ਵੇਈਂ ਦਾ ਸਰਵੇਖਣ ਕਰਾਇਆ। ਇਸ ਵਿਚ ਸਾਡੇ ਅਜ਼ੀਜ਼ ਮਾਸਟਰ ਬਹਾਦਰ ਸਿੰਘ ਸੰਧੂ ਅਤੇ ਕੈਪਟਨ ਸਰਬਜੀਤ ਸਿੰਘ ਢਿਲੋਂ ਸ਼ਾਮਲ ਸਨ। ਇਸ ਸਰਵੇਖਣ ਦੀ ਰਿਪੋਰਟ ਦਸਣ ਵਾਸਤੇ ਸੈਂਟਰਲ ਕੁਆਪਰੇਟਿਵ ਬੈਂਕ ਜਲੰਧਰ ਦੇ ਵਿਸ਼ਾਲ ਹਾਲ ਵਿਚ ਇੱਕ ਇਕੱਤਰਤਾ ਹੋਈ ਜਿਸ ਵਿਚ ਅਸੀਂ ਵੀ ਸ਼ਾਮਲ ਸੀ। ਬਾਬਾ ਸੀਚੇਵਾਲ ਅਤੇ ਉਹਨਾਂ ਦੀਆਂ ਸੰਗਤਾਂ ਢੋਲ ਨਾਲ ਸ਼ਬਦ ਪੜਦੀਆਂ ਆਈਆਂ ਸਨ। ਬਹਾਦਰ ਸਿੰਘ ਸੰਧੂ ਨੇ ਜੋ ਪਾਣੀਆਂ ਦੀ ਰਿਪੋਰਟ ਪੇਸ਼ ਕੀਤੀ ਉਹ ਬਹੁਤੀ ਹੀ ਚਿੰਤਾ ਜਨਕ ਸੀ। ਵੇਈਆਂ ਦਾ ਪਾਣੀ ਲਗਭਗ ਜ਼ਹਿਰ ਹੀ ਸੀ ਜਿਸ ਵਿਚ ਪਾਣੀਆਂ ਦੇ ਜੰਤੂ ਮੱਛੀਆਂ ਆਦਿ ਮਰ ਰਹੇ ਸਨ।

ਕਾਲੀ ਵੇਈਂ ਦੇ ਕੰਢੇ ਤੇ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਸੁਲਤਾਨਪੁਰ ਲੋਧੀ ਵਸੀ ਹੋਈ ਹੈ। ਇਸ ਥਾਂ ਦੇ ਪਰਸੰਗ ਤਾਂ ਰਾਗੀਆਂ ਢਾਡੀਆਂ ਕੋਲੋਂ ਬਹੁਤ ਸੁਣੇ ਹੋਏ ਹਨ— 'ਕਾਬਲ ਘੋੜੇ ਵੇਚਦਾ ਦੌਲਤ ਖਾਨ ਪਠਾਨ', ਦੌਲਤ ਖਾਂ ਦੇ ਮੋਦੀ ਖਾਨੇ ਵਿਚ ਗੁਰੂ ਜੀ ਦੀ ਨੌਕਰੀ ਅਤੇ ਹਿਸਾਬ ਕਿਤਾਬ ਅਤੇ ਤੇਰਾ ਤੇਰਾ ਦਾ ਉਚਾਰਨ, ਗੁਰੂ ਜੀ ਦਾ ਨਵਾਬ ਨਾਲ ਮਸੀਤ ਵਿਚ ਜਾਣਾ, ਭੈਣ ਨਾਨਕੀ ਦਾ ਪਿਆਰ ਅਤੇ ਜੀਜਾ ਜੈਅ ਰਾਮ ਦਾ ਸਤਿਕਾਰ ਸਭ ਸਾਖੀਆਂ ਸੁਣਦੇ ਰਹੇ ਹਾਂ। ਇਥੇ ਲਗਦੇ ਮੱਸਿਆ ਆਦਿਕ ਦੇ ਮੇਲੇ ਵੀ ਵੇਖੇ ਸਨ। ਇਥੇ ਥਾਂ ਥਾਂ ਬਣੇ ਗੁਰਦੁਆਰੇ ਸਮੇਤ ਗੁਰਦੁਆਰਾ ਸੰਤ ਘਾਟ ਜਿਥੇ ਗੁਰੂ ਨਾਨਕ ਦੇਵ ਜੀ ਤਿੰਨ ਦਿਨ ਦੀ ਵੇਈਂ ਨਦੀ ਵਿਚ ਜਲ ਸਮਾਧੀ ਬਾਦ ਬਾਹਰ ਨਿਕਲ ਕੇ "ਨਾ ਕੋਈ ਹਿਦੂ ਨਾ ਮੁਸਲਮਾਨ" ਦਾ ਫੁਰਮਾਨ ਉਚਾਰਨ ਕੀਤਾ ਸੀ, ਸਭ ਦੇ ਦਰਸ਼ਨ ਕੀਤੇ ਸਨ ਪਰ ਉਹ ਨਦੀ ਵੇਈਂ ਨਦਾਰਦ ਸੀ ਜਿਸ ਵਿਚ ਆਦਿ ਗੁਰੂ ਨੇ ਚੁੱਭੀ ਲਾਈ ਸੀ। ਇਹ ਵੇਈਂ ਇਕ ਗੰਦੇ ਨਾਲੇ ਤੋਂ ਵੱਧ ਕੁਝ ਵੀ ਨਹੀਂ ਸੀ। ਉਪਰੋਕਤ ਸਭਾ ਦੇ ਅੰਤ ਤੇ ਸੰਤ ਬਲਬੀਰ ਸਿੰਘ ਸੀਚੇਵਾਲ ਬੋਲੇ ਅਤੇ ਅੰਤ ਉਤੇ ਉਹਨਾਂ ਐਲਾਨ ਕੀਤਾ ਕਿ ਅਸੀਂ ਤਾਂ ਇਥੋਂ ਸਿੱਧੇ ਸੁਲਤਾਨਪੁਰ ਜਾ ਰਹੇ ਹਾਂ ਅਤੇ ਅੱਜ ਹੀ ਕਾਰ ਸੇਵਾ ਆਰੰਭ ਕਰ ਰਹੇ ਹਾਂ।

ਮੀਟਿੰਗ ਖਤਮ ਕਰਕੇ ਅਸੀਂ ਆਪੋ ਆਪਣੇ ਘਰਾਂ ਨੂੰ ਆ ਗਏ। ਮੀਟਿੰਗਾਂ ਆਯੋਜਨ ਕਰਨ ਅਤੇ ਅਟੈਂਡ ਕਰਨ ਵਿਚ ਕਾਫੀ ਅਭਿਆਸ ਹੋ ਚੁੱਕਾ ਸੀ। ਇਹਨਾਂ ਮੀਟਿੰਗਾਂ ਦਾ ਸਿੱਟਾ ਹੋਰ ਮੀਟਿੰਗ ਹੀ ਹੁੰਦਾ ਹੈ। ਜੇ ਇਹਨਾਂ ਮੀਟਿੰਗਾਂ ਤੋਂ ਬਾਅਦ ਥੋਹੜਾ ਜਿਹਾ ਅਮਲ ਵੀ ਹੋਇਆ ਹੁੰਦਾ ਤਾਂ ਅਜ ਦੇਸ਼ ਦੀ ਕਾਇਆ ਕਲਪ ਕਦੋਂ ਦੀ ਹੋ ਗਈ ਹੁੰਦੀ।

ਤੇ ਫਿਰ ਇਕ ਦਿਨ, ਸੱਦਾ ਆਇਆ ਕਿ ਸੁਲਤਾਨਪੁਰ ਆਓ। ਧਰਤ ਸੁਹਾਵੀ ਸੰਸਥਾ (ਪ੍ਰਧਾਨ ਡਾ. ਬਲਬੀਰ ਸਿੰਘ ਭੌਰਾ) ਵਲੋਂ ਵੇਈਂ ਦੇ ਕੰਢੇ ਤੇ ਸਮਾਗਮ ਹੋ ਰਿਹਾ ਹੈ ਤੁਹਾਡਾ ਸਨਮਾਨ ਵੀ ਕਰਨਾ ਹੈ। ਕਾਹਦਾ ਸਨਮਾਨ ? ਵਰਿਆਮ ਦਾ ਇਕ ਵਾਤਾਵਰਣ ਅੰਕ ਨਿਕਲਿਆ ਸੀ। ਉਹਨੂੰ ਯਾਦ ਰਖਿਆ ਸੀ ਧਰਤ ਸੁਹਾਵੀ ਵਾਲੇ ਮਿਤਰਾਂ ਅਤੇ ਪੰਜਾਬੀ ਸੱਥ ਵਾਲਿਆਂ ਨੇ।

ਖੈਰ! ਕਾਇਆ ਕਲਪ ਹੋਈ ਵੇਈਂ ਵੇਖ ਕੇ ਅਖਾਂ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਇਹ ਉਹ ਹੀ ਵੇਈਂ ਨਦੀ ਹੈ। ਅਸੀਂ ਸਚਮੁੱਚ ਉਸੇ ਹੀ ਯੁੱਗ ਵਿਚ ਵੇਖ ਰਹੇ ਹਾਂ। ਸਾਫ ਪਾਣੀ, ਕੰਢਿਆਂ ਤੇ ਪਥਰ ਲੱਗੇ ਹੋਏ। ਪੀਣ ਵਾਲੇ ਪਾਣੀ ਵਾਸਤੇ ਨਲਕੇ, ਬਿਰਖ, ਪਉਦੇ, ਫੁਲ, ਵੇਲਾਂ, ਹਰਟੀਆਂ, ਪੁਲ ਇਹ ਤਾਂ ਕਿਸੇ ਸਵਰਗੀ ਬਾਗ ਦੀ ਸੈਰਗਾਹ ਵਾਂਗ ਸੀ। ਇਸ ਦੀ ਕਹਾਣੀ ਤਾਂ ਬਾਬਾ ਜੀ ਦੇ ਟਰੱਸਟ ਵਲੋਂ ਛਾਪੇ ਸੁੰਦਰ ਸੋਵੀਨਰ ਬਿਆਨ ਕਰ ਰਹੇ ਸਨ। ਕਿਵੇਂ ਸੰਤ ਬਲਬੀਰ ਸਿੰਘ ਜੀ ਖੁਦ ਗੰਦੇ ਪਾਣੀ ਵਿਚ ਵੜ ਗਏ, ਗੰਦ ਅਤੇ ਬੂਟੀਆਂ ਕਢਣ ਵਾਸਤੇ, ਨਾਲ ਹੀ ਪਿੰਡਾਂ ਦੀਆਂ ਸੰਗਤਾਂ। ਸੰਤ ਸੰਗ ਬਣ ਗਿਆ, ਲੰਗਰ ਆ ਰਹੇ ਹਨ ਕੀਰਤਨ ਦੀਵਾਨ ਹੋ ਰਹੇ ਹਨ ਅਤੇ ਕਾਰ ਸੇਵਾ ਚਲ ਰਹੀ ਹੈ।

ਨੇਕ ਕੰਮ ਹੋ ਰਿਹਾ ਸੀ। ਕਲਿਜੁਗ ਵਿਚ ਸਤਿਜੁਗ ਵਰਤ ਰਿਹਾ ਸੀ। ਤਪੱਸਿਆ ਤੋਂ ਇੰਦਰ ਦਾ ਸੰਘਾਸਣ ਵੀ ਡੋਲਦਾ ਹੁੰਦਾ ਹੈ। ਬਾਬਾ ਜੀ ਦਾ ਸੰਘਰਸ਼ ਬੁਰਾਈ ਦੇ ਵਿਰੁੱਧ ਸੀ ਪਰ 'ਇੰਦਰ' ਆਪਣੇ ਸਿੰਘਾਸਣ ਨੂੰ ਖਤਰਾ ਮਹਿਸੂਸਦਾ ਸੀ ਇਹ ਕੁਦਰਤੀ ਬਾਤ ਹੀ ਹੈ।

ਕਹਾਣੀ ਤਾਂ ਬਹੁਤ ਲੰਬੀ ਅਤੇ ਦਿਲਚਸਪ ਹੈ ਅਤੇ ਕਾਰਜ ਵੀ ਮੁਕਣ ਵਾਲਾ ਨਹੀਂ ਪਰ ਇਸ ਸਾਰੇ ਕਾਸੇ ਦੀ ਸੋਅ ਦੇਸ਼ ਦੇ ਰਾਸ਼ਟਰਪਤੀ ਦੇ ਕੰਨਾਂ ਤੱਕ ਵੀ ਜਾ ਅਪੜੀ ਅਤੇ ਉਹਨਾਂ ਇਸ ਕਾਰਜ ਦੀ ਪਰਸੰਸਾ ਵੀ ਕੀਤੀ। ਐਂਜ ਦੇਸ਼ ਦੇ ਪਾਣੀਆਂ ਨਦੀਆਂ ਅਤੇ ਝੀਲਾਂ ਦੀ ਹੋਂਦ ਨੂੰ ਹੀ ਖਤਰਾ ਬਣਿਆ ਹੋਇਆ ਹੈ। ਪਾਣੀ ਦੀ ਸਮੱਸਿਆ ਨੇ ਵਿਚਾਰਵਾਨਾਂ ਨੂੰ ਫਿਕਰਮੰਦ ਕੀਤਾ ਹੋਇਆ ਹੈ। ਸਰਕਾਰਾਂ ਪ੍ਰੋਗਰਾਮ ਬਣਾ ਰਹੀਆਂ ਹਨ। ਕਰੋੜਾਂ ਰੁਪਏ ਖਰਚ ਹੋ ਚੁੱਕੇ ਹਨ ਪਰ...

ਬੰਮੇ ਕੋਈ ਨ ਸਾਧੁ ਬਿਨੁ ਸਾਧੂ ਨ ਦਿਸੈ ਜਗ ਵਿਚ ਕੋਆ॥

ਸੰਤ ਬਲਬੀਰ ਸਿੰਘ ਜੀ ਦੀ ਘਾਲਣਾ ਨੂੰ ਵੱਡੀ ਸਫਲਤਾ ਸਤਿਕਾਰੇ ਰਾਸ਼ਟਰਪਤੀ ਜੀ ਦੀ ਫੇਰੀ ਨਾਲ ਮਿਲੀ ਹੈ। ਹੁਣ ਸਰਕਾਰ ਵੀ ਹਰ ਪ੍ਰਕਾਰ ਦੀ ਸਹਾਇਤਾ ਦੇ ਐਲਾਨ ਕਰ ਰਹੀ ਹੈ। ਸਰਕਾਰ ਹਰਕਤ ਵਿਚ ਆਈ ਹੈ ਪਰ ਵੱਡੇ ਕਾਰਜ ਮੂੰਹ ਅੱਡ ਖੜੇ ਹਨ। ਚਿਟੀ ਵੇਈਂ, ਲੁਧਿਆਣਾ ਦਾ ਬੁੱਢਾ ਦਰਿਆ ਵਰਗੇ ਵਹਿਣਾਂ ਨੂੰ ਸਾਫ ਕਰਨਾ ਜਾਂ ਢੱਕਣਾ ਅਤੇ ਗੰਦੇ ਪਾਣੀ ਦੀ ਨਿਕਾਸੀ ਦਾ ਯੋਗ ਪ੍ਰਬੰਧ ਕਰਨਾ ਇਸ ਵਾਸਤੇ ਲੋਕਾਂ ਨੂੰ ਖੁਦ ਅਗੇ ਆਉਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਮਦਦ ਦੇਣੀ ਚਾਹੀਦੀ ਹੈ। ਜੋ ਵੀ ਹੋਵੇ ਸੰਤ ਬਲਬੀਰ ਸਿੰਘ ਜੀ ਦਾ ਨਾਂਅ ਤਾਂ ਹਨੇਰੀ ਰਾਤ ਵਿਚ ਚਮਕਦੇ ਤਾਰੇ ਦੀ ਲੋਅ ਵਾਂਗ ਹੈ। ਅਤੇ ਸੱਚ ਦੇ ਮਾਰਗ ਤੇ ਚਲਣ ਵਾਲਿਆਂ ਕੁਦਰਤ ਦੇ ਪ੍ਰੇਮੀਆਂ ਨੂੰ ਮਾਰਗ ਦਸਦਾ ਰਹੇਗਾ। ਅੰਧਕਾਰ ਮਈ ਰਾਤ ਵਿਚ ਇਕ ਚਾਨਣ ਮੁਨਾਰੇ ਵਾਂਗ।

—ਜਗਦੀਸ਼ ਸਿੰਘ ਵਰਿਆਮ

ਭਰੂਣ ਹੱਤਿਆ

ਪਾਤੜਾਂ ਇਲਾਕੇ ਵਿਚ ਇਕ 'ਜਨਤਕ ਡਾਕਟਰ ਜੋੜੀ' ਦੀ ਗ੍ਰਿਫਤਾਰੀ ਨਾਲ ਭਰੂਣ ਹੱਤਿਆ ਦਾ ਥੋਕ ਮਾਮਲਾ ਸਾਹਮਣੇ ਆਇਆ ਹੈ। ਪਰ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ। ਪਾਪ ਕਰਮ ਵਾਸਤੇ ਸਰਕਾਰੀ ਮਨਜ਼ੂਰੀ ਦੀ ਲੋੜ ਨਹੀਂ ਹੁੰਦੀ। ਸਗੋਂ ਜਿੰਨੀ ਵੱਡੀ ਅਵੱਗਿਆ ਓਨੇ ਜ਼ਿਆਦਾ ਪੈਸੇ। ਬਾਵਜੂਦ ਧਾਰਮਕ ਉੱਚ ਸਥਾਨਾਂ ਤੋਂ ਭਰੂਣ ਹੱਤਿਆ ਦੇ ਪਾਪ ਵਿਰੁਧ ਫੁਰਮਾਣਾਂ ਅਤੇ ਸਰਕਾਰ ਵੱਲੋਂ ਹਸਪਤਾਲਾਂ ਦੇ ਬਾਹਰ ਲਾਏ ਬੋਰਡਾਂ ਦੇ, ਏਡੀ ਵਡੀ ਪੱਧਰ ਤੇ ਇਹ ਧੰਦਾ ਚਲ ਰਿਹਾ ਹੈ ਕਿ ਖੂਹੀਆਂ ਭਰੀਆ ਪਈਆਂ ਹਨ। ਇਹ ਗੱਲ ਤਾਂ ਸਾਹਮਣੇ ਆ ਗਈ ਪਰ ਜੋ ਅਜੇ ਵੀ ਚੋਰੀ-

ਚੋਗੀ ਹੋ ਰਿਹਾ ਹੈ ਉਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਉਂਝ ਜੇ ਗਹੁ ਨਾਲ ਵੇਖੀਏ ਤਾਂ ਇਸ ਵਿਚ ਦੋਸ਼ ਤਾਂ ਲੋਕਾਂ ਦਾ ਆਪਣਾ ਹੈ। ਔਰਤ ਦੇ ਭਰੂਣ ਨੂੰ ਨਸ਼ਟ ਕਰਾਉਣ ਵਾਲੀ ਵੀ ਤਾਂ ਔਰਤ ਖੁਦ ਆਪ ਹੀ ਹੈ।

ਇਹ ਭਾਰੀ ਪਾਪ, ਭਾਰੀ ਅਗਿਆਨਤਾ ਦਾ ਸਿੱਟਾ ਹੈ। ਇਸ ਨਾਲ ਔਰਤ ਜ਼ਾਤ ਦੀਆਂ ਸਮਾਜਿਕ ਸਮਸਿਆਵਾਂ ਵੀ ਜੁੜੀਆਂ ਪਈਆਂ ਹਨ। ਇਹਨਾਂ ਮਸਲਿਆਂ ਨੂੰ ਨਜਿਠਣ ਦੇ ਜਤਨਾਂ ਨਾਲ ਵੀ ਇਸ ਪਾਪ ਦੇ ਘਟਣ ਦੀ ਸੰਭਾਵਨਾ ਹੈ। ਅਸੀਂ ਲੋਕਾਂ ਨੂੰ ਖਾਸ ਕਰ ਕੇ ਬੀਬੀਆਂ ਨੂੰ ਅਪੀਲ ਕਰਕੇ ਹਾਂ ਕਿ ਉਹ ਖੁਦ, ਔਰਤਾਂ ਵਿਰੁਧ ਇਸ ਪਾਪ ਨੂੰ ਖ਼ਤਮ ਕਰਨ ਵਾਸਤੇ ਮੈਦਾਨ ਵਿਚ ਆਉਣ। ਜੇ ਔਰਤਾਂ, ਕੁੜੀਆਂ ਦੇ ਭਰੂਣ ਨੂੰ ਖ਼ਤਮ ਕਰਨ ਲਈ ਆਪ ਸਹਿਮਤ ਨਹੀਂ ਹੋਣਗੀਆਂ ਤਾਂ ਕੋਈ ਡਾਕਟਰ ਅਸਲੀ ਜਾਂ ਨਕਲੀ ਕਿਵੇਂ ਇਹ ਕਾਰਾ ਕਰ ਲਵੇਗਾ।

ਭਰੂਣ ਹੱਤਿਆ ਕਤਲ ਵਰਗਾ ਪਾਪ ਹੈ, ਜੁਰਮ ਹੈ। ਇਸ ਦੀ ਸਜ਼ਾ ਵੀ ਕਤਲ ਵਰਗੀ ਹੋਣੀ ਚਾਹੀਦੀ ਹੈ।

ਠੰਡੀ ਹਵਾ ਦਾ ਝੋਕਾ

ਦੇਸ਼ ਵਿਚੋਂ ਖਬਰਾਂ ਚੰਗੀਆਂ ਨਹੀਂ ਆ ਰਹੀਆਂ। ਭਰੂਣ ਹੱਤਿਆ, ਕਿਸੇ ਸਿੱਖ ਨੌਜਵਾਨ ਦੇ ਕੇਸ ਕਤਲ, ਕਿਤੇ ਭਾਰਤ ਦੀ ਪਾਰਲੀਮੈਂਟ ਲਿਚ ਮੈਂਬਰਾਂ ਦੀ ਘਸੁੰਨ ਮੁੱਕੀ ਅਤੇ ਗਾਲੀ ਗਲੋਚ, ਕਿਤੇ ਸਿਆਸੀ ਪਾਰਟੀਆਂ ਦੀ ਆਪਣੇ ਅੰਦਰ ਅਤੇ ਬਾਹਰ ਨਾਲ ਘਿਨਾਉਣੀ ਲੜਾਈ ਅਤੇ ਕਿਤੇ ਬਲਾਤਕਾਰਾਂ ਵਰਗੇ ਸ਼ਰਮਨਾਲ ਜੁਰਮ।

ਅਜਿਹੇ ਧੰਦੂਕਾਰੇ ਵਿਚ ਇਕ ਬੜੀ ਚੰਗੀ ਖ਼ਬਰ ਆਪਣੇ ਹੈ ਜਿਸ ਨੇ ਸਤਿਜੁਗੀ ਸ਼ਕਤੀਆਂ ਨੂੰ ਬਲ ਦਿੱਤਾ ਹੈ। ਉਹ ਹੈ ਅਮ੍ਰਿਤਸਰ ਵਿਚ ਇਕ ਗੁਰੂ ਸਿੱਖ ਈਸ਼ਰ ਸਿੰਘ ਵੱਲੋਂ ਇਕ ਲੜਕੀ ਦੀ ਇਜ਼ਤ ਨੂੰ ਬਚਾਉਣਾ ਅਤੇ ਗੁੰਡਿਆਂ ਨਾਲ ਮੁਕਾਬਲਾ ਕਰ ਕੇ ਆਪਣੇ ਸਰੀਰ ਤੇ ਜ਼ਖਮ ਝੱਲ ਕੇ ਵੀ ਬਦਮਾਸ਼ਾਂ ਨੂੰ ਦੌੜਨ ਤੇ ਮਜਬੂਰ ਕਰਨਾ। ਨਿਰਸੰਦੇਹ ਇਸ ਖ਼ਬਰ ਨੇ ਨੌਜਵਾਨਾਂ ਦਾ ਮਾਰਗ ਦਰਸ਼ਨ ਕੀਤਾ ਹੈ। ਹੁੰਮਸ ਵਿਚ ਠੰਡੀ ਹਵਾ ਦੇ ਝੋਕੇ ਵਾਂਗ ਹੈ ਇਹ ਖ਼ਬਰ।

—ਜਗਦੀਸ਼ ਸਿੰਘ ਵਰਿਆਮ

ਵਰਿਆਮ ਦੀ ਗੱਲ

O ਹੋਰ ਦੋ ਮਹੀਨਿਆਂ ਨੂੰ ਵਰਿਆਮ ਬੱਤੀਵੇਂ ਸਾਲ ਵਿਚ ਹੋਏਗਾ। ਜਦੋਂ ਵਰਿਆਮ ਸ਼ੁਰੂ ਕੀਤਾ ਸੀ ਤਾਂ ਸ਼ਾਇਦ ਹੀ ਕਿਸੇ ਨੂੰ ਆਸ ਹੋਵੇ ਕਿ ਇਹ ਏਡੀ ਵੱਡੀ ਦੌੜ, ਦੌੜ ਸਕੇਗਾ। ਇਹ ਕਹਾਣੀ ਲੰਬੀ ਵੀ ਹੈ ਤੇ ਦਿਲਚਸਪ ਵੀ ਅਤੇ ਨਿਤ ਲੜਾਈ,ਨਿਤ ਸੰਘਰਸ਼ ਦੀ ਕਹਾਣੀ ਹੈ।

ਅਸੀਂ ਮਹਸੂਸ ਕਰਦੇ ਹਾਂ ਕਿ ਇਸ ਲੰਬੀ ਦੌੜ ਵਿਚ ਸਾਡੇ ਕੁਝ ਸਨੇਹੀ ਅਤੇ ਮਿਤਰ ਕੁਝ ਹੰਭ ਵੀ ਗਏ ਹਨ। ਅਸੀਂ ਪਹਿਲਾਂ ਵੀ ਮਜਬੂਰੀ ਵਿਚ ਲਿਖਿਆ ਸੀ ਕਿ ਸੰਪਾਦਕ ਵਰਿਆਮ ਦਾ ਫੇਰਾ ਤੋਰਾ ਬਿਲਕੁਲ ਘੱਟ ਜਾਣ ਨਾਲ ਵੀ ਬਹੁਤ ਫਰਕ ਪਿਆ ਹੈ। ਸਨੇਹੀਆਂ ਦੇ ਇਸ਼ਤਿਹਾਰਾਂ ਦੀਆਂ ਰਕਮਾਂ, ਦੇਸ਼ ਵਿਦੇਸ਼ ਦੇ ਚੰਦਿਆਂ ਦੀਆਂ ਰਕਮਾਂ ਦੀਆਂ ਪੰਡਾਂ ਭਾਰੀਆਂ ਹੋ ਗਈਆਂ ਹਨ। ਜਿਸ ਨਾਲ ਪਰਚਾ ਭੇਜਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ। ਅਸੀਂ ਦੋਸਤਾਂ ਦੇ ਆਗ੍ਰਹਿ ਕਰਨ ਤੇ ਕੁਝ ਰੇਟ ਅਗੇ ਨਾਲੋਂ ਵਧਾਏ ਹਨ ਪਰ ਜਿਨਾਂ ਚਿਰ ਚੰਦਿਆਂ ਅਤੇ ਇਸ਼ਤਹਾਰਾਂ ਦੀਆਂ ਬਕਾਇਆ ਰਕਮਾਂ ਨਹੀਂ ਆਉਂਦੀਆਂ ਜਾਂ ਆਮਦਨ ਦੇ ਨਵੇਂ ਸਰੋਤ ਨਹੀਂ ਬਣਦੇ, ਸਾਡਾ ਚਲਣਾ ਹੋਰ ਮੁਸ਼ਕਲ ਹੋ ਜਾਵੇਗਾ। ਸੋ ਵਰਿਆਮ ਪਰੇਮੀਆਂ ਨੂੰ ਬੇਨਤੀ ਹੈ ਕਿ ਉਹ ਹੰਭਲਾ ਮਾਰ ਕੇ ਬਹੁਤ ਕੁਝ ਕਰ ਸਕਦੇ ਹਨ ਇਸ ਵਾਸਤੇ ਹੰਭਲਾ ਜ਼ਰੂਰ ਮਾਰਨ। ਅਸੀਂ ਤਾਂ ਬੱਤ੍ਰੀ ਸਾਲ ਪਹਿਲਾਂ ਬਣੇ ਦੋ ਸੋ ਰੁਪਏ ਵਾਲੇ ਜੀਵਨ ਮੈਂਬਰ ਵੀ ਅੱਜ ਤੱਕ ਭੁਗਤਾ ਰਹੇ ਹਾਂ। ਧੰਨਵਾਦ।

O ਵਰਿਆਮ ਹਰ ਮਹੀਨੇ ਦੀ ੨੯ ਤਾਰੀਖ ਨੂੰ ਡਾਕ ਵਿਚ ਪਾ ਦਿਤਾ ਜਾਂਦਾ ਹੈ। ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਜੇ ਮਹੀਨੇ ਦੇ ਪਹਿਲੇ ਹਫਤੇ ਤਕ ਵਰਿਆਮ ਨਾ ਪੁਜੇ ਤਾਂ ਸਾਨੂੰ ਚਿਠੀ ਰਾਹੀਂ ਸੂਚਿਤ ਜ਼ਰੂਰ ਕਰਨ ਵਰਿਆਮ ਵਿਚ ਛਪਦੇ ਮੈਟਰ/ਸਾਮੱਗਰੀ ਬਾਰੇ ਆਪਣੀ ਰਾਏ ਅਤੇ ਬਿਹਤਰੀ ਵਾਸਤੇ ਸੁਝਾਓ ਵੀ ਜ਼ਰੂਰ ਲਿਖੋ। ਮਾਇਕ ਤੌਰ ਤੇ ਸਮਰਥ ਦੋਸਤ ਇਸ ਵਿਚ ਇਸ਼ਤਿਹਾਰ ਅਤੇ ਹੋਰ ਸਹਾਇਤਾ ਦੇ ਕੇ ਸਹਿਯੋਗ ਕਰਨ।

— ਜਗਦੀਸ਼ ਸਿੰਘ ਵਰਿਆਮ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਅਜੋਕੇ ਯੁੱਗ ਵਿੱਚ ਸਾਰਥਿਕਤਾ ਅਤੇ ਮਹੱਤਵ

—ਡਾ.ਰਣਜੀਤ ਕੌਰ 'ਕੰਗ'

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬੀ ਵਾਰਤਕ ਦੇ ਪ੍ਰਮੁੱਖ ਤੇ ਵਿਲੱਖਣ ਹਸਤਾਖਰ ਹਨ। ਉਹਨਾਂ ਦੀ ਵਾਰਤਕ ਹੁਕਮਨਾਮਿਆਂ ਦੀ ਵਾਰਤਕ ਵੰਨਗੀ ਵਿਚ ਉਪਲੱਬਧ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਥੇ ਇਕ ਧਾਰਮਿਕ ਰਹਿਬਰ, ਉੱਚ ਕੋਟੀ ਦੇ ਸਮਾਜ-ਸੁਧਾਰਕ, ਕ੍ਰਾਂਤੀਕਾਰੀ ਅਤੇ ਰਾਜਨੀਤੀਵਾਨ ਹਨ, ਉਥੇ ਪੰਜਾਬੀ ਦੇ ਪ੍ਰਮੁੱਖ ਵਾਰਤਕਾਰ ਵੀ ਹਨ।

ਸਤਿਗੁਰੂ ਰਾਮ ਸਿੰਘ ਜੀ ਦੀ ਵਾਰਤਕ ਦਾ ਅਧਿਐਨ ਕਰਦਿਆਂ ਅਸੀਂ ਦੇਖਦੇ ਹਾਂ ਕਿ ਉਹਨਾਂ ਦੀ ਵਾਰਤਕ ਪੁਰਾਤਨ ਪੰਜਾਬੀ ਵਾਰਤਕ ਦਾ ਅਗਲੇਰਾ ਪੜਾਅ ਹੈ ਅਤੇ ਆਧੁਨਿਕ ਪੰਜਾਬੀ ਵਾਰਤਕ ਦਾ ਪ੍ਰਥਮ (ਆਰੰਭਲਾ) ਰੂਪ ਕਹੀ ਜਾ ਸਕਦੀ ਹੈ। ਇਸ ਤਰ੍ਹਾਂ ਉਹਨਾਂ ਦੀ ਵਾਰਤਕ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਨੂੰ ਇਕ ਕੜੀ ਵਜੋਂ ਜੋੜਨ ਦੀ ਅਹਿਮ ਭੂਮਿਕਾ ਅਦਾ ਕਰਦੀ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵਾਰਤਕ ਦਾ ਵਿਸ਼ੇਗਤ ਅਧਿਐਨ ਕਰਦਿਆਂ ਅਸੀਂ ਦੇਖਦੇ ਹਾਂ ਕਿ ਉਹਨਾਂ ਨੇ ਆਪਣੇ ਹੁਕਮਨਾਮਿਆਂ ਅਤੇ ਰਹਿਤਨਾਮਿਆਂ ਦੇ ਮਾਧਿਅਮ ਰਾਹੀਂ ਇਕ ਆਦਰਸ਼ ਸਮਾਜ ਦੀ ਸਥਾਪਨਾ ਲਈ ਜੋ ਹੁਕਮ ਅਤੇ ਉਪਦੇਸ਼ ਆਪਣੇ ਸੇਵਕਾਂ ਪੈਰੋਕਾਰਾਂ ਅਤੇ ਸਮਾਜ ਨੂੰ ਦਿੱਤੇ, ਉਹਨਾਂ ਹੁਕਮਾਂ ਅਤੇ ਉਪਦੇਸ਼ਾਂ ਦਾ ਅੱਜ ਦੇ ਪਦਾਰਥਿਕ ਅਤੇ ਸਵੈ-ਕੇਂਦਰਿਤ ਯੁੱਗ ਵਿੱਚ ਬਹੁਤ ਮਹੱਤਵ ਹੈ। ਉਹਨਾਂ ਦੀ ਵਾਰਤਕ ਅਜੋਕੇ ਸਮਾਜ ਦੀਆਂ ਸਮਾਜਿਕ ਕੁਰੀਤੀਆਂ ਅਤੇ ਕਮੀਆਂ ਨੂੰ ਦੂਰ ਕਰਨ ਹਿੱਤ ਬਹੁਤ ਸਾਰਥਿਕਤਾ ਰੱਖਦੀ ਹੈ। ਉਹਨਾਂ ਨੇ ਆਪਣੇ ਹੁਕਮਨਾਮਿਆਂ ਵਿੱਚ ਸਮਾਜ ਦੀ ਅੱਧੀ ਵਸੋਂ ਔਰਤ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਹਿੱਤ ਲਿਖਿਆ ਹੈ ਕਿ ਜਿਹੜਾ ਵਿਅਕਤੀ (ਪਰਿਵਾਰ) ਆਪਣੀਆਂ ਕੁੜੀਆਂ ਨੂੰ ਮਾਰਦਾ ਹੈ, ਉਸ ਨਾਲ ਪੂਰਨ ਤੌਰ ਤੇ ਸਮਾਜਿਕ ਬਾਈਕਾਟ ਕੀਤਾ ਜਾਵੇ। ਉਹ ਕਹਿੰਦੇ ਹਨ —

ਜੋ ਕੁੜੀ ਮਾਰੇ ਤਾ, ਬੇਚੇ ਤਾ ਬੱਟਾ ਕਰੇ,
ਅਰ ਜੇਕਰ ਅਫ਼ੀ ਤਰਾ ਮਲੂਮੀ ਹੋਏ
ਜਾਏ ਤਾ ਉਸ ਦੇ ਨਾਲ ਨਹੀਂ ਬਰਤਣਾ,
ਨਾ ਉਸ ਨੂੰ ਸੰਗਤ ਮੈ ਬੜਨ ਦੇਣਾ।

ਸੋ ਸਪੱਸ਼ਟ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਮੁੰਡੇ-ਕੁੜੀਆਂ ਦੀ ਸਮਾਨਤਾ ਤੇ ਬੱਲ ਦਿੰਦੇ ਹੋਏ ਕਿਹਾ ਹੈ ਕਿ ਜੋ ਵਿਅਕਤੀ ਮੁੰਡੇ-ਕੁੜੀ ਵਿੱਚ ਫਰਕ ਕਰਦਿਆਂ ਕੁੜੀਆਂ ਨੂੰ ਮਾਰਦਾ ਹੈ ਜਾਂ ਹੋਰ ਕਿਸੇ ਵੀ ਪ੍ਰਕਾਰ ਦਾ ਵਿਤਕਰਾ ਕਰਦਾ ਹੈ, ਉਸ ਵਿਅਕਤੀ ਨਾਲ ਗੁਰਸਿੱਖ ਨੂੰ ਪੂਰਨ ਤੌਰ ਤੇ ਬਾਈਕਾਟ ਕਰਨਾ ਚਾਹੀਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵਾਰਤਕ-ਰਚਨਾ ਦਾ ਅਧਿਐਨ ਕਰਦਿਆਂ ਅਸੀਂ ਦੇਖਦੇ ਹਾਂ ਕਿ ਉਹਨਾਂ ਨੇ ਆਪਣੀ ਦੂਰ-ਅੰਦੇਸ਼ੀ ਨਾਲ ਸਮਾਜ ਵਿੱਚ ਇਸਤਰੀ-ਜਾਤੀ ਦੀ ਮਾੜੀ ਹਾਲਤ ਨੂੰ ਦੇਖਦਿਆਂ ਉਸ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਸਮਾਜ ਨੂੰ ਅਹਿਮ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸਮਕਾਲੀ ਸਮਾਜ ਵਿੱਚ ਪ੍ਰਚਲਿਤ ਇਸਤਰੀ ਸਬੰਧੀ ਬੁਰਾਈਆਂ ਨੂੰ ਖ਼ਤਮ ਕਰਨ ਲਈ ਹੇਠ ਲਿਖੇ ਆਧਾਰ-ਸੰਕਲਪ ਤਿਆਰ ਕੀਤੇ, ਜੋ ਉਹਨਾਂ ਦੀ ਵਾਰਤਕ-ਰਚਨਾ (ਹੁਕਮਨਾਮਿਆਂ) ਵਿੱਚ ਪੇਸ਼ ਹੋਏ ਹਨ। ਇਹ ਆਧਾਰ ਸੰਕਲਪ ਇਹ ਹਨ—

੧. ਕੁੜੀਆਂ ਨੂੰ ਜੰਮਦਿਆਂ ਨਾ ਮਾਰਿਆ ਜਾਵੇ।

੨. ਕੁੜੀਆਂ ਨੂੰ ਸਿੱਖਿਆ ਦਿੱਤੀ ਜਾਵੇ।

੩. ਕੁੜੀਆਂ ਵੇਚੀਆਂ ਨਾ ਜਾਣ।

੪. ਕੁੜੀਆਂ ਦਾ ਵੱਟਾ ਨਾ ਕੀਤਾ ਜਾਵੇ।

੫. ਵਿਧਵਾਵਾਂ ਦੇ ਪੁਨਰ ਵਿਆਹ ਕੀਤੇ ਜਾਣ।

੬. ਅੰਤਰਜਾਤੀ ਅਤੇ ਬਿਨਾ ਦਾਜ-ਦਹੇਜ ਵਿਆਹ ਕੀਤੇ ਜਾਣ।

੭. ਔਰਤ ਨੂੰ ਘਰ ਅਤੇ ਸਮਾਜ ਵਿੱਚ ਮਰਦ ਦੇ ਬਰਾਬਰ ਅਧਿਕਾਰ ਦਿਤੇ ਜਾਣ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਉੱਪਰ ਵਰਣਿਤ ਆਧਾਰ-ਸੰਕਲਪਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਆਧਾਰ ਤੇ ਆਧੁਨਿਕ ਮਨੁੱਖੀ ਸਮਾਜ ਦਾ ਅਧਿਐਨ ਕਰੀਏ ਤਾਂ ਅਸੀਂ ਸਿੱਟੇ ਤੇ ਪਹੁੰਚਦੇ ਹਾਂ ਕਿ ਉਹਨਾਂ ਦੀਆਂ ਸਿੱਖਿਆਵਾਂ ਤੇ ਇਸਤਰੀ-ਉਥਾਨ ਲਈ ਤਿਆਰ ਕੀਤੇ ਆਧਾਰ-ਸੰਕਲਪਾਂ ਦੀ ਸਾਰਥਿਕਤਾ ਆਧੁਨਿਕ ਯੁਗ ਵਿਚ ਪਹਿਲਾਂ ਨਾਲੋਂ ਵੀ ਅਧਿਕ ਹੈ, ਕਿਉਂਕਿ ਆਪ ਜੀ ਦੇ ਸਮਕਾਲੀ ਸਮਾਜ ਦਾ

ਮਨੁੱਖ ਅੱਜ ਜਿੰਨਾ ਪਦਾਰਥਵਾਦੀ ਤੇ ਸਵੈ-ਕੇਂਦਰਿਤ ਨਹੀਂ ਸੀ। ਜਿਥੇ ਪਹਿਲਾਂ ਮਨੁੱਖ ਧੀਆਂ ਨੂੰ ਜੰਮਣ ਤੋਂ ਬਾਅਦ ਮਾਰਦਾ ਸੀ, ਉੱਥੇ ਅੱਜ ਦਾ ਮਨੁੱਖ ਤਾਂ ਧੀਆਂ ਨੂੰ ਕੁੱਖ ਵਿੱਚ ਹੀ ਖ਼ਤਮ ਕਰ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਕੁੜੀਆਂ ਦੀ ਅਨੁਪਾਤ ਦਰ ਮੁੰਡਿਆਂ ਦੇ ਮੁਕਾਬਲੇ ਲਗਾਤਾਰ ਘੱਟਦੀ ਜਾ ਰਹੀ ਹੈ। ਇਸ ਸਮੇਂ ਪੰਜਾਬ ਵਿੱਚ ੧੦੦੦ ਮੁੰਡਿਆਂ ਪਿਛੇ ਕੁੜੀਆਂ ਦੀ ਗਿਣਤੀ ਕੇਵਲ ੭੫੦ ਹੀ ਰਹਿ ਗਈ ਹੈ। ਕੁੜੀਆਂ ਦੇ ਘੱਟਦੇ ਅਨੁਪਾਤ ਕਾਰਨ ਔਰਤ ਨਾਲ ਹੋ ਰਹੇ ਭਿਆਨਕ ਅਪਰਾਧਾਂ ਦੀ ਦਰ ਵੀ ਲਗਾਤਾਰ ਵੱਧਦੀ ਜਾ ਰਹੀ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਕਿ ਨਾਮਧਾਰੀ ਪੈਰੋਕਾਰਾਂ ਨੇ ਆਪਣੇ ਸਤਿਗੁਰੂ ਦੀਆਂ ਸਿੱਖਿਆਵਾਂ ਉੱਪਰ ਚਲਦਿਆਂ ਇਕ ਸਿਹਤਮੰਦ ਸਮਾਜ ਦੀ ਸਿਰਜਨਾ ਕਰਨ ਵੱਲ ਪਹਿਲ-ਕਦਮੀ ਕੀਤੀ ਹੈ।

ਡਾ. ਜੋਗਿੰਦਰ ਸਿੰਘ (ਮੁਖੀ, ਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੇ ਆਪਣੀ ਨਿਗਰਾਨੀ ਹੇਠ ਖੋਜ ਵਿਦਿਆਰਥੀਆਂ ਤੋਂ ਪੰਜਾਬ ਦੇ ਕੁਝ ਜ਼ਿਲਿਆ 'ਚ ਨਾਮਧਾਰੀ ਜਨ-ਗਣਨਾ ਕਰਵਾਈ। ਇਸ ਜਨ-ਗਣਨਾ ਦੇ ਸਿੱਟੇ ਹੈਰਾਨੀਜਨਕ ਅਤੇ ਖੁਸ਼ਗਵਾਰ ਹਨ। ਕਿਉਂਕਿ ਨਾਮਧਾਰੀ ਪਰਿਵਾਰਾਂ ਵਿੱਚ, ਮੁੰਡੇ-ਕੁੜੀਆਂ ਦੀ ਸੰਖਿਆ ਬਰਾਬਰ ਹੈ। ਨਾਮਧਾਰੀ ਪਰਿਵਾਰ ਨੇ ਆਧੁਨਿਕਤਾ ਦੀ ਆੜ ਲੈ ਅਲਟਰਾਸਾਊਂਡ ਕਰਵਾ ਕੇ ਆਪਣੀਆਂ ਬੱਚੀਆਂ ਨੂੰ ਖ਼ਤਮ ਨਹੀਂ ਕੀਤਾ ਅਤੇ ਉਹ ਭਰੂਣ-ਹੱਤਿਆ ਵਰਗੇ ਕਲੰਕ ਤੋਂ ਪੂਰੀ ਤਰ੍ਹਾਂ ਮੁਕਤ ਹਨ। ਉਹਨਾਂ ਦਾ ਭਰੂਣ ਹੱਤਿਆ ਵਰਗੇ ਕਲੰਕ ਤੋਂ ਮੁਕਤ ਹੋਣਾ ਹੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਇਸਤਰੀ-ਜਾਤੀ ਦੇ ਭਲੇ ਲਈ ਕੀਤੇ ਗਏ ਹੁਕਮਾਂ ਦੀ ਸਾਰਥਿਕਤਾ ਪਹਿਲਾਂ ਵੀ ਸੀ, ਅੱਜ ਵੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਰਹੇਗੀ। ਉਹਨਾਂ ਦੇ ਹੁਕਮਨਾਮਿਆਂ ਦੇ ਰੂਪ ਵਿਚ ਕੀਤੀ ਗਈ ਵਾਰਤਕ ਰਚਨਾ ਹਰ ਕਾਲ ਦੇ ਮਨੁੱਖ ਦਾ ਮਾਰਗ-ਦਰਸ਼ਨ ਕਰਦੀ ਰਹੇਗੀ 'ਤੇ ਸਿਹਤਮੰਦ ਸਮਾਜ ਦੀ ਸਿਰਜਨਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦੀ ਰਹੇਗੀ।

ਅੱਜ ਨਾਮਧਾਰੀ ਪੰਥ ਦੇ ਸਿਰਤਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਾਨਵਤਾ ਦੇ ਭਲੇ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਅਨੁਸਾਰ ਹੀ ਉਪਦੇਸ਼ ਦੇ ਰਹੇ ਹਨ ਅਤੇ ਗੁਰੂਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਮੇਲਿਆਂ ਸਮੇਂ ਵੱਡੀ ਗਿਣਤੀ ਵਿੱਚ ਬਿਨਾਂ ਤਾਜ-ਦਹੇਜ ਅਤੇ ਬਿਨਾਂ ਕਿਸੇ ਖਰਚੇ ਤੋਂ ਗੁਰ-ਮਰਿਆਦਾ ਅਨੁਸਾਰ ਆਨੰਦ-ਕਾਰਜ ਕਰਵਾਏ ਜਾਂਦੇ ਹਨ। ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਹੀ ਨਾਮਧਾਰੀ ਸਮਾਜ ਇਸਤਰੀ ਦਾ ਸਤਿਕਾਰ ਕਰਦਾ ਹੈ ਅਤੇ ਕੰਨਿਆ ਭਰੂਣ ਹੱਤਿਆ ਦੇ ਪਾਪ ਤੋਂ ਬਚਿਆ ਹੋਇਆ ਹੈ। ਜਦਕਿ ਬਾਕੀ ਸਭ ਪਾਸੇ ਕੰਨਿਆਂ ਭਰੂਨ ਹੱਤਿਆ ਦਾ ਜ਼ੋਰ ਹੈ। ਸੋ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਅਜੋਕੇ ਸਮਾਜ ਵਿੱਚ ਵੀ ਬਹੁਤ ਮਹੱਤਤਾ ਹੈ।

—ਲੈਕਚਰਾਰ ਪੰਜਾਬੀ

ਹਿੰਦੂ ਕੰਨਿਆ ਕਾਲਜ, ਕਪੂਰਥਲਾ

"... ਸਿੱਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿੱਛੋਂ ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ ਤੇ ਰਹਿਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫ਼ਲ ਹੋਏ। ਜੇ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਵੀ ਦੇਈਏ ਤਾਂ ਉਹਨਾਂ ਦਾ ਇਕ ਇਹ ਪ੍ਰਚਾਰ—ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ— ਹੀ ਉਹਨ੍ਹਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ਼ ਵਿਚ ਕਰ ਦੇਂਦਾ ਹੈ।"

—ਕਪੂਰ ਸਿੰਘ ਆਈ. ਸੀ. ਐਸ.

('ਸਪਤ ਸ੍ਰਿੰਗ' ਪੁਸਤਕ ਵਿਚੋਂ)

ਗ੍ਰਹਿਸਤੀ ਸੰਤ

ਪ੍ਰਦੇਸ ਬਣਿਆ ਦੇਸ

—ਸਾਧੂ ਸਿੰਘ ਕਿਸਾਨ

ਸੁਰਸਤੀ ਬਣੀ ਘੱਗਰ

ਪੁਰਾਤਨ ਸਮੇਂ ਵਿਚ ਇਸ ਦੇਸ਼ ਦਾ ਨਾਮ ਸਪਤਸਿੰਧੂ ਲਿਖਿਆ ਮਿਲਦਾ ਹੈ। ਪੱਛਮ ਦੇ ਹਮਲਾਵਰਾਂ-ਅਰਬਾਂ ਈਰਾਨੀਆਂ ਦੇ ਔਣ ਕਰਕੇ ਦੁਰਾਡਾ ਅਟਕ, ਤਾਂ ਵੱਖਰਾ ਹੋ ਗਿਆ, ਏਧਰ ਬਰਸਾਤਾਂ ਨਾ ਹੋਣ ਕਰਕੇ ਜਾਂ ਕਿਸੇ ਹੋਰ ਕਾਰਨ ਸੁਰਸਤੀ ਨਦੀ ਨੇ ਧਰਤ ਸਮਾਧ ਗ੍ਰਹਿਣ ਕਰ ਲਈ। ਇਸ ਤਰ੍ਹਾਂ ਸੰਸਕ੍ਰਿਤ ਦੇ ਸਪਤਸਿੰਧੂ ਤੋਂ ਬਦਲ ਦੇ ਫਾਰਸੀ ਦਾ 'ਪੰਜ ਆਬ' ਹੋ ਗਿਆ। ਜਿਸ ਨੂੰ ਪੰਜਾਬੀਆਂ ਨੇ ਆਪਣੀ ਸੰਖੇਪਤਾ ਦੀ ਆਦਤ ਅਨੁਸਾਰ 'ਪੰਜਾਬ' ਕਰ ਲਿਆ।(ਭਾਰਤ ਦੇ ਸਿਖ਼ਰਲੇ ਨੇਤਾਵਾਂ ਦੀ ਨਿੱਜੀ ਹਉਮੈ ਦੀ ਮਾਰ ਨਾਲ ਜਦੋਂ ਦੇਸ਼, ਖ਼ਾਸ ਕਰ ਪੰਜਾਬ, ਦੋ ਟੋਟੇ ਹੋ ਗਿਆ ਤਾਂ ਵਿਚਾਰੀ ਰਾਵੀ ਤਾਂ ਏਧਰੋਂ ਨਿਕਲ ਕੇ ਓਧਰ ਜਾ ਸਮਾਪਤ ਹੋ ਗਈ । ਭਾਵ ਨਾ ਇੱਤ ਕੀ ਨਾ ਉੱਤ ਕੀ ਰਹੀ। ਬਾਕੀ ਦਰਿਆਵਾਂ ਬਾਰੇ ਮੇਰੀ ਕਵਿਤਾ ਦੀ ਇਕ ਸਤਰ ਏਥੇ ਇਜ ਢੁੱਕਦੀ ਏ।

ਸਪਤ ਸਿੰਧੂਓਂ ਰਿਹਾ ਪੰਜਾਬ ਹੈ ਸੀ ਪੰਜਾਂ ਪਾਣੀਆਂ ਦੇ ਦੋ ਦੇ ਬੁੱਕ ਹੋਇਆ।

ਰਿਗਵੇਦ ਅਨੁਸਾਰ ਸੁਰਸਤੀ ਕਿਨਾਰਿਆਂ ਤੇ ਰਿਸ਼ੀਆਂ ਮੁਨੀਆਂ ਦੇ ਇਤਨੇ ਵਿਦਿਆਪੀਠ ਅਤੇ ਆਸ਼ਰਮ ਸਨ ਜਿਤਨੇ ਕਿਸੇ ਹੋਰ ਦਰਿਆ ਕਿਨਾਰੇ ਨਹੀਂ ਸਨ। ਇਸ ਦਾ ਕਾਰਨ ਇਸ ਦੀ ਨਿਰੰਤਰ ਵਹਿਣ ਵਾਲੀ ਮਧਰ ਧੀਮੀ ਚਾਲ ਸੀ। ਜੋ ਹੜ੍ਹ ਆਇਆਂ ਦੂਰ ਦੂਰ ਤਕ ਫੈਲ ਜਾਂਦੀ, ਪਰ ਕਿਨਾਰੇ ਬੈਠਿਆਂ ਨੂੰ ਗੋਤੇ ਦੇਣ ਵੱਲੋਂ ਗੁਰੇਜ਼ ਕਰ ਜਾਂਦੀ। ਇਸ ਨਦੀ ਵੱਲੋਂ ਸਿੰਜੀ ਧਰਤੀ ਹਰਿਆਲੀ ਭਾਹ ਮਾਰਦੀ। ਇਸੇ ਕਰਕੇ ਇਸ ਏਰੀਏ ਦਾ ਨਾਮ 'ਹਰਿਆਣਾ' ਪ੍ਰਚਲਿਤ ਹੋ ਗਿਆ। ਇਸ ਦੀ ਸੰਘਣੀ ਵਸੋਂ ਦੀ ਨਿਸ਼ਾਨੀ ਵਜੋਂ ਅੱਜ ਤੱਕ ਵੀ ਕਾਲਕਾ ਤੋਂ ਹਨੂਮਾਨਗੜ੍ਹ ਤੱਕ ਇਕ ਲਾਈਨ ਵਿਚ ਜਿਤਨੇ ਥੇੜ੍ਹ ਵੇਖੇ ਜਾ ਸਕਦੇ ਹਨ ਇਤਨੇ ਸਾਰੇ ਭਾਰਤ ਵਿਚ ਕਿਤੇ ਨਜ਼ਰ ਨਹੀਂ ਆ ਸਕਦੇ। ਰਿਗਵੇਦ ਵਿਚ ਏਹ ਵੀ ਲਿਖਿਆ ਹੈ 'ਜਦੋਂ ਸੰਧਿਆ ਦੀ ਪ੍ਰਾਰਥਨਾ ਹੋਣੀ ਤਾਂ ਸ਼ਰਧਾਲੂਆਂ ਵੱਲੋਂ ਮੰਦਿਰਾਂ ਵਿਚ ਵਜਾਈਆਂ ਘੰਟੀਆਂ ਦੀ ਘਨਘੋਰ ਉਦੇ ਅਸਤ ਲੈਅ ਇਕ ਸਾਰ ਗੂੰਜ ਪੈਣੀ। ਰਿਸ਼ੀਆਂ ਵੱਲੋਂ ਇਸਦੇ ਕਿਨਾਰੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ-"ਢੂੰਦ ਸਮਾਂ ਕਿਸੇ ਔਛੀ ਜਗ੍ਹਾਂ ਇਕੱਠਿਆਂ ਬੈਠ ਕੇ ਕੱਟ ਲੈਣਾ।" ਭਾਣੇ ਦੇ ਭੈ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀਆਂ ਨੂੰ ਇਸ ਤਰ੍ਹਾਂ ਕਈ ਥਾਈਂ ਵਸਾਇਆ। ਰਾਵੀ ਤੋਂ ਚੜ੍ਹਦੇ ਜ਼ਿਲ੍ਹਿਆਂ ਦੇ ਅਤੇ ਸ਼ਹਿਰੀ ਅੱਜ ਦੇ ਹਿਮਾਚਲ ਪ੍ਰਦੇਸ਼ ਦੇ 'ਮੰਡੀ, ਸਕੇਤ ਜਾਂ ਰਵਾਲੰਸਰ ਦੇ ਪਹਾੜਾਂ 'ਤੇ ਚਲੇ ਗਏ। ਰਾਵੀਓਂ ਲਹਿੰਦੇ ਜ਼ਿਲ੍ਹਿਆਂ ਦੇ— ਖ਼ਾਸਕਰ ਪੋਂਡੂ ਸਿੰਘਾਂ ਰਿਆਸਤ ਬੀਕਾਨੇਰ ਦੇ ਹਨੂਮਾਨਗੜ੍ਹ ਨੇੜੇ ਦੇ ਪਿੰਡ ਟਿੱਬੀ ਜੋ ਨਾਲੀ ਘੱਗਰ ਦੇ ਕੰਢੇ ਹੈ, ਵਸੇਬਾ ਕਰ ਲਿਆ। ਸਤਿਗੁਰੂ ਜੀ ਦੂਹੀਂ ਥਾਈਂ ਸਿੱਖਾਂ ਨੂੰ ਧੀਰਜ ਦੇਣ ਵਾਸਤੇ ਦਰਸ਼ਨ ਦੇਣ ਦੀ ਕਿਰਪਾ ਕਰਦੇ। ਧੀਰਜ ਦੇਣ, ਕਿ ਦੁਕਾਨਾਂ ਮਕਾਨਾਂ ਦੇ ਮਾਲਕ ਆਪਣੇ ਚਲਦੇ ਕਾਰ ਵਿਹਾਰ ਛੱਡ ਕੇ, ਬਗਾਨੇ ਥਾਂ ਜਾ ਕੇ ਕਿਰਾਏ ਦੇ ਘਰਾਂ ਵਿਚ ਰਹਿਣ ਲਈ ਮਜਬੂਰ ਹੋ ਗਏ। ਮੁਰੱਬਿਆਂ ਦੇ ਮਾਲਕਾਂ ਨੂੰ, ਕਿਸੇ ਦੀਆਂ ਜ਼ਮੀਨਾਂ ਹਿੱਸੇ ਠੇਕੇ 'ਤੇ ਲੈ ਕੇ ਵਾਹਣੀਆਂ ਪਈਆਂ। ਸਾਲ ਦੋ ਸਾਲ ਬਾਅਦ ਫਿਰ ਆਪਣੇ ਉੱਜੜੇ ਘਰ ਵਸਾਣ ਆ ਜਾਣਾ। ਇਸ ਤਰ੍ਹਾਂ ਦੋ ਤਿੰਨ ਵਾਰੀ ਹੋਇਆ, ਪਰ ਕੂਕਿਆਂ ਨੇ ਲੋਕਾਂ ਦੇ ਮਖੌਲ ਮੇਹਣੇ ਜਰ ਕੇ ਵੀ ਗੁਰੂ ਬਚਨਾਂ ਤੇ ਫੁੱਲ ਚਾੜ੍ਹਨੋਂ ਪਿੱਛੇ ਨਾ ਹਟਣਾ। ਸਤਿਗੁਰੂ ਜੀ ਨੇ ਸਮਝਾਣਾ ਕਿ ਏਹ ਭਾਣਾ ਵਰਤਣ ਵੇਲੇ ਵਾਸਤੇ ਟ੍ਰੇਨਿੰਗ ਹੀ ਸਮਝ ਲਓ।

ਏਸੇ ਤਰ੍ਹਾਂ ਇਕ ਵਾਰ ਸ੍ਰੀ ਸਤਿਗੁਰੂ ਜੀ ਟਿੱਬੀ, ਤੋਂ ਨਹਿਰ ਘੱਗਰ ਸ਼ਿਮਾਲੀ ਤੇ, ਸਿਰਸੇ ਨੂੰ ਜਾਣ ਸਮੇਂ ਸ. ਚੰਨਣ ਸਿੰਘ ਬਰਾਜ, (ਇਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਮਾਮੇ ਦਾ ਪੋਤਰਾ ਸੀ) ਸਮੇਤ ਕਰੀਵਾਲੇ ਤੋਂ 'ਓਟੂ, ਹੈੱਡ ਤੱਕ ਦਾ ਇਲਾਕਾ ਵੇਖ ਕੇ ਬਚਨ ਕੀਤਾ—ਜੇ ਏਸ ਏਰੀਏ ਵਿਚ ਕਿਤੇ ਇਕੱਠੀ ਜ਼ਮੀਨ ਮਿਲ ਜਾਏ ਤਾਂ ਮੈਨੂੰ ਜਾਪਦਾ ਏ ਆਬਾਦ ਕਰਨ ਬਾਅਦ ਏਥੇ ਅੰਨ ਦਾਣਾ ਬਹੁਤ ਹੋਵੇਗਾ ਅਤੇ ਸੁੱਖ ਹੋਣ ਬਾਦ ਸਿੱਖ ਸਾਧ ਨਿੱਠ ਕੇ ਭਜਨ ਬਾਣੀ ਦਾ ਪ੍ਰਵਾਹ ਚਲਾ ਸਕਣਗੇ।

ਸ੍ਰੀ ਸਤਿਗੁਰੂ ਜੀ ਦੇ ਇਸ ਬਚਨ ਦਾ ਪਿਛੋਕੜ ਮੈਨੂੰ ਇਜ ਦਾ ਲਗਦਾ ਏ।

ਵਿਦਿਆਰਥੀਆਂ ਨੂੰ ਵਿੱਦਿਆ ਦਾਨ ਦੇਣ ਪਾਰੋਂ ਵੀ ਇਸ ਦਾ ਨਾਮ ਸਰਸੁਤੀ ਹੋ ਸਕਦਾ ਹੈ। ਰਿਗਵੇਦ ਵਿਚ ਸਰਸੁਤੀ ਨਦੀ ਅਤੇ ਵਾਕ ਦੇਵੀ. ਇਕੋ ਵੇਲੇ ਦੋਵਾਂ ਰੂਪਾਂ ਵਿਚ ਆਇਆ ਹੈ। ਭਾਰਤੀ ਪਰੰਪਰਾ ਵਿਚ ਜੜ੍ਹ ਵਿਚੋਂ, ਚੇਤੰਨ ਦਾ ਦਰਸ਼ਨ ਕਰਨ ਦਾ ਬੜਾ ਪੁਰਾਣਾ ਰਿਵਾਜ ਹੈ। ਇਸ ਹਿਸਾਬ ਨਾਲ ਨਦੀ ਪਹਿਲਾਂ ਅਤੇ ਵਾਕ ਦੇਵੀ ਬਾਅਦ ਵਿਚ ਹੈ ਅਤੇ ਇਸ ਦਾ ਇਕ ਤੀਸਰਾ ਨਾਮ ਵੀ ਲਿਖਿਆ ਮਿਲਦਾ ਹੈ— 'ਵਿਜੇ ਵਾਹਿਨੀ' ਭਾਵ ਜੰਗ ਵਿਚ ਸਫਲਤਾ ਦੀ ਦੇਵੀ— ਜਿਸ ਦਾ ਸਪੱਸ਼ਟ ਮਤਲਬ ਹੈ ਕਿ ਇਸ ਦੇ ਕਿਨਾਰੇ ਵੱਸਣ ਵਾਲੇ ਜੰਗ ਜੂ ਜਿੱਤਾਂ ਜਿੱਤਣ ਵਾਲੇ ਸੂਰਮੇ ਹਨ। ਰਿਗਵੇਦ ਆਦਿ ਬ੍ਰਹਮਣ ਗ੍ਰੰਥਾਂ ਦੀ ਰਚਨਾ ਇਸ ਦੇ ਕੰਢਿਆਂ ਤੇ ਹੋਣ ਪਾਰੋਂ ਇਸ ਇਲਾਕੇ ਦਾ ਨਾਮ 'ਬ੍ਰਹਮ ਵਰਤ', ਲਿਖਿਆ ਵੀ ਮਿਲਦਾ ਹੈ। ਸੰਸਕ੍ਰਿਤ ਵਿਚ 'ਸਰਸ', ਸ਼ਬਦ ਤਲਾਬ ਜਾਂ ਜੌਹੜ ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਇਸੇ ਸਰਸ ਤੋਂ ਕੰਢੇ ਤੇ ਵੱਸੇ ਸ਼ਹਿਰ ਦਾ ਨਾਮ 'ਸਰਸਾ', ਪ੍ਰਚਲਿਤ ਹੋ ਗਿਆ। ਰਿਗਵੇਦ ਵਿਚ ਇਸ ਨੂੰ ਸਰਸੁਤੀ ਨਗਰ ਲਿਖਿਆ ਹੈ। ਮਹਾਨਕੋਸ਼ ਵਿਚ ਰਾਜੇ ਸਾਰਸ ਵੱਲੋਂ ਵਸਾਇਆ ਹੋਣ ਕਰਕੇ ਸਰਸਾ, ਨਾਮ ਪਿਆ ਲਿਖਿਆ ਹੈ। ਹੋ ਸਕਦਾ ਏ ਇਹ ਦੁਬਾਰਾ ਵਸਿਆ ਹੋਵੇ। ਉਪਰ ਲਿਖੀਆਂ ਸਾਰੀਆਂ ਗੱਲਾਂ ਦਾ ਭਾਵ ਇਹੋ ਨਿਕਲਦਾ ਹੈ ਕਿ ਇਹ ਇਲਾਕਾ ਪੁਰਤਾਨ ਤਪੋ-ਭੂਮ ਹੋਣ ਕਰਕੇ ਸਤਿਗੁਰੂ ਜੀ ਨੂੰ ਅੰਤਰ ਆਤਮਿਓਂ ਖਿੱਚ ਪਾ ਰਿਹਾ ਸੀ।

ਅਮਰਾਸਰ ਛੋਟੇ ਦਾ ਮਾਲਕ ਪਠਾਣ ਜ਼ਹੀਰੁੱਦੀਨ, ਸ. ਚੰਨਣ ਸਿੰਘ ਦੇ ਪਿਤਾ ਸ. ਦਿਆਲ ਸਿੰਘ ਦਾ ਪੱਗ ਵੱਟ ਭਰਾ, ਬਣਿਆ ਹੋਇਆ ਸੀ। ਏਹ ਮਾਤਾ ਜੀਵਨ ਕੌਰ ਜੀ ਨੂੰ 'ਭੂਆ ਜੀ, ਆਖ ਕੇ ਪਰਨਾਮ ਕਰਿਆ ਕਰਦਾ ਸੀ। ਮਾਤਾ ਜੀ ਅਤੇ ਸ. ਦਿਆਲ ਜੀ ਦੇ ਗੁਜ਼ਰ ਜਾਣ ਬਾਅਦ ਵੀ ਇਹ ਚੰਨਣ ਸਿੰਘ ਨਾਲ ਉਸੇ ਤਰ੍ਹਾਂ ਵਰਤਦਾ ਸੀ। ਜ਼ਹੀਰੁੱਦੀਨ ਇਕ ਵਿਆਹ ਤੇ ਕਸੂਰ, ਚੰਨਣ ਸਿੰਘ ਨੂੰ ਆਪਣੇ ਨਾਲ ਲੈ ਗਿਆ। ਉਥੇ ਦੋਵਾਂ ਦੀ ਪੈਲੀ ਬਾਰੇ ਆਪਸ ਵਿਚ ਗੱਲ ਚੱਲੀ। ਪਠਾਣ ਨੇ ਕਿਹਾ ੧੯੫੭ ਦੇ ਰੌਲੇ ਵੇਲੇ ਸਕਿੰਨਰ ਅੰਗ੍ਰੇਜ਼ (ਇਸ ਨੂੰ ਪੇਂਡੂ ਲੋਕ ਸਿਕੰਦਰ ਕਹਿੰਦੇ ਸਨ) ਚੂਰੂ ਦੇ ਬਾਣੀਆਂ ਨੂੰ ਚਾਰ ਪੰਜ ਪਿੰਡਾਂ ਦੀ ਜ਼ਮੀਨ ਇਕ ਲੱਖ ਨੂੰ ਦੇ ਕੇ ਚਲਾ ਗਿਆ ਸੀ। ਨੱਬੇ ਸਾਲ ਬਾਅਦ ਹੁਣ ਬਾਣੀਏਂ ਇਸ ਦਾ ਤੀਹ ਲੱਖ ਮੰਗਦੇ ਹਨ। ਏਨੇ ਤੋਂ ਵੀ ਜਿਹੜਾ ਲੈ ਲਵੇ ਸਮਝੋ ਧਾੜਾ ਮਾਰਨ ਵਾਲੀ ਗੱਲ ਹੈ। ਸੇਠਾਂ ਦੇ ਮੁਖ਼ਤਿਆਰ ਅਤੇ ਮੁਸਲਮਾਨ ਮੁਜ਼ਾਰੇ ਆਪ ਵਿਚ ਰਲ ਕੇ ਖਾ ਪੀ ਜਾਂਦੇ ਨੇ। ਸੇਠਾਂ ਨੂੰ ਇਹਦੇ ਵਿਚੋਂ ਕੁਝ ਨਹੀਂ ਬਚਦੀ ਤਾਂ ਹੀ ਔਖੇ ਹੋਏ ਵੇਚਦੇ ਹਨ। ਸ. ਚੰਨਣ ਸਿੰਘ ਆਪਣੇ ਪਿੰਡ ਬਰਾਜ ਦੇ ਨੰਬਰਦਾਰ ਮੁਕੰਦ ਸਿੰਘ ਨੂੰ ਲੈ ਕੇ ਆ ਗਿਆ। ਸ੍ਰੀ ਸਤਿਗੁਰੂ ਜੀ ਨੇ ਸੰਤ ਮੰਗਲ ਸਿੰਘ ਜੀ ਆਰਜ਼ੀ ਵਰਿਸ਼ਤੇ ਨੂੰ ਆਪਣੇ ਮੁਖ਼ਤਿਆਰ ਵਜੋਂ ਨਾਲ ਤੋਰਿਆ। ਇਹ ਸੰਤ ਜੀ ਦੇ ਤਿੰਨ ਇਲਮਾਂ ਦੇ ਜਾਣਕਾਰ ਅਤੇ ਸਾਬਕਾ ਮਾਲ ਪਟਵਾਰੀ ਸਨ। ਤਿੰਨਾਂ ਸਿਰਸੇ ਜਾ ਕੇ ਡੂੰਗਰ ਮੱਲ ਗਧੀਏ (ਏਹ ਇਸ ਦੀ ਗੋਤ ਸੀ) ਨਾਲ ਗੱਲ ਕੀਤੀ। ਉਸ ਕਿਹਾ ਜੇ ਸਾਈ ਦਿਓ ਤਾਂ ਸੌਦਾ ਤੈ ਕਰਕੇ ਹੀ ਮੁੜਾਂਗਾ। ਉਸ ਨੇ ਦੂਜੇ ਦਿਨ ਸ਼ਾਮ ਨੂੰ ਆ ਕੇ ਵਧਾਈ ਦਿੱਤੀ ਕਿ ੩੦ ਲੱਖ ਤੋਂ ਸਾਰੀ ਜ਼ਮੀਨ ਦਾ ਸੌਦਾ ਕਰ ਆਇਆ ਹਾਂ।

ਏਹ ਗੱਲ ਤਾਂ ਹੋ ਗਈ ਜ਼ਮੀਨ ਖਰੀਦਣ ਬਾਰੇ ਸੰਖੇਪ ਜਿਹੀ। ਦੂਜੇ ਬੰਨੇ 'ਸਤਿਜੁਗ' ਵਿਚ ਛਪਵਾ ਦਿੱਤਾ ਕਿ ਹਰ ਨਾਮਧਾਰੀ ਇਸ ਪੈਲੀ ਵਿਚ ਹਿੱਸੇਦਾਰੀ ਕਰੇ। ਖ਼ਾਸ ਕਰ ਰਾਵੀਓਂ ਲਹਿੰਦੇ ਪਾਸੇ ਵਾਲੇ। ਦੋ ਮੁਰੱਬੇ, ਚਾਰ ਜਾਂ ਇਕ ਅੱਧਾ ਹੀ ਜਿੰਨੀ ਕਿਸੇ ਦੀ ਫੁਰਸਤ ਹੋਵੇ। ਦੋ ਜਗ੍ਹਾ ਦਫ਼ਤਰ ਖੋਲ੍ਹ ਦਿੱਤੇ। ਇਕ ਸ੍ਰੀ ਭੈਣੀ ਸਾਹਿਬ, ਜਿਥੇ ਮਾ. ਬਲਵੰਤ ਸਿੰਘ ਰਕਮਾਂ ਲੈ ਕੇ ਜਮ੍ਹਾਂ ਕਰਦੇ ਅਤੇ ਹਿਸਾਬ ਰੱਖਦੇ ਸਨ। ਦੂਸਰਾ ਲਾਹੌਰ, ਜਿਥੇ ਵੱਡੇ ਬਾਬਾ ਜੀ (ਹੁਣ ਸਤਿਗੁਰੂ ਜਗਜੀਤ ਸਿੰਘ ਜੀ) ਰਕਮਾਂ ਲੈਂਦੇ। ਸਗੋਂ ਇਹ ਤਾਂ ਪਿੰਡਾਂ ਸ਼ਹਿਰਾਂ ਵਿਚ ਫਿਰ ਕੇ ਪ੍ਰੇਰਨਾ ਵੀ ਦਿੰਦੇ। ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਖਰਾਬੀ ਇ ਸੇਹਤ ਦੇ ਬਾਵਜੂਦ ਇਸ ਜ਼ਿੰਮੇਵਾਰੀ ਨੂੰ ਏਨੀ ਤਨਦਿਹੀ ਨਾਲ ਨਿਭਾਇਆ ਕਿ ਪਹਿਲੀ ਵੱਡੀ ਰਜਿਸਟਰੀ ੨੫.੧.੧੯੪੭ ਨੂੰ ਸੰਪਨ ਹੋ ਗਈ।

ਦੂਸਰੀ ਛੋਟੀ ਛੇ ਕੁ ਲੱਖ ਵਾਲੀ ਰਜਿਸਟਰੀ ਬਾਰੇ, ਜੱਸ ਜੀਵਨ ਵਿਚ, ਵਹਿਮੀ ਜੀ ਲਿਖਦੇ ਹਨ— ਗੁਜਰਾਂ ਵਾਲੇ ਮੇਲੇ ਤੋਂ ਸਤਿਗੁਰੂ ਜੀ ਨਾਲ ਮੈਂ ਨਹਿਰ ਤੱਕ ਆਇਆ। ਉੱਤਰ ਕੇ. ਤੁਰਨ ਲੱਗਿਆਂ ਸਤਿਗੁਰੂ ਜੀ ਨੇ ਜ਼ਮੀਨ ਦੀ ਰਕਮ ਬਾਰੇ ਪੁੱਛਿਆ ਤਾਂ ਮੈਂ ਚੁੱਪ ਕਰ ਗਿਆ। ਸਤਿਗੁਰੂ ਜੀ ਨੇ ਕਿਹਾ, "ਨਾਲ ਗੁਰੂ-ਗੁਰੂ ਆਂਹਨਾ ਏਂ ਨਾਲੇ ਗੱਲੋਂ ਫਿਰਨਾਂ ਏਂ। ਭਲੇ ਪੁਰਸ਼ ਤਾਂ ਇਸ ਤਰ੍ਹਾਂ ਕਿਸੇ ਨਾਲ ਵੀ ਨਹੀਂ ਕਰਦੇ।" ਮੈਂ ਸੱਤ ਵਚਨ ਕੀਤਾ ਅਤੇ ਥੋੜੇ ਦਿਨਾਂ ਬਾਅਦ ਲਾਹੌਰ ਜਾ ਕੇ ਬਾਬਾ ਜਗਜੀਤ ਜੀ ਨੂੰ ਯਾਰਾਂ ਹਜ਼ਾਰ ਜਮ੍ਹਾਂ ਕਰਾ ਦਿੱਤਾ। ਇਹ ਇਕ ਨਿਕੀ ਜਿਹੀ ਮਿਸਾਲ ਹੈ ਵਹਿਮੀ ਜੀ ਵੱਲੋਂ ਆਪਣੇ ਬਾਰੇ ਸੱਚ ਲਿਖਣ ਦੀ। ਦੂਸਰੀ ਰਜਿਸਟਰੀ ਤੋਂ ਪਹਿਲਾਂ ਦੀ ਗੱਲ ਹੈ। ਇਕ ਵਾਰ ਲਾਹੌਰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਬੇਮਾਲਕਾਂ ਵੱਲੋਂ ਰਕਮਾਂ ਔਣ ਦੀ ਗੱਲ ਚੱਲੀ ਤਾਂ ਸਤਿਗੁਰਾਂ ਫੁਰਮਾਇਆ ਕਿ ਉਨ੍ਹਾਂ ਤਾਂ ਸਭ ਤੋਂ ਪਹਿਲਾਂ ਰਕਮਾਂ ਤਾਰੀਆਂ ਹਨ ਤਾਂ ਹੀ ਪਹਿਲੀ ਰਜਿਸਟਰੀ ਹੋਈ ਹੈ। ਹੁਣ ਤਾਂ ਸਗੋਂ ਤੇਰੇ

ਵਰਗਿਆਂ ਸਹਿੰਦਿਆਂ ਪੈਂਦਿਆਂ ਦੀਆਂ ਰਕਮਾਂ ਨਾ ਔਣ ਕਰਕੇ ਦੂਸਰੀ ਲੇਟ ਹੋ ਰਹੀ ਹੈ।

ਸੱਚ ਬਾਰੇ ਬਾਪੂ ਜੀ ਦਾ ਸੁਭਾ ਏਨਾ ਸੁਚੇਤ ਸੀ ਕਿ ਸ਼ਹਿਰ ਜਾਂ ਕਿਤੇ ਮੇਲੇ-ਵਾਂਢੇ ਜਾਣ ਲੱਗਿਆਂ ਅਸਾਂ ਛੋਟੇ ਬੱਚਿਆਂ ਪੁੱਛਣਾ ਬਾਪੂ ਜੀ ਸਾਡੇ ਲਈ ਕੀ ਲਿਆਓਗੇ ? ਤਾਂ ਬੜਾ ਸੋਚ ਕੇ ਓਹੋ ਵਾਅਦਾ ਕਰਨਾ ਜਿਹੜਾ ਪੂਰਾ ਹੋ ਸਕਦਾ ਹੋਵੇ। ਰੋਂਦੇ ਬੱਚੇ ਨੂੰ ਚੁੱਪ ਕਰਾਣ ਵਾਸਤੇ ਵੀ ਕਦੇ ਝੂਠਾ ਲਾਰਾ ਨਹੀਂ ਲਾਣਾ।

ਗੁਜਰਾਂਵਾਲੇ ਸੰਤ ਬਲਵੰਤ ਸਿੰਘ ਨਾਮਧਾਰੀ ਨਾਲ ਫ਼ਸਲ ਵੇਚਣ ਦੀ ਸਾਡੀ ਬੜੀ ਪਰਾਣੀ ਆੜ੍ਹਤ ਸੀ। ਇਕ ਵਾਰ ਉਸ ਨੇ ਆਮ ਆੜ੍ਹਤੀਆਂ ਵਾਂਗ ਲਾਰੇ ਲਾਏ। ਬਾਪੂ ਜੀ ਨੇ ਕਿਹਾ ਕਿ ਮੇਰੀ ਲੋੜ ਬੜੀ ਜ਼ਰੂਰੀ ਹੈ ਮੈਨੂੰ ਪੱਕੀ ਗੱਲ ਦੱਸ। ਨਹੀਂ ਤੇ ਮੈਂ ਕਿਸੇ ਹੋਰ ਨਾਲ ਗੱਲ ਕਰ ਕੇ ਆਪਣਾ ਕੰਮ ਸਾਰ ਲਵਾਂ। ਮਸਲਾ ਚੋਖੀ ਵੱਡੀ ਰਕਮ ਦਾ ਸੀ। ਉਸ ਨੇ ਸੋਚਿਆ ਕੋਈ ਨਵਾਂ ਆੜ੍ਹਤੀ ਏਡੀ ਵੱਡੀ ਰਕਮ ਕਿਵੇਂ ਦੇਵੇਗਾ। ਸੋ ਉਸ ਨੇ ਕਹਿ ਦਿੱਤਾ ਤੁਸੀਂ ਆਪਣਾ ਕੰਮ ਕਿਤੋਂ ਸਾਰ ਲਓ ਮੇਰੇ ਕੋਲੋਂ ਇਸ ਵੇਲੇ ਏਨੀ ਰਕਮ ਨਹੀਂ ਨਿਕਲ ਸਕਦੀ। ਬਾਪੂ ਜੀ ਨੇ ਇਕ ਹੋਰ ਆੜ੍ਹਤੀ ਨਾਲ ਗੱਲ ਕੀਤੀ। ਉਸ ਨੇ ਇਕ ਸ਼ਰਤ ਰੱਖੀ ਕਿ ਇਹ ਕੰਮ ਤਾਂ ਮੈਂ ਸਾਰ ਦਿਆਂਗਾ ਪਰ ਜਿੰਨਾ ਤੁਸੀਂ ਮੈਨੂੰ ਭਜਾ ਨਹੀਂ ਲੈਂਦੇ ਵਾਪਸ ਨਹੀਂ ਜਾਓਗੇ। ਉਸ ਗ਼ੈਰ ਨਾਮਧਾਰੀ ਨੂੰ ਖਦਸ਼ਾ ਸੀ ਕਿ ਏਹ ਦੋਵੇਂ ਨਾਮਧਾਰੀ ਹਨ ਅਤੇ ਕਿਸੇ ਵੇਲੇ ਵੀ ਮੁੱਢੀਂ ਤ੍ਰੇਲ ਪੈ ਸਕਦੀ ਹੈ। ਅਗਲੀ ਫ਼ਸਲ ਵੇਲੇ ਜਦੋਂ ਔਧੇ ਪਿੰਡ ਦਾ ਅਨਾਜ ਦੂਸਰੀ ਦੁਕਾਨ 'ਤੇ ਜਾਂਦਾ ਵੇਖਿਆ ਤਾਂ ਸੰਤ ਬਲਵੰਤ ਸਿੰਘ ਨੇ ਮੇਲੇ ਪਾਣੇ ਸ਼ੁਰੂ ਕਰ ਦਿੱਤੇ। ਇਜ ਗੱਲ ਨਾ ਬਣਦੀ ਵੇਖ ਕੇ, ਉਸ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਆਪਣੀ ਦੁਕਾਨ ਤੇ ਪਵਾਏ। ਹੋਰ ਸੰਗਤ ਸਣੇ ਬਾਪੂ ਜੀ ਵੀ ਚਰਨ ਬੰਦਨਾ ਕੀਤੀ। ਬਲਵੰਤ ਸਿੰਘ ਨੇ ਵੇਲਾ ਵੇਖ ਕੇ ਸਤਿਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਵਹਿਮੀ ਜੀ ਮੇਰੇ ਨਾਲ ਰੁੱਸ ਗਏ ਹਨ। ਸਤਿਗੁਰੂ ਜੀ ਨੇ ਕੋਲ ਬੈਠੇ ਵਹਿਮੀ ਜੀ ਨੂੰ ਪੁੱਛ ਲਿਆ ? ਤਾਂ ਏਹਨਾਂ ਅਰਜ਼ ਕੀਤੀ ਸੱਚੇ ਪਾਤਸ਼ਾਹੋ! ਜੇ ਬਿਨਾਂ ਉਜ਼ਰ ਦਿਤਿਆਂ ਵਾਪਸ ਮੁੜਦਾ ਹਾਂ ਤਾਂ ਇਹ ਦਸਤਾਰਾ (ਹੱਥ ਲਾ ਕੇ) ਮੈਲਾ ਹੁੰਦਾ ਹੈ। ਪਾਤਸ਼ਾਹਾਂ ਖੁਸ਼ ਹੋ ਕੇ ਗਲਵੱਕੜੀ ਵਿਚ ਲੈ ਕੇ ਬਚਨ ਕੀਤਾ ਐਵੇਂ ਤੇ ਨਹੀਂ ਅੰਗਰੇਜ਼ ਨੇ ਲਿਖਿਆ— ਕੂਕਾ ਝੂਠ ਨਹੀਂ ਬੋਲਦਾ, ਅਤੇ ਜੇ ਤੇਰੇ ਵਾਂਗ ਸਾਰੇ ਇਸ ਤਰ੍ਹਾਂ ਧਿਆਨ ਰੱਖਣ ਤਾਂ ਇਸ ਦਸਤਾਰ ਨੂੰ ਮੈਲ ਪੋਹ ਈ ਨਹੀਂ ਸਕਦੀ। ਬਲਵੰਤ ਸਿੰਘ ਜੀ ਨੂੰ ਵੀ ਬਚਨ ਕੀਤਾ— ਨਿਸਚਿੰਤ ਰਹੋ ਸਤਿਗੁਰੂ ਕਿਰਪਾ ਕਰਨਗੇ।

ਓਹ ਕਿਰਪਾ ਇੰਜ ਹੋਈ। ਜਦੋਂ ਉਸ ਗ਼ੈਰ ਨਾਮਧਾਰੀ ਨੂੰ ਸਾਰੀ ਗੱਲ ਦਾ ਪਤਾ ਲੱਗਾ, ਉਸ ਨੇ ਮਿਲ ਕੇ ਬਾਪੂ ਜੀ ਨੂੰ ਆਖਿਆ. ਮੈਨੂੰ ਤੁਹਾਡੇ ਵੱਲੋਂ ਆੜ੍ਹਤ ਆ ਗਈ। ਮੇਰੇ ਵੱਲੋਂ ਤੁਹਾਨੂੰ ਖੁੱਲ੍ਹੀਆਂ ਛੁੱਟੀਆਂ ਹਨ। ਬੇਸ਼ੱਕ ਫ਼ਸਲ ਓਧਰ ਵੇਚੋ ਪਰ ਕੁਝ ਹਿੱਸਾ ਮੇਰੇ ਵੱਲ ਵੀ ਪਾਈ ਰੱਖੋ ਕਿ ਔਣ ਜਾਣ ਬਣਿਆ ਰਹੇ। ਕਿ ਏਡੇ ਸਤਪੁਰਸ਼ ਦੇ ਚਰਨ ਪੇਣ ਨਾਲ ਹੀ ਬੜੀਆਂ ਬਰਕਤਾਂ ਤੁਰ ਪੈਂਦੀਆਂ ਹਨ।

ਵਹਿਮੀ ਜੀ ਆਪਣੇ ਮਨ ਵਿਚ ਆਈ ਰੱਤੀ ਭਰ ਮੈਲ ਵੀ ਲੁਕਾਂਦੇ ਨਹੀਂ ਸਨ। ਲਿਖਦੇ ਹਨ ਸਰਸੇ ਪੁਲਿਸ ਕਪਤਾਨ ਸ. ਸੰਤ ਸਿੰਘ ਵੱਲੋਂ ਪੁਲਿਸ ਲੈਣ ਗਿਆਂ ਬਾਜ਼ਾਰ ਵਿਚ ਫਿਰਦਿਆਂ ਇਕ ਬੁੱਢਾ ਮੁਸਲਮਾਨ ਬੁਚਕੀ ਚਾਈ ਲੰਘਦਾ ਵੇਖਿਆ। ਮੇਰੇ ਕੋਲ ਕਿਰਪਾਨ ਸੀ। ਸੋਚਿਆ ਇਸ ਬੰਦੇ ਨੂੰ ਮਾਰ ਕੇ ਬੁਚਕੀ ਖੋਹ ਲਵਾਂ। ਇਕ ਦਮ ਅੰਦਰੋਂ ਆਵਾਜ਼ ਆਈ ਮਨਾਂ ਮੂਰਖਾ, ਐਵੇਂ ਮਨ ਮੈਲਾ ਕੀਤਾ ਈ, ਕੀ ਪਤਾ ਏਹਦੀ ਬੁਚਕੀ ਵਿਚ ਕੁਝ ਹੈ ਵੀ ਕਿ ਨਹੀਂ। ਏਹ ਮਾਰ ਧਾੜ ਦੇ ਸਮੇਂ ਦਾ ਪ੍ਰਭਾਵ ਸੀ ਜਿਦ੍ਹੇ ਤੋਂ ਸਤਿਗੁਰੂ ਦੀ ਬਖਸ਼ਿਸ਼ ਨਾਲ ਹੀ ਬਚਿਆ ਜਾ ਸਕਦਾ ਸੀ।

ਇਕ ਵਾਰ ਪ੍ਰਸਿੱਧ ਵਿਦਵਾਨ ਨਿਧਾਨ ਸਿੰਘ ਜੀ ਆਲਿਮ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਇਕ ਬੜਾ ਬਿਖੜਾ ਪ੍ਰਸ਼ਨ ਪੇਸ਼ ਕੀਤਾ। ਕੀ ਸਾਡੇ ਸਤਿਗੁਰੂ ਸਾਹਿਬਾਨ ਦਾ ਮਨ ਵੀ ਵੱਸ ਤੋਂ ਬਾਹਰ ਹੋ ਜਾਂਦਾ ਸੀ ? ਜੇ ਨਹੀਂ ਤਾਂ ਨੌਵੇਂ ਮਹੱਲੇ ਦੇ ਇਸ ਸ਼ਬਦ ਦੀ ਵਿਆਖਿਆ ਕਿਵੇਂ ਕਰਨੀ ਹੋਵੇਗੀ—

"ਮਾਈ ਮਨੁ ਮੇਰੋ ਬਸਿ ਨਾਹਿ ॥ ਨਿਸਿ ਬਾਸੁਰ ਬਿਖਿਅਨ ਕਉ ਧਾਵਤੁ, ਕਿਹ ਬਿਧਿ ਰੋਕਉ ਤਾਹਿ ॥"

ਇਸ ਵਕਤ ਸਤਿਗੁਰੂ ਜੀ ਪਾਸ ਕਈ ਹੋਰ ਵਿਦਵਾਨ ਸ੍ਰੀ ਚੱਕਰਵਰਤੀ ਜੀ, ਵੇਦ ਸ਼ਾਸਤਰੀ ਤੇਜਾ ਸਿੰਘ ਜੀ ਅਤੇ ਵਹਿਮੀ ਜੀ ਆਦਿ ਬੈਠੇ ਸਨ। ਸਾਰੇ ਬੜੀ ਉਤਸੁਕਤਾ ਨਾਲ ਸਤਿਗੁਰੂ ਜੀ ਵੱਲ ਵੇਖਣ ਲੱਗ ਪਏ ਕਿ ਵੇਖੋ ਕਿਵੇਂ ਦਾ ਸਮਾਧਾਨ ਹੋਂਦਾ ਹੈ। ਸ੍ਰੀ ਹਜ਼ੂਰ ਨੇ ਬੜੇ ਸਹਿਜ ਭਾਅ ਫੁਰਮਾਇਆ— ਆਲਿਮ ਜੀ। ਤੁਸਾਂ ਸ਼ਹਿਰੋਂ ਬਾਹਰ ਫ਼ਰਸ਼ੀ ਕੰਡੇ ਲੱਗੇ ਹੋਏ ਵੇਖੇ ਹੋਣਗੇ... ਜੇਹੜੇ ਲੱਦੇ ਲਦਾਏ ਟਰੱਕ ਗੱਡੀਆਂ ਦਾ ਤੋਲ ਕਰ ਦਿੰਦੇ ਹਨ। ਦੁਕਾਨਦਾਰਾਂ ਦੀ ਤੱਕੜੀ ਨਾਲ ਸਾਡਾ ਰੋਜ਼ ਵਾਹ ਪੈਂਦਾ ਹੈ, ਜੋ ਧੜੀਆਂ ਸੇਰਾਂ ਤੋਂ ਹੇਠ ਪਾਈਆ ਛਟਾਂਕ ਤੱਕ ਦਾ ਵੇਰਵਾਂ ਕਰ ਦੇਂਦੀ ਹੈ। ਇਸ ਤੋਂ ਅੱਗੇ ਸੁਨਾਰ ਦੇ ਕੰਡੇ ਵੱਲ ਧਿਆਨ ਦਿਓ। ਜੇਹੜਾ ਤੋਲਾ, ਮਾਸਾ, ਰੱਤੀ ਨਾਲੋਂ ਵੀ ਘੱਟ ਦਾ ਵੇਰਵਾ ਪ੍ਰਗਟ ਕਰ ਦਿੰਦਾ ਹੈ ਪਰ ਜਦੋਂ ਸੁਨਾਰ ਨੇ ਬਹੁਤ ਬਰੀਕੀ ਵਿਚ ਜਾਣਾ ਹੋਵੇ ਤਾਂ

ਉਹ ਕੰਡੇ ਵਾਲੇ ਡੱਬੇ ਦਾ ਬੂਹਾ ਬੰਦ ਕਰ ਦਿੰਦਾ ਹੈ ਕਿ ਹਵਾ ਭਰ ਵੀ ਕੰਡਾ ਉੱਚਾ ਨੀਵਾ ਨਾ ਹੋ ਜਾਏ।

ਏ. " ਸਾਡੀ ਅਤੇ ਸਤਿਗੁਰੂ ਸਾਹਿਬਾਨ ਦੀ ਸੋਚ ਦਾ ਫ਼ਰਕ ਹੈ। ਅਸੀਂ ਤਾਂ ਮਨ ਬਚਨ ਤੋਂ ਅੱਗੇ ਕਰਮ ਕਰਕੇ ਵੀ ਬੇਪਰਵਾਹ ਹੋਏ ਰਹਿੰਦੇ ਹਾਂ, ਪਰ ਸਤਿਗੁਰੂ ਜੀ ਤਾਂ ਫੁਰਨੇ ਮਾਤਰ ਨੂੰ ਵੀ ਮਹਾਂਦੋਸ਼, ਮੰਨ ਕੇ ਚੱਲਦੇ ਹਨ।

ਅਬ ਫਿਰ ਬਾਤ ਪਿੱਛੇ ਨੂੰ ਗਈ

ਸੌਣ ਦੀ ਸੱਤਵੀਂ ਛੋਟੇ ਸਟੇਸ਼ਨ ਬੰਤੀ ਸਾਂਸੀ ਤੋਂ, ਰੇਲ ਤੇ ਖਲੋਂਦੇ ਤੁਰਦੇ ਅਸੀਂ ਸ਼ਾਮ ਤਕ ਲਾਹੌਰ ਜੰਕਸ਼ਨ 'ਤੇ ਜਾ ਉੱਤਰੇ। ਖਲੋਂਦੇ ਤੁਰਦੇ ਇਸ ਕਰਕੇ ਜੋ ਰੇਲ ਦੇ ਡਰਾਈਵਰ ਤੇ ਗਾਡ ਦੋਵੇਂ ਮੁਸਲਮਾਨ ਸਨ। ਸਾਨੂੰ ਬਾਅਦ ਵਿਚ ਪਤਾ ਲੱਗਾ ਉਹ ਜਾਣ ਬੁੱਝ ਕੇ ਲੇਟ ਕਰਦੇ ਸਨ। ਕਿਤੋਂ ਮੁਸਲਮਾਨ ਲੁਟੇਰੇ ਆ ਜਾਣ ਤਾਂ ਉਹ ਆਰਾਮ ਨਾਲ ਵੱਢ ਟੁੱਕ ਸਿਰੇ ਚਾੜ੍ਹ ਸਕਣ। ਪਰ ਕਿਤੋਂ ਕੋਈ ਟੋਲਾ ਆਇਆ ਹੀ ਨਾ। ਗੱਡੀਓਂ ਉੱਤਰ ਕੇ ਮੈਂ ਤੇ ਭਾਈਆ ਪ੍ਰੀਤਮ ਸਿੰਘ ਜੀ (ਸਾਡੇ ਇਲਾਕੇ ਵੱਲ ਬਹਿਨੋਈ ਨੂੰ ਭਾਈਆ ਆਖਿਆ ਜਾਂਦਾ ਸੀ) ਸਟੇਸ਼ਨੋਂ ਬਾਹਰ ਪਾਣੀ ਲੈਣ ਤੁਰੇ। ਅੱਗੋਂ ਇਕ ਮੁਸਲਮਾਨ ਬਜ਼ੁਰਗ ਮਿਲ ਪਿਆ। ਜਿਸ ਨੇ ਸਾਨੂੰ ਆਖਿਆ ਤੁਸੀਂ ਬਾਹਰੋਂ ਪਾਣੀ ਲੈਣ ਨਾ ਜਾਓ। ਕੋਈ ਤੁਹਾਡਾ ਨੁਕਸਾਨ ਨਾ ਕਰ ਦੇਵੇ। ਆਓ! ਮੈਂ ਤੁਹਾਨੂੰ ਅੰਦਰੋਂ ਪਾਣੀ ਦਾ ਵਸੀਲਾ ਬਣਾ ਦੇਂਦਾ ਹਾਂ। ਫਿਰ ਉਸ ਨੇ ਸਾਨੂੰ ਇਹ ਵੀ ਪੱਕੀ ਕੀਤੀ ਕਿ ਹੁਣ ਜਿਹੜੀ ਗੱਡੀ ਬਠਿੰਡੇ ਨੂੰ ਜਾਣੀ ਹੈ ਉਹਦੇ 'ਤੇ ਜ਼ਰੂਰ ਚੜ੍ਹ ਜਾਇਓ। ਇਸ ਤੋਂ ਬਾਅਦ ਪਤਾ ਨਹੀਂ ਹੋਰ ਕੋਈ ਜਾਏ ਕਿ ਨਾ ਜਾਏ ਜਾਂ ਕਦੋਂ ਜਾਏ। ਬਠਿੰਡੇ ਜਾ ਕੇ ਹਨੂਮਾਨਗੜ੍ਹ ਜਾਣ ਵਾਲੀ ਗੱਡੀ ਨੂੰ ਉਡੀਕਦਿਆਂ ਅਗਲੇ ਦਿਨ ਸਾਨੂੰ ਪਤਾ ਲੱਗਾ ਕਿ ਸਾਡੇ ਤੋਂ ਬਾਅਦ ਵਾਲੀ ਗੱਡੀ ਲਾਹੌਰ ਹੀ ਰੋਕ ਲਈ ਗਈ ਤੇ ਉਸ ਤੇ ਹਮਲਾ ਕਰ ਕੇ ਬੁਰੀ ਤਰ੍ਹਾਂ ਕੱਟ ਵੱਢ ਕੀਤੀ ਗਈ। ਸੁਣ ਕੇ ਅਸਾਂ ਅਕਾਲ ਪੁਰਖ ਦਾ ਧੰਨਵਾਦ ਕੀਤਾ ਜਿਸ ਨੇ ਮੋਮਨ ਫਰਿਸ਼ਤੇ ਰਾਹੀਂ ਸਾਨੂੰ ਸੁਚੇਤ ਕੀਤਾ।

ਏਲਨਾਬਾਦ ਪਹੁੰਚ ਕੇ ਥਾਣਾ ਰੋਡ 'ਤੇ ਪਹਿਲੋਂ ਹੀ ਕਿਰਾਏ 'ਤੇ ਲਏ ਮਕਾਨ ਸਾਂਹਵੇਂ ਸਾਮਾਨ ਟਿਕਾ ਦਿੱਤਾ। ਮਕਾਨ ਮਾਲਕ ਬਾਣੀਆਂ ਵੇਖ ਕੇ ਚੌੜਾ ਹੋ ਗਿਆ ਕਿ ਦੋ ਮਹੀਨੇ ਦਾ ਕਿਰਾਇਆ ਅਗਾਊਂ ਹੋਰ ਦਿਓ। ਭਾਵੇਂ ਦੋ ਮਹੀਨੇ ਦਾ ਪਹਿਲਾਂ ਵੀ ਲੈ ਚੁੱਕਾ ਸੀ। ਬਾਪੂ ਜੀ ਨੇ ਬਹੁਤ ਸਮਝਾਇਆ ਕਿ ਅਸਾਂ ਦਿੱਤੇ ਕਿਰਾਏ ਤੋਂ ਵਾਧੂ ਚਿਰ ਏਥੇ ਰਹਿਣਾ ਹੀ ਨਹੀਂ ਹੋਰ ਕਿਉਂ ਦੇਈਏ। ਉਹ ਸਾਮਾਨ ਵੇਖ ਕੇ ਸੋਚੇ ਅੱਜ ਤੇ ਹੋਰ ਕੁਝ ਨਾ ਕੁਝ ਦੇ ਦੇਣਗੇ। ਫੇਰ ਭਾਵੇਂ ਜਾਣ ਤੇ ਭਾਣੇ ਰਹਿਣ। ਬਾਣੀਆਂ ਗੱਲਾਂ ਕਰਦਾ ਕਦੀ ਨੇੜੇ ਆ ਜਾਇ ਕਦੇ ਦੂਰ ਚਲਾ ਜਾਇ। ਨੇੜੇ ਆਏ ਦਾ ਬਾਪੂ ਜੀ ਨੇ ਗੁੱਟ ਮਰੋੜ ਕੇ ਪਿੱਛੇ ਲਾਇਆ ਤਾਂ ਉਹਨੇ ਝੱਟ ਜੇਬੋਂ ਕੱਢ ਕੇ ਚਾਬੀ ਦੇ ਦਿੱਤੀ ਅਤੇ ਉਘਰੇ ਹੋਏ ਮੁੱਕੇ ਤੋਂ ਬਚਾ ਕਰ ਗਿਆ।

ਚਾਰ ਪੰਜ ਦਿਨਾਂ ਬਾਅਦ ਫੁੱਫੜ ਕਰਤਾਰ ਸਿੰਘ ਜੀ (ਮਾ. ਅਮਰੀਕ ਸਿੰਘ ਦੇ ਪਿਤਾ ਜੀ) ਏਹ ਕਹਿੰਦੇ ਹੋਏ ਵਾਪਸ ਮੁੜ ਗਏ 'ਅਸੀਂ ਏਸ ਇਲਾਕੇ ਵਿਚ ਨਹੀਂ ਰਹਿ ਸਕਦੇ, ਨਾਲੇ ਪਿਛਲੇ ਜੀਆਂ ਬਿਨਾ ਮੈਂ ਇਕੱਲੇ ਏਥੇ ਕੀ ਕਰਨਾ ਹੈ। 'ਬਾਪੂ ਜੀ ਨੇ ਬਹੁਤ ਬੇਨਤੀ ਕੀਤੀ ਕਿ ਪਿਛਲੇ ਜੀ ਵੀ ਲੋਕਾਂ ਨਾਲ ਆ ਹੀ ਜਾਣਗੇ, ਪਰ ਓਹ ਚਲੇ ਗਏ। ਡੇਢ ਦੋ ਮਹੀਨੇ ਬਾਅਦ ਜਦੋਂ ਆਏ ਤਾਂ ਦੱਸਿਓ ਨੇ ਕਾਮੋਕੀ ਦੇ ਸਟੇਸ਼ਨ ਤੋਂ ਰੇਲ ਤੋਂ ਉੱਤਰ ਕੇ ਪੈਦਲ ਤੁਰ ਪਿਆ। ਅੱਠ ਕੋਹ ਦਾ ਪੈਂਡਾ ਲੁੱਕਦਿਆਂ ਛਿਪਦਿਆਂ ਕਿਵੇਂ ਪਿੰਡ ਪੁੱਜਿਆ, ਇਹ ਮੈਂ ਹੀ ਜਾਣਦਾ ਹਾਂ।

ਪਿੰਡ ਸ਼ੇਖੂਪੁਰਾ ਜ਼ਿਲ੍ਹਾ ਗੁਜਰਾਂਵਾਲਾ ਵਿਚ ਸੇਠਾਂ ਵੱਲੋਂ ਕਰਵਾਏ ਪਾਕਿਸਤਾਨ ਵਿਚ ਆਖਰੀ ਹੋਲੇ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ 'ਜ਼ਿੰਦਗੀ ਵਿਚ ਸਿਰਫ਼ ਇਕ ਵਾਰ ਖੜੇ ਕੇ' ਸੰਗਤ ਨੂੰ ਬੇਨਤੀ ਕੀਤੀ— ਸੰਗਤ ਗੁਰੂ ਕੋਏ। ਕੋਈ ਫੇਰ ਨਾ ਆਖੇ ਮੈਨੂੰ ਪਤਾ ਨਹੀਂ ਲੱਗਾ... ਮਹੀਨੇ ਦੋ ਮਹੀਨੇ ਦੇ ਵਿਚ ਵਿਚ ਬਿਆਸ ਤੋਂ ਪਾਰ ਹੋ ਜਾਓ। ਨਹੀਂ ਤੇ ਰਾਵੀਓਂ ਏਧਰ ਕੋਈ ਨਾ ਰਹਵੇ। ਏਧਰ ਸੰਝਰ ਸੂਹੀ ਵਿਰੋਗੀ। ਆਹ ਲੈ ਹੋ ਜਾਣੀ ਏ। ਹੱਥਾਂ ਦੀਆਂ ਹੱਥ ਰਹਿ ਜਾਣੀਆਂ ਨੇ...ਮਾਵਾਂ ਤੋਂ ਸਜਾਏ ਪੁੱਤ ਨਹੀਂ ਚੁੱਕੇ ਜਾਣੇ। ਜੇਹੜਾ ਨੱਸ ਗਿਆ ਉਹ ਖਲੋ ਕੇ ਪਿਛਲੇ ਨੂੰ ਰਲਾ ਨਹੀਂ ਸਕੇਗਾ। ਜਿਹੜਾ ਬੇਨਤੀ ਮੰਨ ਲਏਗਾ, ਸੌਖਾ ਰਹੇਗਾ। ਜਿਹੜਾ ਨਾ ਮੰਨੇਗਾ ਉਹਦੀ ਉਹ ਜਾਣੇ ਮੈਂ ਅਰਜ਼ ਕਰਨੀ ਸੀ ਕਰ ਦਿੱਤੀ ਏ।

ਹੋਲੇ ਦਾ ਭੋਗ ਪੈਣ ਬਾਅਦ ਮੈਂ ਤੇ ਮਾਮਾ ਸਰਧਾ ਸਿੰਘ ਜੀ, ਗਿੱਲਾਂ ਦੇ ਬਲਵੀਰ ਸਿੰਘ ਕਪੂਰ ਸਿੰਘ ਚਾਰੇ ਜਣੇ ਕਰਪਾਨਾਂ ਕੁਹਾੜੀਆਂ ਨਾਲ ਹਥਿਆਰਬੰਦ ਪੈਦਲ ਪਿੰਡ ਨੂੰ ਤੁਰ ਪਏ। ਕਾਮੋਕਿਆਂ ਤੋਂ ਰੋੜੀ ਸਾਹਿਬ ਨੂੰ ਜਾਂਦਿਆਂ ਮੁਸਲਮਾਨਾਂ ਦੇ ਇਕ ਖੂਹ ਤੋਂ ਪਾਣੀ ਪੀਣ ਲਈ ਰੁਕ ਗਏ। ਉਹ ਪੰਜ ਸੱਤ ਆਦਮੀ ਸਾਡੇ ਗਲ ਪੈਣ ਦੀਆਂ ਸਲਾਹੀਂ ਕਰਦੇ ਜਾਪਣ। ਪਰ ਸਾਡੇ ਹਥਿਆਰਾਂ ਤੋਂ ਡਰਦੇ ਸਾਡੇ ਨੇੜੇ ਨਾ ਆਏ।

ਇਕੋ ਦਿਨ ਏਲਨਾਬਾਦ ਰਹਿ ਕੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਿ ਪਰਿਵਾਰ ਅਜੇ ਨੋਹਰ ਹੀ ਰੱਖਣੇ ਠੀਕ ਰਹਿਣਗੇ, ਨੋਹਰ ਜਾ ਕੇ ਮਕਾਨ ਕਿਰਾਏ ਤੇ ਲੈ ਲਿਆ। ਬਲੀ ਸਿੰਘ ਭਾਈਆ ਪ੍ਰੀਤਮ ਸਿੰਘ ਜੀ ਬਾਪੂ ਜੀ ਨਾਲ ਚੁਚਾਲ ਕੱਠੀ

ਸੰਗਤ ਵਿਚ ਰਹਿ ਗਏ, ਪਰ ਮੈਨੂੰ ਪਰਿਵਾਰ ਨਾਲ ਨੌਹਰ ਪ੍ਰਵਾਸ ਕਰਨਾ ਪਿਆ।

ਨੌਹਰ ਏਹਨਾਂ ਦਿਨਾਂ ਵਿਚ ਕਾਫ਼ੀ ਸੰਗਤ ਇਕੱਠੀ ਹੋ ਗਈ। ਬਹੁਤਿਆਂ ਦਾ ਡੇਰਾ ਗੁਰਦੁਆਰੇ ਵਿਚ ਸੀ ਜਿਥੇ ਇਕ ਸਾਂਝਾ ਲੰਗਰ ਚਲਦਾ ਸੀ। ਕਈ ਆਪੋ ਆਪਣਾ ਵੀ ਚਲਾ ਰਹੇ ਸਨ। ਜਿਹੜੇ ਖਰਚ ਕਰ ਸਕਦੇ ਸਨ ਉਹ ਕਿਰਾਏ ਦੇ ਮਕਾਨਾਂ ਵਿਚ ਰਹਿੰਦੇ ਸਨ। ਗੁਰਦੁਆਰੇ ਸਵੇਰੇ ਆਸਾ ਦੀ ਵਾਰ ਦੁਪਿਹਰ ਬਾਅਦ ਨਿਤਨੇਮ ਫਿਰ ਕੀਰਤਨ ਹੁੰਦਾ। ਸੰਗਤ ਵਧ ਜਾਣ ਕਰਕੇ ਗੈਰ ਸਮਾਜੀ ਤੱਤ ਵੀ ਸ਼ਾਮਿਲ ਹੋ ਗਏ। ਕਈ ਚੋਰੀਆਂ ਕਰਦੇ ਵੀ ਸੁਣੇ। ਇਕ ਦਿਨ ਕੁਝ ਮੁੰਡਿਆਂ ਦਾ ਬਾਜ਼ਾਰ ਵਿਚ ਦੁਕਾਨਦਾਰਾਂ ਨਾਲ ਕਿਸੇ ਗੱਲੋਂ ਤਕਰਾਰ ਹੋ ਗਿਆ। ਸਿੱਖ ਮੁੰਡਿਆਂ ਕਹਿ ਦਿੱਤਾ— ਦਸਵੇਂ ਪਾਤਸ਼ਾਹ ਵੱਲੋਂ ਸਿੰਘਾਂ ਨੂੰ ਨੌਹਰ ਲੁੱਟਣ ਦਾ ਹੁਕਮ ਹੈ। ਜੇ ਸਿੱਧੀ ਹੱਥੀਂ ਸੂਤ ਨਾ ਆਓਗੇ ਅਸੀਂ ਸਾਰਾ ਸ਼ਹਿਰ ਲੁੱਟ ਲੈਣਾ ਏ। ਬੱਸ ਫਿਰ ਕੀ ਸੀ ਸ਼ਹਿਰੀਆਂ ਕੱਠਿਆਂ ਹੋ ਕੇ ਤਸੀਲਦਾਰ ਕੋਲ (ਜੋ ਉਦੋਂ ਸ਼ਹਿਰ ਵਿਚ ਵੱਡਾ ਅਫਸਰ ਸੀ) ਜਾ ਕੇ ਬੜਾ ਰੌਲਾ ਪਾਇਆ। ਕਈ ਹੋਰ ਝੂਠੀਆਂ ਸੱਚੀਆਂ ਲਾ ਕੇ ਏਹ ਬੜੇ ਜ਼ੋਰ ਨਾਲ ਆਖਿਆ ਕਿ ਸਿੱਖ ਅੱਜ ਭਲਕੇ ਨੌਹਰ ਨੂੰ ਲੁੱਟਣ ਹੀ ਵਾਲੇ ਹਨ। ਇਹ ਸ਼ਾਮ ਵੇਲੇ ਦਾ ਵਾਕਿਆ ਹੈ ਰਾਤੋ-ਰਾਤ ਬੀਕਾਨੇਰੋਂ ਰਾਜੇ ਵੱਲੋਂ ਹੁਕਮ ਆਇਆ ਤੇ ਕੁਝ ਮਿਲਟਰੀ ਵੀ ਆ ਗਈ ਕਿ ਸਿੱਖਾਂ ਨੂੰ ਅੱਜ ਹੀ ਹੁਣੇ ਹੀ ਸ਼ਹਿਰੋਂ ਬਾਹਰ ਕਰ ਦਿੱਤਾ ਜਾਏ। ਲੋੜ ਪਈ ਤੇ ਗੋਲੀ ਦੀ ਵਰਤੋਂ ਵੀ ਕਰ ਲਈ ਜਾਏ।

ਸ. ਤੇਜਾ ਸਿੰਘ ਜੀ ਚੰਦੋਵਾਲੀਏ ਰਿਟਾਇਰਡ ਇਕਮ ਟੈਕਸ ਅਫਸਰ ਬੰਬਈ. ਕੁਦਰਤੀ ਉਸ ਦਿਨ ਨੌਹਰ ਹੀ ਸਨ। ਦਾੜ੍ਹਾ ਬੰਨ੍ਹ ਕੇ ਟੇਢੀ ਦਸਤਾਰ ਸਜਾ, ਕੋਟ-ਪੈਂਟ ਪਾ ਸਰਕਾਰੋਂ ਨੇਕਨਾਮੀ ਦੇ ਮਿਲੇ ਹੋਏ ਤਗਮੇ ਸਜਾ ਕੇ ਤਿਆਰ ਹੋ ਗਏ। ਆਪਣੇ ਨਾਲ ਕੁਝ ਵਡੇਰੇ ਨਾਮਧਾਰੀਆਂ ਨੂੰ ਮਾਲਾ ਫੜਾ ਕੇ ਤਸੀਲਦਾਰ ਕੋਲ ਚਲੇ ਗਏ। ਉਥੇ ਮਿਲਟਰੀ ਅਫ਼ਸਰ ਅਤੇ ਥਾਣੇਦਾਰ ਵੀ ਬੈਠੇ ਸਨ। ਪਤਾ ਲੱਗਣ 'ਤੇ ਸ਼ਹਿਰ ਦੇ ਲੋਕ ਵੀ ਕੱਠੇ ਹੋ ਕੇ ਪਹੁੰਚ ਗਏ। ਬਹੁਤ ਰੌਲਾ ਪਿਆ। ਅਖ਼ੀਰ ਨੂੰ ਮਿਲਟਰੀ ਅਫਸਰ ਅਤੇ ਸਰਦਾਰ ਜੀ ਦੀ ਆਪਸ ਵਿਚ ਅੰਗ੍ਰੇਜ਼ੀ ਵਿਚ ਗੱਲ ਹੋਈ। ਬਾਕੀ ਸਾਰੇ ਚੁੱਪ ਹੋ ਗਏ। ਗੱਲ ਇਹ ਤੈ ਹੋਈ ਕਿ ਅੱਜ ਸਾਰੇ ਲੋਕ ਸਾਮਾਨ ਬੰਨ੍ਹ ਲੈਣ, ਕੱਲ੍ਹ ਸੂਰਜ ਚੜ੍ਹੇ ਦੋ ਰੇਲਾਂ ਸਟੇਸ਼ਨ 'ਤੇ ਆ ਖਲੋਣਗੀਆਂ। ਦੁਪਹਿਰਾਂ ਤੱਕ ਗੁਰਦੁਆਰੀਏ ਤੋਂ ਬਿਨਾਂ ਸਾਰੇ ਸਿੱਖ ਸ਼ਹਿਰ ਬਦਰ ਹੋ ਜਾਣਗੇ। ਨੌਹਰ ਵਿਚ ਵੱਸਦੇ ਕੂਕਿਆਂ ਲਈ ਇਕ ਵਾਰ ਫੇਰ ਭਾਣਾ ਵਰਤ ਗਿਆ। ਪਰ ਇਹ ਭਾਣਾ ਤਾਂ ਖੁਦ ਕਾਸ਼ਤਾ ਸੀ। ਚੰਗੇ ਭਲੇ ਬੈਠੇ ਹੋਇਆਂ ਨੇ, ਕੁਝ ਮੂਰਖਾਂ ਦੀ ਮਿਹਰਬਾਨੀ ਨਾਲ ਭਾਣਾ ਪੱਲੇ ਪਾ ਲਿਆ। ਸਟੇਸ਼ਨ ਸ਼ਹਿਰੋਂ ਮੀਲ ਭਰ ਦੁਰਾਡਾ ਸੀ। ਨਾ ਕੋਈ ਰਿਕਸ਼ਾ ਨਾ ਰੇਹੜਾ। ਹਰ ਇਕ ਨੇ ਆਪੋ ਆਪਣਾ ਸਾਮਾਨ ਸਿਰ 'ਤੇ ਚੁੱਕਿਆ ਹੋਇਆ ਸੀ। ਮੇਰੇ ਵਰਗੇ ਕਈਆਂ ਨੂੰ ਕਈ ਕਈ ਫੇਰੇ ਲਾਣੇ ਪਏ। ਇਕ ਨੇ ਮੈਨੂੰ ਪੁੱਛਿਆ, ਹੁਣ ਕੀ ਲਈ ਜਾਨਾਂ ਏਂ ? ਮੈਂ ਆਖਿਆ ਮਿੱਤਰਾਂ ਦੀ ਜ਼ਬਾਨ ਦਾ ਰਸ ਚੁੱਕੀ ਜਾ ਰਿਹਾਂ। ਅੰਮ੍ਰਿਤ ਵੇਲੇ ਤੋਂ ਦੁਪਹਿਰਾਂ ਤੱਕ, ਦੋਵੇਂ ਗੱਡੀਆਂ ਫੁੱਲ ਹੋ ਕੇ ਚੱਲ ਪਈਆਂ।

ਇਹ ਸਾਰੀ ਖ਼ਬਰ ਚੁਚਾਲ ਵੀ ਪੁੱਜ ਚੁੱਕੀ ਸੀ। ਏਲਨਾਬਾਦ ਸਟੇਸ਼ਨ ਤੇ ਸਾਰਿਆ ਦੇ ਵਾਰਸ ਪਹੁੰਚੇ ਹੋਏ ਸਨ। ਪਾਕਿਸਤਾਨੋਂ ਔਣ ਵਾਂਗ ਇਕ ਵਾਰ ਫਿਰ ਥਾਣਾ ਰੋੜ ਤੇ ਉਸੇ ਮਕਾਨ ਵਿਚ ਜਿਸ ਦੀ ਚਾਬੀ ਅਜੇ ਬਾਪੂ ਜੀ ਕੋਲ ਸੀ ਰਾਤ ਰਹਿਣਾ ਪੈ ਗਿਆ। ਮੱਛਰ ਆਖੇ ਅੱਜ ਤੁਸੀਂ ਮਸਾਂ ਕਾਬੂ ਆਏ ਓ! ਪਿਛਲਾ ਖਾਧਾ ਪੀਤਾ ਸਾਰਾ ਈ ਟੈਸਟ ਕਰ ਲੈਣਾ ਏ। ਏਹ ਬੜਾ ਕਾਮਲ ਡਾਕਟਰ ਹੈ। ਰਿਪੋਰਟ ਜਿਸਮ ਤੇ ਛਾਪ ਕੇ ਫਿਰ ਕੰਨਾਂ ਵਿਚ ਸੁਣਾ ਵੀ ਜਾਂਦਾ ਹੈ।

ਦੂਸਰੇ ਦਿਨ ਸੰਗਤਾਂ, ਜਦੋਂ ਚੁਚਾਲ ਜਾਣ ਵਾਸਤੇ, ਏਲਨਾਬਾਦੋਂ ਚੱਲੀਆਂ ਤਾਂ ਨਹਿਰ ਘੱਗਰ ਜਨੂਬੀ ਦੇ ਕੰਢੇ ਜਾ ਕੇ ਵੇਖਿਆ—ਪੁਰਾਣੀ ਸਰਸੂਤੀ ਨਦੀ, ਅੱਜ ਦੀ ਘੱਗਰ ਨਦੀ, ਪੂਰੇ ਜੋਬਨ ਤੇ ਆਈ ਠਾਠਾਂ ਮਾਰਦੀ ਸੀ। ਡੂੰਘਾ ਵਹਿਣ ਜਿਦ੍ਹੇ ਦੋਵੀਂ ਪਾਸੀਂ ਦਰੱਖਤਾਂ ਨਾਲ ਮੋਟਾ ਰੱਸਾ ਬੰਨਿਆ ਹੋਇਆ ਸੀ—ਡੇਢ ਸੌ ਫੁੱਟ ਕੁ ਹੀ ਚੌੜਾ ਸੀ। ਪਰ ਉਸ ਦੇ ਦੋਵੀਂ ਪਾਸੀਂ ਤਿੰਨ ਚਾਰ ਮੀਲ ਤੱਕ ਗਲ ਗਲ ਤੱਕ ਪਾਣੀ ਸੀ। ਗੂੜੇ ਗਹਿਰੇ ਪੌਣੀ ਵਿਚ ਅੰਦਾਜ਼ੇ ਨਾਲ ਹੀ ਚੱਲਿਆ ਜਾ ਸਕਦਾ ਸੀ। ਰਸਤਾ ਨਾ ਦਿਸਣ ਕਰਕੇ ਜੇ ਕਿਸੇ ਡੂੰਘ ਥਾਂ ਜਾ ਪੈਣਾ ਤਾਂ ਗੋਤੇ ਵੀ ਲੱਗ ਜਾਣੇ। ਸਾਮਾਨ ਏਲਨਾਬਾਦ ਛੱਡ ਕੇ ਭੁੱਖੇ ਭਾਣੇ ਸਵੇਰੇ ਦੇ ਚੱਲੇ ਹੋਏ ਸ਼ਾਮ ਤੱਕ ਮਸੀਂ ਚੁਚਾਲ ਪੁੱਜਿਆ ਗਿਆ। ਅੱਗੇ ਪਾਕਿਸਤਾਨੋਂ ਆਈਆਂ ਸੰਗਤਾਂ ਦਾ ਏਡਾ ਇਕੱਠ... ਸਜਣ ਸਬੰਧੀ ਰਿਸ਼ਤੇਦਾਰ ਵੇਖ ਕੇ ਪਤਾ ਲੱਗਾ ਠੀਕ ਹੀ ਵਤਨ ਵੰਡਿਆ ਗਿਆ ਹੈ। ਸਗੋਂ ਇਤਿਹਾਸੋਂ ਬਾਹਰੀ ਗੱਲ ਏਹ ਬਣ ਗਈ ਹੈ ਕਿ ਰਾਜੇ ਤਾਂ ਚੁਪਚਾਪ ਬਿਨਾ ਲੜਿਆਂ ਆਪਣੇ ਮਹਿਲਾਂ ਜਾ ਕੁਰਸੀਆਂ ਤੇ ਬੈਠੇ ਹੋਏ ਨੇ, ਪਰ ਜਨਤਾ ਵਿਚਾਰੀ ਜਾਨਾਂ ਜਾਇਦਾਦਾਂ ਅਤੇ ਇੱਜ਼ਤਾਂ ਗੁਆ ਕੇ ਦਰ ਦਰ ਧੱਕੇ ਖਾਂਦੀ ਫਿਰਦੀ ਪਈ ਹੈ।

ਅਗਲੇ ਦੋ ਚਾਰ ਦਿਨਾਂ ਵਿਚ , ਨੌਹਰੋਂ ਆਇਆਂ ਦਾ— ਮੁਸਲਮਾਨਾਂ ਵੱਲੋਂ ਵੇਹਲੇ ਕੀਤੇ ਪਿੰਡਾਂ ਜਗਮਲੇਰਾ, ਕਰੀਵਾਲਾ, ਅਮਰਾਸਰ, ਮਿਰਜ਼ਾਪੁਰ, ਨਕੌੜਾ ਰਾਈਆਂ

ਵਗੈਰਾ ਵਿਚ ਡੇਰਾ ਲਵਾ ਦਿੱਤਾ ਗਿਆ। ਅਸੀਂ ਵੀ ਜਗਮਲੇਰੇ ਦੀ ਇਕ ਵੱਡੀ ਹਵੇਲੀ ਦੀ ਇਕ ਨੁਕੱਰ ਬਣੇ ਲੰਮ ਸਲੰਮੇ ਕੱਚੇ ਕੋਠੇ ਵਿਚ ਜਾ ਮੋਰਚਾ ਗੱਡਿਆ। ਵਹਿਮੀ ਜੀ ਭਾਵੇਂ ਸਤਿਗੁਰੂ ਜੀ ਦੇ ਅੱਤ ਨੇੜਲੇ ਤਿੰਨ ਚਾਰ ਮੁਖਤਿਆਰਾਂ ਵਿਚੋਂ ਸਨ, ਪਰ ਵਹਿਮੀ ਜੀ ਵਿਚ ਕੁਝ ਗੁਣ-ਅਵਗੁਣ ਐਹੋ ਜਿਹੇ ਸਨ ਜੋ ਮੁਖਤਿਆਰ (ਸ਼ਬਦ) ਨੂੰ ਵਾਰਾ ਨਹੀਂ ਸਨ ਖਾਂਦੇ। ਏਥੇ ਆਪਣੀ ਇਸ ਗੱਲ ਨੂੰ ਇਕ ਮਿਸਾਲ ਦੇ ਕੇ ਸਮਝਾਣ ਦਾ ਜਤਨ ਕਰਦਾ ਹਾਂ—

ਇਕ ਡੂੰਘੀ ਰਾਤ ਗਈ, ਵਹਿਮੀ ਜੀ ਅਤੇ ਭਾਈ ਘਸੀਟਾ ਸਿੰਘ ਜੀ ਦੋ ਆਮ੍ਹੋ ਸਾਹਵੇਂ ਮੰਜਿਆਂ 'ਤੇ ਬੈਠੇ ਗੱਲਾਂ ਕਰਨ ਲੱਗ ਪਏ। ਤੀਸਰੇ ਮੰਜੇ 'ਤੇ ਮੈਂ ਪਿਆ ਸਾਂ। ਉਨ੍ਹਾਂ ਜਾਣਿਆਂ ਸੁੱਤਾ ਪਿਆ ਹਾਂ। ਏਹ ਚੁਚਾਲ, ਪਟਵਾਰੀਆਂ ਵਾਲੇ ਚੁਬਾਰੇ ਦੀ ਗੱਲ ਹੈ। ਜਿਦ੍ਹੇ ਵਿਚ ਨਿੱਜੀ ਪਟਵਾਰੀਆਂ ਤੋਂ ਬਿਨਾ ਏਹ ਆਗੂ ਹੀ ਜਾ ਸਕਦੇ ਸਨ। ਵਹਿਮੀ ਜੀ ਨੇ ਕਿਹਾ ਭਾਈ ਜੀ! ਦੋਸਤੀ ਦਾ ਸਭ ਤੋਂ ਵੱਡਾ ਨੁਕਤਾ ਵਿਸ਼ਵਾਸ ਹੈ। ਜੇ ਸੱਜਣ ਤੇ ਭਰੋਸਾ ਨਹੀਂ ਤਾਂ ਦੋਸਤੀ ਕੇਹੀ। ਭਾਈ ਜੀ ਨੇ ਕਿਹਾ ਭਾਈ ਤਰਨ ਸਿੰਘ ਜੀ। ਮੈਂ ਆਪਣੀ ਕਮੀ ਤੁਹਾਨੂੰ ਪਹਿਲਾਂ ਹੀ ਦੱਸ ਦੇਂਦਾ ਹਾਂ। ਮੈਂ ਆਪਣੇ ਦਿਲ ਦੀ ਗੱਲ ਛੇਤੀ ਕੀਤਿਆਂ ਕਿਸੇ ਨੂੰ ਨਹੀਂ ਦੱਸਦਾ ਪਰ ਲੱਗੇ ਚਾਰੇ ਤੁਹਾਡੇ ਤੋਂ ਨਹੀਂ ਲੁਕਾਵਾਂਗਾ। ਉਂਜ ਤੁਹਾਡੇ ਤੋਂ ਮੈਨੂੰ ਹਮੇਸ਼ਾ ਇਸ ਗੱਲੋਂ ਡਰ ਲੱਗਾ ਰਹਿੰਦਾ ਹੈ ਕਿ ਮੇਰੀ ਕੋਈ ਕਮੀ ਸ਼ਰੇਆਮ ਮੇਰੇ ਮੂੰਹ ਤੇ ਨਾ ਮਾਰ ਦੇਣ। ਕਿਉਂਕਿ ਵੱਡੀ ਮੁਖਤਿਆਰੀ ਕਰਕੇ ਮੈਨੂੰ ਕਈ ਤਰ੍ਹਾਂ ਦੇ ਕੰਮ ਜਾਂ ਗੱਲਾਂ ਕਰਨੀਆਂ ਪੈ ਜਾਂਦੀਆਂ ਹਨ। ਵਹਿਮੀ ਜੀ ਨੇ ਕਿਹਾ ਮੇਰੇ ਵੱਲੋਂ ਪੱਕਾ ਬਚਨ ਸਮਝੋ, ਜਦੋਂ ਕੋਈ ਗੱਲ ਸਾਮ੍ਹਣੇ ਆਈ ਨੋਟ ਕਰ ਲਿਆ ਕਰਾਂਗਾ ਜਾਂ ਓਸੇ ਵੇਲੇ ਪਾਸੇ ਲੈ ਜਾਇਆ ਕਰਾਂਗਾ।

ਗੱਲਾਂ ਹੋਰ ਵੀ ਹੋਈਆਂ ਅਜੇ ਏਨੀਆਂ ਹੀ। ਅੱਜ ਬਾਪੂ ਜੀ ਦੇ ਜੀਵਨ ਤੇ ਮੈਂ ਪਿੱਛਲ ਝਾਤ ਮਾਰਦਾ ਹਾਂ ਤਾਂ ਉਨ੍ਹਾਂ ਦਾ ਇਸ ਤਰ੍ਹਾਂ ਦਾ ਬਿੰਬ ਮੇਰੇ ਸੋਂਹੇਂ ਖਲੋਂਣਾ ਹੈ। ਸ੍ਰੀ ਵਹਿਮੀ ਜੀ ਮੁੱਢਲੇ ਤੌਰ 'ਤੇ ਇਤਿਹਾਸ ਖੋਜੀ ਲੇਖਕ ਸਨ, ਜਿਸ ਦਾ ਸਬੂਤ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਦੀ ਲਿਸਟ ਤੋਂ ਲੱਗ ਜਾਂਦਾ ਹੈ। ਪਰ ਨਿੱਜੀ ਜੀਵਨ ਵਿਚ ਔਕੜਾਂ ਸਾਹਵੇਂ ਦਲੇਰ, ਸੱਜਣਾਂ ਨਾਲ ਉਦਾਰ, ਮਾੜਿਆਂ ਲਈ ਹਮਦਰਦ, ਛੋਟਿਆਂ ਲਈ ਵਧੀਆ ਰਹਿਨੁਮਾ, ਬੇਵਿਹਾਰਿਆਂ ਲਈ ਬੇਫਿਕਰ, ਓੜਕਾਂ ਦੇ ਉਤਸ਼ਾਹੀ, ਹਰ ਵੇਲੇ ਖੁਸ਼ ਰਹਿਣਾ, ਤਿੰਨ ਪਤਨੀਆਂ ਦੇ ਬੱਚਿਆਂ ਨੂੰ ਇੱਕੋ ਜਿਹਾ ਜਾਨਣ ਵਾਲੇ, ਸਫ਼ਲ ਗ੍ਰਿਸਤੀ ਸੰਤ ਸਨ। ਸਖ਼ੀ ਕਿ ਉਪਰਲੇ ਕਪੜੇ ਤੱਕ ਵੰਡ ਦੇਣ ਵਾਲੇ, ਥੋੜ੍ਹੇ ਪੜ੍ਹੇ, ਬਹੁਤ ਗੁੜ੍ਹੇ, ਪੇਂਡੂ ਜਿਮੀਂਦਾਰ ਹੋਂਦਿਆਂ ਵਹਿਮ ਦੀ ਹੱਦ ਤੱਕ ਪੁੱਜੀ ਲਗਨ, ਅਤੇ ਮਿਹਨਤ ਸਦਕਾ ਨਾਮਧਾਰੀਆਂ ਦੇ ਸਭ ਤੋਂ ਵੱਡੇ ਲਿਖਾਰੀ, ਕੂਕਿਆਂ ਦੇ ਕੌਮੀ ਕਵੀ ਤੇ ਸਿਰੜੀ ਸਾਹਿਤਕਾਰ ਹੋਣ ਦਾ ਮਾਨ ਪ੍ਰਾਪਤ ਕਰ ਗਏ। ਵਹਿਮੀ ਜੀ ਦੇ ਦੋ ਗੁਣ ਸਨ 'ਅਝੁੱਕ' ਅਤੇ 'ਅਝੱਕ'- ਜਿਹੜੇ ਕਈ ਵਾਰ, ਅਵਗੁਣ ਵੀ ਬਣ ਜਾਂਦੇ, ਪਰ ਨਿਭੇ- ਜ਼ਿੰਦਗੀ ਦੇ ਨਾਲ ਹੀ। ਉਨ੍ਹਾਂ ਦਾ ਕਲਮੀ ਵਿਰਸਾ-ਉਲਾਦ ਵਿਚ ਤਾਂ ਨਹੀਂ, ਪਰ ਭਾਣਜੇ 'ਅਮਰੀਕ ਸਿੰਘ ਮਾਸਟਰ ਵਿਚ ਜ਼ਰੂਰ ਕੁਝ ਕੁ ਪ੍ਰਸਫੁਟ ਹੋ ਪਿਆ ਹੈ ਅਤੇ ਉਨ੍ਹਾਂ ਦਾ ਲਾਇਆ ਕਲਮੀ ਪੌਦਾ, 'ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਰੂਪ ਵਿਚ ਵੀ ਚੰਗੀਆਂ ਪ੍ਰਾਂਭਲਾ ਮਾਰਦਾ ਪਿਆ ਹੈ। ਸ਼ਾਲਾ! ਏਵੇਂ ਹੀ ਚੜ੍ਹਦੀਆਂ ਕਲਾਂ ਵਿਚ ਵਿਚਰਦਾ ਰਹੇ!!

ਅ.ਣਹੂੰ

ਵੀ. ਪੀ. ਓ. ਬੁਢੀ ਮੇੜੀ,
ਜ਼ਿਲਾ ਸਿਰਸਾ— ੧੨੫੧੦੨
ਹਰਿਆਣਾ

ਓ ਰੱਬਾ

—ਇੰਦਰਜੀਤ ਹਸਨਪੁਰੀ

ਓ ਰੱਬਾ! ਇਹ ਤੂੰ ਕੀ ਸੰਸਾਰ ਬਣਾਇਆ।
ਬਿੱਲੀਆਂ ਦਾ ਇਨਸਾਫ਼ ਏ ਏਥੇ ਮੁਨਸਿਫ਼ ਬਾਂਦਰ ਕਰਦਾ
ਸੱਚ ਦੀ ਕਿਸ਼ਤੀ ਡੁਬਦੀ ਜਾਂਦੀ ਝੂਠ ਦਾ ਪ੍ਰਬਤ ਤਰਦਾ।
ਤੇਰੀ ਦੁਨੀਆਂ ਵਿੱਚ ਜ਼ੋਰਾਵਰ ਖਾਵੇ ਹੱਕ ਪਰਾਇਆ।
ਓ ਰੱਬਾ! ਇਹ ਤੂੰ ....

ਦੁਖੀਆਂ ਦੀ ਗੱਲ ਸੁਣ ਕੇ ਕਿਉਂ ਤੂੰ ਨਹੀਂ ਹੁੰਗਾਰਾ ਭਰਦਾ
ਇਉਂ ਲਗਦਾ ਏ ਪੈਸੇ ਵਾਲੇ ਕੋਲੋਂ ਤੂੰ ਵੀ ਡਰਦਾ
ਬੰਦੇ ਬੰਦੇ ਦੇ ਵਿੱਚ ਏਨਾ ਫਰਕ ਤੂੰ ਕਾਹਤੋਂ ਪਾਇਆ
ਓ ਰੱਬਾ! ਇਹ ਤੂੰ ....

ਸੁਣ ਕੇ ਤੂੰ ਫਰਿਆਦ ਵੀ ਸਾਡੀ ਰਹਿਨਾ ਚੁੱਪ-ਚਪੀਤਾ
ਬਾਬੇ ਨਾਨਕ ਨੇ ਵੀ ਤੇਰੇ ਉਤੇ ਗਿਲਾ ਸੀ ਕੀਤਾ
'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ'
ਓ ਰੱਬਾ! ਇਹ ਤੂੰ ....

ਲਾ-ਮਿਸਾਲ ਹੈ ਇਸ ਧਰਤੀ ਤੇ ਬੰਦਾ ਰਚਨਾ ਤੇਰੀ
ਕਦੇ ਇਹ ਸੂਰਜ ਹਸਨਪੁਰੀ ਤੇ ਕਦੇ ਇਹ ਰਾਤ ਹਨੇਰੀ
ਤੂੰ ਆਪਣੇ ਬੰਦੇ ਦੇ ਅੰਦਰ ਕਿਉਂ ਸ਼ੈਤਾਨ ਬਠਾਇਆ
ਓ ਰੱਬਾ! ਇਹ ਤੂੰ ....

'ਕੱਚੇ-ਪੱਕੇ ਲੋਕਾਂ' ਦਾ ਕਹਾਣੀਕਾਰ

ਹਰਭਜਨ ਸਿੰਘ ਕੋਮਲ

—ਸੁਵਰਨ ਸਿੰਘ ਵਿਰਕ

ਮੁੱਖ ਤੌਰ 'ਤੇ ਕਵੀ ਪਰ ਆਲੋਚਨਾ ਅਤੇ ਸਫਰਨਾਮੇ ਤੇ ਵੀ ਹੱਥ ਅਜ਼ਮਾਉਣ ਵਾਲੇ ਹਰਭਜਨ ਸਿੰਘ ਕੋਮਲ ਨੇ ਆਪਣੇ ਪ੍ਰਿਥਮ ਕਹਾਣੀ ਸੰਗ੍ਰਹਿ 'ਕੱਚੇ-ਪੱਕੇ ਲੋਕ' ਨਾਲ ਪੰਜਾਬੀ ਕਹਾਣੀ ਜਗਤ ਵਿਚ ਪ੍ਰਵੇਸ਼ ਕਰ ਕੇ, ਆਪਣੇ ਆਪ ਨੂੰ ਬਹੁਤ ਵਿਧਾਈ ਲੇਖਕ ਦੇ ਤੌਰ 'ਤੇ ਸਥਾਪਿਤ ਕਰਨ ਦਾ ਆਹਰ ਕੀਤਾ ਹੈ। ਉਂਝ ਉਸ ਨੇ ਹੁਣ ਤੱਕ ਜੋ ਵੀ ਲਿਖਿਆ ਹੈ ਉਸ ਦਾ ਨੋਟਿਸ ਲਿਆ ਗਿਆ ਹੈ। ਹਰਿਆਣਾ ਨਿਵਾਸੀ ਲੇਖਕ ਹੋਣ ਕਾਰਨ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਆਪਣੇ ਸੰਪੂਰਨ ਲੇਖਕੀਯ ਕਾਰਜ ਸਦਕਾ, ਉਹ ਇਸ ਦੇ ਸਰਬੋਤਮ ਪੁਰਸਕਾਰ ਭਾਈ ਸੰਤੋਖ ਸਿੰਘ ਐਵਾਰਡ ਨਾਲ ਤਾਂ ਪਿਛਲੇਰੇ ਵਰ੍ਹੇ ਨਿਵਾਜਿਆ ਹੀ ਗਿਆ ਸੀ, ਆਪਣੀ ਲੰਮੀ ਗ਼ਜ਼ਲ ਧਰਤੀ ਦੀ ਗ਼ਜ਼ਲ ਤੇ ਪਿਛਲੇ ਵਰ੍ਹੇ ਦਾ ਭਾਰਤ ਸਾਹਿਤ ਅਕਾਦਮੀ ਦਾ ਪੰਜਾਬੀ ਦੇ ਖਾਤੇ ਵਾਲਾ ਸਰਬ ਭਰਤੀ ਪੁਰਸਕਾਰ ਹਾਸਿਲ ਕਰ ਕੇ ਉਹਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬੋਂ ਬਾਹਰਲੇ ਪੰਜਾਬੀ ਲੇਖਕ ਕਿਸੇ ਤਰ੍ਹਾਂ ਦੀ ਰੂ-ਰਿਆਇਤ ਦੇ ਸਿਰ ਤੋਂ ਨਹੀਂ ਸਗੋਂ ਕਲਮੀ ਸਾਧਨਾ ਦੇ ਸਿਰ 'ਤੇ ਆਪਣਾ ਸਥਾਨ ਬਣਾਉਂਦੇ ਹਨ।

ਹਰਭਜਨ ਸਿੰਘ ਕੋਮਲ ਦੀਆਂ ਕਹਾਣੀਆਂ ਵਿਚ ਵੀ ਉਸ ਦੀ ਸਮੁੱਚੀ ਸ਼ਾਇਰੀ ਵਾਂਗ ਯਥਾਰਥ ਬੋਧ ਦੀ ਸੁਰ ਭਾਰੂ ਹੈ। ਉਹ ਲਿਖਣ ਲਈ ਜਾਂ ਜ਼ਿਹਨੀ ਐਯਾਸ਼ੀ ਲਈ ਨਹੀਂ ਸਗੋਂ ਆਲੇ-ਦੁਆਲੇ ਨੂੰ ਸੁਆਰਨ ਲਈ ਲਿਖਦਾ ਹੈ। ਉਹ ਵਿਅਕਤੀ ਅਤੇ ਸਮਾਜ ਦੇ ਦੁਵੱਲੇ ਸੰਬੰਧਾਂ ਦਾ ਸੁਚੇਤ ਚਿਤੇਰਾ ਹੈ। ਉਹ ਆਪਣੀ ਕਲਮ ਨੂੰ ਸਮਾਜਿਕ ਤਬਦੀਲੀ ਵਾਸਤੇ ਹਥਿਆਰ ਬਣਾਉਣਾ ਜਾਣਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਸ਼ਬਦਾਂ ਦਾ ਖੰਡਨ ਕਦੇ ਵੀ ਹਥਿਆਰਾਂ ਦੇ ਖੰਡਨ ਦਾ ਥਾਂ ਨਹੀਂ ਲੈ ਸਕਦਾ। ਉਹ ਜਾਣਦਾ ਹੈ ਕਿ ਉੱਤਰ ਆਧੁਨਿਕਤਾ ਦੇ ਨਾਅਰਿਆਂ ਨਾਲ ਦਿੱਗ ਭਰਮਿਤ ਇਤਿਹਾਸ ਅਤੇ ਵਿਚਾਰਧਾਰਾ ਦਾ ਅੰਤ ਜਿਹੀਆਂ ਘੋਸ਼ਣਾਵਾਂ, ਸਮਾਜਿਕ ਵਿਕਾਸ ਦੇ ਔਥਰੇ ਘੋੜੇ ਲਈ ਬਹੁਤਾ ਚਿਰ ਪੈਖੜ ਨਹੀਂ ਬਣ ਸਕਦੀਆਂ। ਉਹ ਇੱਕੀਵੀਂ ਸਦੀ ਦੀ ਵਿਗਿਆਨਕ ਤਕਨੀਕੀ ਅਤੇ ਸੂਚਨਾ ਕ੍ਰਾਂਤੀ ਦੀਆਂ ਭੁੱਲ ਭਲੱਈਆਂ ਵਿਚ ਆਪਣਾ ਮਾਰਗ ਸ਼ੇਖ ਫਰੀਦ, ਗੁਰੂ ਨਾਨਕ ਅਤੇ ਨਾਨਕ ਸਿੰਘ ਦੇ ਮਾਨਵਵਾਦ ਨਾਲ ਰੋਸ਼ਨ ਕਰਦਾ ਹੈ। ਉਜੜਿਆਂ-ਥੁੜਿਆਂ, ਹਾਰਿਆਂ-ਹੁੱਟਿਆਂ, ਸਤਿਆਂ-ਸਤਾਇਆਂ ਅਤੇ ਲੁੱਟਿਆਂ ਪੁੱਟਿਆਂ ਲਈ ਉਸ ਦੇ ਸ਼ਬਦ ਢਾਰਸ ਬਣਾਉਂਦੀ ਠਾਹਰ ਵਰਗੇ ਹਨ। ਉਹ ਜ਼ਿੰਦਗੀ ਦੇ ਹੁਸਨ/ਇਸ਼ਕ ਨਾਲ ਲਬਰੇਜ਼ ਸ਼ਾਹ-ਸੁਆਰਾਂ ਦਾ ਚੜ੍ਹਦੇ ਸੂਰਜ ਜਿਉਂ ਸੁਆਗਤ ਕਰਦਾ ਹੈ। ਉਹ ਨਿਰੰਤਰ ਤੋਰ ਨੂੰ ਹੀ ਜ਼ਿੰਦਗੀ ਦੇ ਅਰਥ ਦੇ ਰੂਪ ਵਿਚ ਪਰਵਾਨ ਕਰਦਾ ਹੈ। ਉਹ ਭਾਸ਼ਾ, ਧਰਮ, ਜਾਤ, ਫਿਰਕੇ ਦੀਆਂ ਸੌੜੀਆਂ ਵਲਗਣਾਂ ਵਿਚ ਕਿਲ੍ਹੇਬੰਦ ਹੋਣ ਨੂੰ ਮਨੁੱਖਤਾ ਦੀ ਤੌਹੀਨ ਸਮਝਦਾ ਹੈ। ਉਹ ਸੋਨੇ ਦੀ ਚਮਕ ਦਮਕ ਨਾਲੋਂ ਕਿਰਤ ਦੇ ਮੱਥੇ ਤੇ ਲਿਸ਼ਕਦੀਆਂ ਮਿਹਨਤ ਦੇ ਮੁੜ੍ਹਕੇ ਦੀਆਂ ਬੂੰਦਾਂ ਨੂੰ ਵੱਧ ਤਰਜੀਹ ਦਿੰਦਾ ਹੈ। ਉਹ ਭਰਮ, ਅਗਿਆਨਤਾ, ਹਨੇਰੇ ਅਤੇ ਧੁੰਦਵਾਦ ਦੀ ਜਕੜਨ ਵਿਚ ਲਾਚਾਰ ਲੋਕਾਈ ਨੂੰ ਉਸੇ ਵਿਚੋਂ ਉਸ ਦਾ ਮੁਕਤੀ-ਦਾਤਾ ਲੱਭ ਕੇ ਦੇਣ ਦੇ ਆਹਰ ਵਿਚ ਰੁੱਝਾ ਰਹਿੰਦਾ ਹੈ। ਆਪਣੀ ਗੱਲ ਪੁਸਤਕ ਦੇ ਮੁੱਢ ਵਿਚ 'ਮੇਰੀ ਕਹਾਣੀ' ਦੇ ਅੰਤਿਮ ਪੈਰੇ ਵਿਚ ਹਰਭਜਨ ਸਿੰਘ ਕੋਮਲ ਇਉਂ ਬੜੀ ਸਪੱਸ਼ਟਤਾ ਨਾਲ ਕਰਦਾ ਹੈ ਜਿਸ ਦੀ ਹੋਰ ਵਿਆਖਿਆ ਦੀ ਫਿਰ ਕੋਈ ਗੁੰਜਾਇਸ਼ ਨਹੀਂ ਰਹਿੰਦੀ:—

"ਸਾਹਿਤ ਵਿਚ ਵਿਆਪਕ ਤੌਰ 'ਤੇ ਇਕ ਲਹਿਰ ਚੱਲ ਰਹੀ ਹੈ, ਜਿਸ ਦਾ ਮਕਸਦ ਸਾਹਿਤ ਨੂੰ ਸਮਾਜ ਨਾਲੋਂ ਤੋੜਨਾ ਹੈ। ਅਜਿਹੀ ਰਚਨਾਕਾਰੀ ਨੂੰ ਵਿਸ਼ੇਸ਼ ਕਿਸਮ ਦੀ ਕਲਾਤਿਮਕਤਾ ਦਾ ਲੇਬਲ ਲਾ ਕੇ ਪਰੋਸਿਆ ਜਾ ਰਿਹਾ ਹੈ। ਉਂਝ ਮੰਤਵਹੀਣ ਰਚਨਾ ਕਾਰੀ ਦਾ ਵੀ ਇਕ ਮੰਤਵ ਹੈ, ਸਾਹਿਤ ਅਤੇ ਸਮਾਜ ਵਿਚਾਲੇ ਖਲਾਅ ਪੈਦਾ ਕਰਨਾ, ਜਿਹੜਾ ਮੈਨੂੰ ਕਦੀ ਵੀ ਨਹੀਂ ਸੁਖਾਇਆ। ਮੈਂ ਲੋਕਾਂ ਨਾਲ ਰਚਨਾ ਦੇ ਰਿਸ਼ਤਿਆਂ ਦਾ ਉੱਚਾ ਮੁੱਲ ਮੰਗਦਾ ਹਾਂ। ਤੇ ਉਨ੍ਹਾਂ ਰਿਸ਼ਤਿਆਂ ਦਾ ਵੱਡਾ ਕਦਰਦਾਨ ਹਾਂ, ਭਾਵੇਂ ਮੈਨੂੰ ਕੋਈ ਵੀ ਵਿਸ਼ੇਸ਼ਣ ਦਿੱਤਾ ਜਾਏ।"

ਸਾਂਝੀ ਪੰਜਾਬੀਅਤ ਦੇ ਸੰਕਲਪ ਨੂੰ ਇਕ ਸੱਟ ੧੯੪੭ ਵਿਚ ਵੱਜੀ ਅਤੇ ਦੂਜੀ ੧੯੮੪ ਦੇ ਆਸ ਪਾਸ। ਸਾਡੇ ਕਹਾਣੀਕਾਰ ਨੇ ਪੁਸਤਕ ਵਿਚਲੀਆਂ ੧੫ ਕਹਾਣੀਆਂ ਵਿਚੋਂ ਚਾਰ ਕਹਾਣੀਆਂ 'ਮਿੱਟੀ ਮੁਸਲਮਾਨ ਕੀ' 'ਪਾਟੀਆਂ ਲੀਕਾਂ ਵਾਲੇ ਹੱਥ' 'ਹਰੀਆਂ ਵੇਲਾਂ' ਅਤੇ 'ਜੀਤ ਸਿੰਘ ਜ਼ਿੰਦਾਬਾਦ' ਦੇਸ-ਵੰਡ ਅਤੇ ਪੰਜਾਬ ਸੰਕਟ ਬਾਰੇ ਲਿਖ ਕੇ ਆਪਣੇ ਇਕ ਹਸਾਸ ਲੇਖਕ ਹੋਣ ਦਾ ਵੀ ਸਬੂਤ ਦਿੱਤਾ ਹੈ ਅਤੇ ਆਪਣੀ ਮਿੱਟੀ ਪ੍ਰਤੀ ਕਰਤੱਵ ਨਿਸ਼ਠਾ ਦੀ ਭਾਵਨਾ ਨਾਲ ਓਤਪੋਤ ਹੋਣ ਦਾ ਵੀ। ਪਹਿਲੀਆਂ ਦੋ ਕਹਾਣੀਆਂ ੧੯੪੭ ਦੀ ਉਸ ਫਿਰਕੂ ਵੰਡ ਬਾਰੇ ਹਨ ਜਿਸ ਬਾਰੇ ਸਾਡਾ ਇਕ ਲੋਕ ਕਵੀ ਗੁਰਬਖਸ਼ ਸਿੰਘ ਜੀਆ ਬੱਗਾ ਉਰਫ ਗੇਂਧਾ ਸਿੰਘ ਜੱਟ ਲਿਖਦਾ ਹੈ—

ਲੈ ਸਲਾਹ ਅੰਗ੍ਰੇਜ਼ ਦੀ ਕੀਤੀ ਫਿਰਕੂ ਵੰਡ।

ਲੀਡਰ ਮੌਜਾਂ ਮਾਣਦੇ ਜਨਤਾ ਖਾਧੀ ਵੰਡ।
ਜਨਤਾ ਖਾਧੀ ਵੰਡ, ਗੰਢ ਕੋਈ ਰਹੀ ਨਾ ਪੱਲੇ।
ਪਾਏ ਆਜ਼ਾਦੀ ਵੈਣ, ਬੈਠਕੇ ਲਾਸ਼ਾਂ ਥੱਲੇ।
ਕਹਿ ਗੇਧਾ ਸਿੰਘ ਜੱਟ, ਅੱਡੋ ਅੱਡ ਮਜ਼ਬ ਕਰਾਏ।
ਮੁਰਦੇ ਲਾਸ਼ਾਂ ਵੇਖ, ਮਜ਼੍ਹਬ ਮੁੱਛ ਵੱਟ ਚੜਾਏ।"

"ਮਿੱਟੀ ਮੁਸਲਮਾਨ ਕੀ" ਕਹਾਣੀ ਪੱਛਮੀ ਪੰਜਾਬ ਦੇ ਕਿਸੇ ਪਿੰਡ ਵਿਚ ਇਕ ਨਿਹੰਗ ਸਿੰਘ ਦੇ ਗੱਜ ਕੇ ਫਤਹਿ ਬੁਲਾਉਣ ਨਾਲ ਸ਼ੁਰੂ ਹੁੰਦੀ ਹੈ ਜੋ ਥਾਂ-ਥਾਂ ਭੂਤਰੇ ਮੁਸਲਿਆਂ ਖਿਲਾਫ ਆਪਣੇ ਸਿੱਖ ਭਰਾਵਾਂ ਨੂੰ ਹਥਿਆਰਬੰਦ ਹੋਣ ਦਾ ਸੱਦਾ ਦਿੰਦਾ ਹੈ। ਗੁਰਦੁਆਰੇ ਦੇ ਭਾਈ ਜੀ ਦੀ ਅਕਲ ਦੀ ਗੱਲ "ਕੀ ਕਹਿੰਦੇ ਨੇ ਸਾਨੂੰ। ਮੁਸਲਮਾਨ ਪੀੜੀਆਂ ਤੋਂ ਭਰਾਵਾਂ ਵਾਂਗ ਰਹਿ ਰਹੇ ਹਾਂ। ਕਹਾਣੀਕਾਰ ਦੇ ਚਾਚੇ ਦੇ ਫਿਰਕੂ ਫੁੰਕਾਰੇ ਹੇਠ ਦੱਬੀ ਜਾਂਦੀ ਹੈ।" ਪਰ ਮਾਨਵੀ ਕਦਰਾਂ ਕਮਤਾਂ ਤੋਂ ਵਰੋਸਾਈ ਮੁੱਖ ਪਾਤਰ ਦੀ ਮਾਤਾ ਵੀ ਉਸ ਦੇ ਚਾਚੇ ਦੀ ਲਾਹ ਪਾਹ ਕਰਦੀ ਹੈ। ਇਤਿਹਾਸ ਨੂੰ ਤੋੜਨ ਮਰੋੜਨ ਤੋਂ ਸਾਵਧਾਨ ਕਰਦੀ ਹੈ ਅਤੇ ਆਮ ਮੁਸਲਮਾਨਾਂ ਨਾਲ ਸਾਂਝ ਦੀ ਨਿਸ਼ਾਨਦੇਹੀ ਕਰਦੀ ਹੈ। ਰੋਣਿਆਂ ਦਾ ਅਸਲਮ, ਘੁੱਮਿਆਰਾਂ ਦਾ ਫਿੰਡਾ, ਚੋਧਰੀਆਂ ਦਾ ਯੂਸਫ? ਇਹ ਤਾਂ ਤੁਹਾਡੇ ਸਾਹੀਂ ਸਾਹ ਲੈਂਦੇ ਨੇ। ਕਿਉਂ ਅੱਤ ਚੁੱਕੀ ਵੀ ਜੇ ? ਅਕਲ ਨੂੰ ਹੱਥ ਮਾਰੋ। ਨਿੱਕੇ-ਨਿੱਕੇ ਜਵਾਕ ਜੇ ਸਭ ਦੇ। ਪਹਿਲਾਂ ਤੇ ਪਿੰਡ ਦੇ ਚੋਧਰੀ ਰਹਿਮਤ ਉੱਲਾ ਨੇ ਸਭ ਨੂੰ ਦਿਲਾਸਾ ਦਿੱਤਾ ਕਿ ਰਲ ਮਿਲ ਕੇ ਬਾਹਰਲੇ ਹਮਲਾਵਰਾਂ ਦਾ ਟਾਕਰਾ ਕਰਾਂਗੇ ਪਰ ਜਦੋਂ ਗੁਆਂਢੀ ਪਿੰਡ ਸੜਨੇ ਸ਼ੁਰੂ ਹੋ ਗਏ ਤਾਂ ਉਸੇ ਚੋਧਰੀ ਨੇ ਕਿਹਾ "ਸ਼ੈਤਾਨ ਅੱਲਾ ਉੱਤੇ ਭਾਰੂ ਹੋਇਆ ਪਿਐ ਭਰਾਓ।" ਹੁਣ ਪਿੰਡ ਖਾਲੀ ਕਰਨ ਦਾ ਫੈਸਲਾ ਹੋ ਗਿਆ। "ਭਰੇ ਭੁਕੰਨੇ ਘਰ ਛੱਡ ਕੇ ਤੁਰ ਜਾਣਾ। ਆਪਣੇ ਆਪ ਨੂੰ ਉਸ ਸਾਰੇ ਕੁਝ ਨਾਲੋਂ ਤਰੋੜ ਕੇ, ਜਿਸ ਨੂੰ ਕਈਆਂ ਪੀੜ੍ਹੀਆਂ ਨੇ ਜ਼ਿੰਦਗੀਆਂ ਲਾ ਕੇ ਸਿਰਜਿਆ ਸੀ। ਜੰਬੂਰਾਂ ਨਾਲ ਨੋਚੇ ਜਾਣ 'ਤੇ ਵੀ ਸ਼ਾਇਦ ਏਨੀ ਪੀੜ ਨਾ ਹੋਵੇ ਜਿੰਨੀ ਸਭ ਕੁਝ ਛੱਡ ਕੇ ਤੁਰ ਜਾਣ ਵਿਚ ਹੋ ਰਹੀ ਸੀ। ਤੇ ਇਸ ਵੇਲੇ ਮੋਚੀਆਂ ਦਾ ਜਾਫਰ ਉਹਦਾ ਭਰਾ ਤੇ ਜਾਫਰ ਦੀ ਬੀਵੀ ਰਹਿਮਤਾਂ ਮਿਲਣ ਆਏ। ਮੋਚੀ ਭਰਾਵਾਂ ਨੇ ਦੋ ਸੌ ਰੁਪੈ ਦੇ ਦੋ ਨੋਟ ਅਤੇ ਰਹਿਮਤਾਂ ਨੇ ਗਹਿਣਿਆਂ ਦੀ ਪੋਟਲੀ ਜਾਣ ਵਾਲਿਆਂ ਦੇ ਹਵਾਲੇ ਕਰ ਕੇ ਰਾਹ ਵਿਚਲੀਆਂ ਲੋੜਾਂ ਤੋਂ ਬੇਫਿਕਰ ਹੋਣ ਲਈ ਕਿਹਾ। ਫਿਰਕੂ ਨਫਰਤ ਦੇ ਡੰਗੇ ਚਾਚੇ ਦਾ ਮੁੰਡਾ ਘੁੱਲਾ ਅਤੇ ਮੁੱਖ ਪਾਤਰ ਪਰਿਵਾਰ ਤੋਂ ਰਾਹ ਵਿਚ ਨਿੱਖੜ ਗਏ। ਹੁਣ ਉਹ ਦੋਵੇਂ ਬਾਲ ਮੌਤ ਦੇ ਭੈਅ ਵਿਚ ਜਿਉਂ ਰਹੇ ਸਨ ਕਿ ਇਕ ਤਰਸਵੰਤ ਮੁਸਲਮਾਨ ਮਾਮਦੀਨ ਲੁਹਾਰ ਨੇ ਉਹਨਾਂ ਨੂੰ ਉਨ੍ਹਾਂ ਦੇ ਪਰਿਵਾਰ ਤੱਕ ਪਹੁੰਚਾਇਆ ਤੇ ਮਨੁੱਖਤਾ ਦੀ ਸਾਕਾਰ ਮੂਰਤ ਮੇਰੀ ਮਾਂ ਰੋਣ ਹਾਕੀ ਹੋਈ ਚਾਚੇ ਵੱਲ ਇੰਜ ਵੇਖ ਰਹੀ ਸੀ ਜਿਵੇਂ ਉਸ ਨੂੰ ਕਹਿ ਰਹੀ ਹੋਵੇ, "ਵਡਿਆ ਗੁਰੂ ਦਿਆ ਸਿਘਾ ਤੂੰ ਤਾਂ ਆਪਣੇ ਪੁੱਤਰ ਨੂੰ ਵੀ ਤਰੋੜ ਕੇ ਸੁੱਟ ਆਇਆ ਸੈਂ। ਹੋਰਨਾਂ ਦੇ ਧੀਆਂ ਪੁੱਤ ਤੂੰ ਕੀ ਬਚਾਣੇ ਸਨ। ਇਹ ਤਾਂ ਇਹ ਮੁਸਲਾ ਈ ਏ ਜਿਸ ਨੇ ਮੌਤ ਦੇ ਮੂੰਹ 'ਚੋਂ ਕੱਢ ਆਂਦੈ ਤੇਰੇ ਪੁੱਤ ਨੂੰ ਵੀ।

ਤੇ ਚਾਚਾ ਜਿਵੇਂ ਡਿਡੋਲਿਕਾ ਹੋਇਆ ਖੜ੍ਹਾ ਸੀ।

ਤੇ ਇਉਂ ਸ਼ੈਤਾਨੀਅਤ ਅਤੇ ਹੈਵਾਨੀਅਤ ਉਤੇ ਇਨਸਾਨੀਅਤ ਦੀ ਜਿੱਤ ਦਾ ਪਰਚਮ ਬੁਲੰਦ ਕਰਦੀ ਇਹ ਵੰਡ ਬਾਰੇ ਲਿਖੀਆਂ ਬਿਹਤਰੀਨ ਕਹਾਣੀਆਂ ਵਿਚ ਸ਼ਾਮਿਲ ਕੀਤੀ ਜਾ ਸਕਦੀ ਹੈ।

ਇਸੇ ਥੀਮ ਤੇ ਲਿਖੀ ਗਈ ਦੂਜੀ ਕਹਾਣੀ 'ਪਾਟੀਆਂ ਲੀਕਾਂ ਵਾਲੇ ਹੱਥ' ਹੈ। ਕਹਾਣੀ ਦਾ ਮੁੱਖ ਪਾਤਰ ਸਰਦੂਲ ਸਿੰਘ ਵੀ ਓਧਰਲੇ ਪੰਜਾਬ ਵਿਚੋਂ ਏਧਰ ਆਇਆ ਹੈ। ਉਹ ਹਰ ਵਕਤ ਨਿਰਾਸ਼ ਬੈਠਾ ਰਹਿੰਦਾ ਹੈ। ਘਰ ਦੇ ਬਥੇਰਾ ਸਮਝਾਂਦੇ ਹਨ। ਹੱਥਾਂ ਨੂੰ ਕੋਈ ਬੀਮਾਰੀ ਵੀ ਨਹੀਂ। ਪਰ ਉਹ ਆਪਣੀਆਂ ਤਲੀਆਂ ਹਮੇਸ਼ਾ ਖੁੱਲ੍ਹੀਆਂ ਰੱਖਦਾ ਹੈ। ਨਾ ਹੱਥਾਂ ਨੂੰ ਨਾ ਉਂਗਲਾਂ ਨੂੰ ਉਹ ਆਪਣੇ ਸਰੀਰ ਨਾਲ ਛੂਹਣ ਦਿੰਦਾ। ਹੱਥ ਛੰਡਦਾ ਰਹਿੰਦਾ। ਕਦੇ ਹੱਥ ਬਾਲਟੀ ਵਿਚ ਡੋਬ ਕੇ ਬਹਿ ਰਹਿੰਦਾ। ਕਦੇ ਸਾਬਣ ਦੀ ਸਾਰੀ ਟਿੱਕੀ ਰਗੜ ਰਗੜ ਕੇ ਹੱਥਾਂ ਤੇ ਘਸਾ ਛੱਡਦਾ ਤੇ ਕਦੇ ਕਦੇ ਉਹਦੀ ਘਰ ਦੀ ਵੇਖਦੀ ਕਿ ਉਹਨੂੰ ਹੱਥਾਂ ਨਾਲ ਰੋਟੀ ਤੋੜ ਕੇ ਖਾਣ ਵਿਚ ਵੀ ਤਕਲੀਫ ਹੁੰਦੀ ਸੀ। ਉਹਦੀ ਇਸ ਅਜੀਬ ਬੀਮਾਰੀ ਤੋਂ ਸਾਰੇ ਪ੍ਰੇਸ਼ਾਨ ਸਨ। ਅਖੀਰ ਇਕ ਡਾਕਟਰ ਨਾਲ ਰਾਬਤਾ ਕਾਇਮ ਹੋਇਆ। ਉਹਨੂੰ ਵੀ ਬਿਮਾਰੀ ਦੀ ਸਮਝ ਨਹੀਂ ਸੀ ਆ ਰਹੀ ਕਿ ਉਹਨੇ ਸਰਦੂਲ ਦੀ ਮਾਤਾ ਨੂੰ ਪੁੱਛਿਆ ਕਿ ਕੋਈ ਵਿਸ਼ੇਸ਼ ਘਟਨਾ ਜੋ ਘਟੀ ਹੋਵੇ ਤਾਂ ਦੱਸ ਦਿਉ। ਤੁਹਾਡੇ ਪੁੱਤਰ ਦਾ ਇਲਾਜ ਠੀਕ ਹੋ ਜਾਵੇਗਾ। ਗੱਲ ਇਹ ਸੀ ਕਿ ਜਦੋਂ ਇਨ੍ਹਾਂ ਦਾ ਕਾਫਲਾ ਪਾਰੋਂ ਆ ਰਿਹਾ ਸੀ ਇਕ ਪਹੇ ਦੁਆਲੇ ਵੱਡੇ ਵੱਡੇ ਝਾੜ ਸਨ। ਖਤਰਾ ਸੀ ਕੋਈ ਦੁਸ਼ਮਣ ਕਾਫਲਾ ਇਨ੍ਹਾਂ ਵਿਚ ਲੁਕਿਆ ਨਾ ਹੋਵੇ। ਮੌਤ ਵਰਗੀ ਖਾਮੋਸ਼ੀ ਸੀ ਸਭ ਚੁੱਪ ਚਾਪ ਚੱਲ ਰਹੇ ਸਨ ਕਿ ਹੋਰਨਾਂ ਬੱਚਿਆਂ ਨਾਲ ਸਰਦੂਲ ਦੀ ਇਕ ਛੋਟੀ ਕੁੱਛੜ ਚੁੱਕੀ ਬੱਚੀ ਵੀ ਰੋ ਰਹੀ ਸੀ। ਲੋਕਾਂ ਨੇ ਕਿਹਾ ਕਿ ਚੁੱਪ ਕਰਵਾਓ ਨਹੀਂ ਤਾਂ ਸਾਰੇ ਮਾਰੇ ਜਾਵਾਂਗੇ। ਇਸ ਨੇ ਏਨੇ ਘੁੱਟ ਕੇ ਕੁੜੀ ਦੇ ਗਲ ਨੂੰ ਹੱਥ ਪਾਏ ਕਿ ਉਹਦੇ ਡੇਲੇ ਬਾਹਰ ਨਿਕਲ ਆਏ ਤੇ ਉਹ ਸਦਾ ਲਈ ਚੁੱਪ ਕਰ ਗਈ। ਡਾਕਟਰ ਨੂੰ ਸਰਦੂਲ ਸਿੰਘ ਦੇ ਅਪਰਾਧ ਬੋਧ ਵਾਲੀ ਗੁੰਝੀ ਦੀ ਸਮਝ ਆ ਗਈ ਸੀ। ਇਹ ਵੰਡ ਦਾ ਹੀ ਦੁਖਾਂਤ ਸੀ ਕਿ ਮਾਂ ਪਿਓ ਔਲਾਦ ਨੂੰ, ਔਲਾਦ ਬੁੱਢੇ ਮਾਂ ਪਿਓਵਾਂ ਨੂੰ ਛੱਡ ਕੇ ਤੁਰ ਆਏ ਸਨ ਉਨ੍ਹਾਂ ਦੇ ਹਾਲ 'ਤੇ। ਰਾਖੀ ਕਰਨ ਵਾਲੇ ਹੱਥ ਹੀ ਹਤਿਆਰੇ ਬਣ ਜਾਣ। ਅੱਜ ਜਦੋਂ ਹੱਦ ਦੇ ਪਾਰੋਂ ਫਿਰ ਅਮਨ ਤੇ ਦੋਸਤੀ ਦੀਆਂ ਸਾਂਝੀਆਂ ਪੌਣਾਂ ਦੇ ਠੰਢੇ ਬੁੱਲੇ ਆ ਰਹੇ ਹਨ ਤਾਂ ਇਤਿਹਾਸ ਦੇ ਇਨ੍ਹਾਂ ਸ਼ਬਦਾਂ ਨੂੰ ਦੁਹਰਾਣ ਦਾ ਅਮਲ ਕੋਮਲ

ਜਿਹੇ ਕਹਾਣੀਕਾਰਾਂ ਦੇ ਜ਼ਿੰਮੇ ਹੈ ਕਿ ਫਿਰ ਇਹੋ ਜਿਹੇ ਦੁਖਾਂਤ ਨਾ ਵਾਪਰਨ ਜਿਸ ਤੇ ਕਿਸੇ ਸਰਦੂਲ ਜਿਹੇ ਬਾਪ ਨੂੰ ਸ਼ਰਮਸਾਰ ਹੋਣਾ ਪਵੇ।

"ਹਰੀਆਂ ਵੇਲਾਂ" ਵਿਚ ਕਹਾਣੀ ਦਾ ਮੈਂ ਪਾਤਰ ਭੱਟੀ ਸਾਹਿਬ ਦੇ ਲੜਕੇ ਦੀ ਜੰਞ ਨਹੀਂ ਜਾਣਾ ਚਾਹੁੰਦਾ। ਉਹ ਆਪਣੇ ਵਿਚਾਰਾਂ ਦੇ ਪਰਦੇ ਹੇਠ ਆਪਣੀ ਬੁਜ਼ਦਿਲੀ ਤੇ ਪਰਦਾ ਪਾ ਰਿਹਾ ਸੀ ਕਿਉਂਕਿ ਹਾਲਾਤ ਹੀ ਐਸੇ ਸਨ ਕਿ ਕੋਈ ਵੀ ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਨਹੀਂ ਸੀ ਜਾਣਾ ਚਾਹੁੰਦਾ। ਕਿਉਂ ਜੋ ਉਥੇ ਤੇ ਵੱਡੇ ਵੱਡੇ ਭਾਂਬੜਾਂ ਵਾਲੀ ਅੱਗ ਮੱਚੀ ਹੋਈ ਸੀ। ਪੰਜਾਬ ਸੰਕਟ ਦੀ ਨਿਸ਼ਾਨਦੇਹੀ ਸੁਲੱਗ ਕਹਾਣੀਕਾਰ ਇਉਂ ਕਰਦਾ ਹੈ :- ਅੱਧੀ ਸਦੀ ਤੋਂ ਵੀ ਵੱਧ ਸਮਾਂ ਹੋ ਗਿਆ ਸੀ, ਜਦੋਂ ਤੋਂ ਏਸ ਅੱਗ ਲਈ ਬਾਲਣ ਤੇ ਚਿੰਗਾਰੀਆਂ ਇਕੱਠੀਆਂ ਕੀਤੀਆਂ ਜਾ ਰਹੀਆਂ ਸਨ। ਕਿਤੇ ਇਕ ਮਜ਼ਹਬ ਨੂੰ ਉਸਾਰਣ ਦਾ ਮਸਲਾ ਸੀ ਤੇ ਕਿਤੇ ਦੂਜੇ ਮਜ਼ਹਬ ਦੀ ਸਰਵਉੱਚਤਾ ਦਾ। ਕਿਤੇ 'ਉੜਾ ਐੜਾ' ਸੰਘੋਂ ਨਹੀਂ ਸੀ ਲੰਘਦਾ ਪਿਆ ਤੇ ਕਿਤੇ 'ਧੋਤੀ ਟੋਪੀ ਸਹਿਣੀ' ਔਖੀ ਹੋਈ ਪਈ ਸੀ। ਕਿਤੇ ਇਕ ਸ਼ਹਿਰ ਦੀ ਸਮੱਸਿਆ ਸੀ ਤੇ ਕਿਤੇ ਇਕ ਨਹਿਰ ਦੀ। ਕਿਤੇ ਇਲਾਕਿਆਂ ਦੀ ਗੱਲ ਸੀ ਤੇ ਕਿਤੇ ਪਾਣੀਆਂ ਦੀ। ਤੇ ਫਿਰ ਇਹੋ ਜਿਹਾ ਮਾਹੌਲ ਸਿਰਜ ਦਿੱਤਾ ਗਿਆ ਕਿ ਜਿਹੜਾ ਬਾਲਣ ਚਿੰਗਾਰੀਆਂ ਨੂੰ ਲਭ-ਲਭ ਤਰਸ ਰਿਹਾ ਸੀ। ਚਿੰਗਾਰੀਆਂ ਉੱਡ ਕੇ ਉਹਦੇ ਗਲ ਜਾ ਲੱਗੀਆਂ। ਤੇ ਆਮ ਧਾਰਨਾ ਦੇ ਉਲਟ ਜਿਹੜੀ ਅੱਗ ਕਦੇ ਤੇਲ ਨਾਲ ਭੜਕਿਆ ਕਰਦੀ ਸੀ ਉਹ ਪਾਣੀਆਂ ਨੇ ਭੜਕਾ ਦਿੱਤੀ।

ਹੁਣ ਪੰਜਾਬ ਵਿਚ ਤਾਂ ਕਤਲਾਂ ਦਾ ਬਾਜ਼ਾਰ ਗਰਮ ਸੀ। ਇਕ ਧਰਮ ਦੀ 'ਚੜ੍ਹਦੀ ਕਲਾ' ਲਈ ਦੂਜੇ ਧਰਮਾਂ ਨੂੰ 'ਲਹਿੰਦੀ ਕਲਾ' ਵਿਚ ਪੁਚਾਉਣਾ ਜ਼ਰੂਰੀ ਸੀ। ਖਾੜਕੂ, ਜੋ ਬਾਬੇ ਅਖਵਾਉਣ ਵਿਚ ਫਖਰ ਮਹਿਸੂਸ ਕਰਦੇ ਸਨ, ਹਥਿਆਰਾਂ ਨਾਲ ਲੈਸ ਬੱਸਾਂ ਨੂੰ ਵੱਡੀਆਂ ਸ਼ਾਹਰਾਹਾਂ ਤੋਂ ਅਗਵਾ ਕਰਦੇ ਅਤੇ ਕਿਸੇ ਲਿੰਕ ਰੋਡ 'ਤੇ ਲੈ ਜਾ ਕੇ ਦੂਜੇ ਧਰਮ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਦਿੰਦੇ। ਅਜਿਹੇ ਸਮੇਂ ਕੌਣ ਪੰਜਾਬ ਵਿਚ ਜੰਞ ਜਾਣ ਦਾ ਸ਼ੌਕ ਪਾਲਦਾ ? ਪਰ ਪੰਜਾਬ ਦੇ ਇਕ ਉਸ ਨਿਹੰਗ ਸਿੰਘ ਦਾ ਖਿਆਲ ਆਉਣ 'ਤੇ ਜਿਹਨੇ ਇਕ ਮੋਨੇ ਮੁੰਡੇ ਨੂੰ ਆਪਣਾ ਪੁੱਤਰ ਦੱਸ ਕੇ ਬਚਾ ਲਿਆ ਸੀ ਕਹਾਣੀਕਾਰ ਬਰਾਤ ਜਾਣ ਲਈ ਤਿਆਰ ਹੋ ਗਿਆ। ਹਨੇਰੇ ਵਿਚ ਕਿਤੇ ਕਿਤੇ ਰੋਸ਼ਨੀ ਦੀ ਕਿਰਨ ਸੀ। ਸਭ ਕੁਝ ਸਮਾਪਤ ਨਹੀਂ ਸੀ ਹੋਇਆ ਤੇ ਬੱਸ ਪੰਜਾਬ ਦੀ ਹੱਦ ਵਿਚ ਜੰਞ ਨੂੰ ਲੈ ਕੇ ਦਾਖਲ ਹੋ ਗਈ। ਹੁਣ ਦੋ ਹਥਿਆਰਬੰਦ ਯੁਵਕ ਬੁੱਕਲਾਂ ਮਾਰੀਆਂ ਵਾਲੇ ਬੱਸ ਰੋਕ ਕੇ ਇਕ ਲਿੰਕ ਰੋਡ 'ਤੇ ਲੈ ਜਾਂਦੇ ਹਨ। ਸਭ 'ਤੇ ਮੌਤ ਦਾ ਸਹਿਮ ਭਾਰੂ ਹੋ ਗਿਆ। ਜਾਂਞੀਆਂ ਵਿਚ ਇਕ ਨਾਸਤਕ ਜਿਹਾ ਬੰਦਾ ਵੀ ਸੀ। ਤੇ ਉਹ ਦੀਆਂ ਆਂਦਰਾਂ ਵੀ ਜਿਵੇਂ ਹੁਣ ਵਾਹਿਗੁਰੂ ਦਾ ਜਾਪ ਹੀ ਕਰ ਰਹੀਆਂ ਸਨ। ਜਦੋਂ ਬੱਸ ਇਕ ਡੇਰੇ ਵਿਚ ਲੱਗੇ ਸ਼ਾਮਿਆਨੇ ਕੋਲ ਪੁੱਜੀ ਤਾਂ ਪਰਿਵਾਰ ਦੇ ਮੁਖੀ ਬਜ਼ੁਰਗ ਨੇ ਦੱਸਿਆ ਕਿ ਉਹਦੇ ਘਰ ਬੜੀਆਂ ਸਿੱਕਾਂ ਸਿਕਦਿਆਂ ਇਕ ਪੋਤਰਾ ਹੋਇਆ ਹੈ ਤੇ ਇਸ ਖੁਸ਼ੀ ਵਿਚ ਉਹ ਪੰਜ ਸੌ ਜਣਿਆਂ ਨੂੰ 'ਵਾਹਿਗੁਰੂ ਦਾ ਪ੍ਰਸ਼ਾਦ' ਛਕਾਉਣਾ ਚਾਹੁੰਦੇ ਸਨ। ਪਰ ਇਥੇ ਨਹੀਂ ਜੁੜਿਆ ੧੦੦ ਬੰਦਾ ਵੀ। ਹਾਲਾਤ ਹੀ ਬੜੇ ਮਾੜੇ ਹੋਏ ਪਏ ਸਨ। ਲੰਗਰ ਚੋਖਾ ਤਿਆਰ ਸੀ। ਸਿੱਧੇ ਹੱਥ ਕੋਈ ਛਕਣ ਆਉਂਦਾ ਨਹੀਂ ਸੀ। ਇਸ ਲਈ ਲੰਗਰ ਦੀ 'ਬੇਅਦਬੀ' ਨਾ ਹੋਵੇ ਤਾਂ ਇਹ ਪੁੱਠਾ ਦਾਅ ਵਰਤਣਾ ਪਿਆ ਹੈ। ਬਜ਼ੁਰਗ ਦੇ ਇਹ ਸ਼ਬਦ ਭਾਵਪੂਰਤ ਹਨ 'ਨਾ ਪੁੱਤਰ ਸਾਰੇ ਇਕੋ ਜਿਹੇ ਤਾਂ ਨਹੀਂ ਏਥੇ ਵੀ ? ਪਤਝੜ ਵਿਚ ਵੀ ਕੁਝ ਵੇਲਾਂ ਤਾਂ ਹਰੀਆਂ ਰਹਿੰਦੀਆਂ ਈ ਨੇ।

ਜੀਤ ਸਿੰਘ ਜ਼ਿੰਦਾਬਾਦ ਵੀ ਪੰਜਾਬ ਸੰਕਟ ਦੇ ਨਾਲ ਨਾਲ ਖੱਬੀ ਲਹਿਰ ਦੇ ਸੰਕਟ ਨੂੰ ਰੂਪਮਾਨ ਕਰਨ ਵਾਲੀ ਕਹਾਣੀ ਬਣ ਗਈ ਹੈ। ਜੀਤ ਸਿੰਘ ਤੇ ਜੀਤ ਰਾਮ ਦੋਵੇਂ ਗੁਆਂਢੀ ਅਤੇ ਹਮਜੋਲੀ ਹਨ। ਜਦੋਂ ਬੋਲੀ ਦੇ ਸਵਾਲ ਤੇ 'ਗੁਰਦੁਆਰਾ' ਅਤੇ 'ਮੰਦਿਰ' ਇਕ ਦੂਜੇ ਦੇ ਟਾਕਰੇ ਤੇ ਆ ਖਲੋਤੇ ਸਨ ਤਾਂ ਦੋਵਾਂ ਸਾਥੀਆਂ ਨੇ ਮੰਦਿਰ ਜਾਂ ਗੁਰਦੁਆਰੇ ਜਾਣਾ ਛੱਡ ਦਿੱਤਾ। ਕਿਸੇ ਸਿਆਣੇ ਦੀ ਸੰਗਤ ਵਿਚੋਂ ਉਨ੍ਹਾਂ ਨੂੰ "ਜਾਪਿਆ ਕਿ ਲੋਕਸੇਵਾ ਸਿਰਫ ਧਰਮ ਸਥਾਨਾਂ ਵਿਚ ਭਾਂਡਿਆਂ, ਜੋੜਿਆਂ ਜਾਂ ਲੰਗਰ ਦੀ ਸੇਵਾ ਨੂੰ ਹੀ ਨਹੀਂ ਕਹਿੰਦੇ, ਇਸ ਤੋਂ ਵੀ ਕਿਤੇ ਵਿਸ਼ਾਲ ਅਰਥ ਨੇ ਏਸ ਦੇ। ਲੋਕਾਂ ਦੇ ਦੁਖ ਸੁਖ ਵਿਚ ਉਨਾਂ ਦਾ ਸਾਥ ਦੇਣਾ, ਅਨਿਆ ਵਿਰੁੱਧ ਜੂਝਣਾ ਤੇ ਹਰ ਉਹ ਕੰਮ ਕਰਨਾ ਜਿਸ ਨਾਲ ਲੋਕਾਂ ਦੀ ਜ਼ਿੰਦਗੀ ਹੋਰ ਉਜਲੀ ਹੋਰ ਸੁਹਣੀ ਹੁੰਦੀ ਚਲੀ ਜਾਏ। ਉਨ੍ਹਾਂ ਨੂੰ ਲੱਗਾ ਕਿ ਇਹ ਉਪਰੋਕਤ ਸੇਵਾ ਨਾਲੋਂ ਕੁਝ ਵੱਖਰਾ ਰਾਹ ਏ।"

ਤੇ ਇਸ ਵੱਖਰੇ ਰਾਹ 'ਤੇ ਚੱਲਦਿਆਂ ਟੈਕਸ ਦੇ ਖਿਲਾਫ ਚੱਲੇ ਅੰਦੋਲਨ ਵਿਚ ਦੋਵਾਂ ਨੇ ਜਦੋਂ ਪਿੰਡ ਵਿਚੋਂ ਪਹਿਲੀ ਵੇਰ ਗਿਰਫਤਾਰੀ ਦਿੱਤੀ ਤਾਂ ਗਦਰੀ ਬਾਬੇ ਨੇ ਦੋਵਾਂ ਦੇ ਨਾਂ ਲੈ ਕੇ ਜ਼ਿੰਦਾਬਾਦ ਦੇ ਨਾਹਰੇ ਲਾਏ। ਤੇ ਜਿਹਲੋਂ ਆ ਕੇ ਫਿਰ ਲੋਕ ਸੇਵਾ ਵਿਚ ਜੁਟ ਗਏ ਤੇ ਕਮਿਊਨਿਸਟ ਅੰਦੋਲਨ ਦੀ ਫੁੱਟ ਨੂੰ ਸਾਡਾ ਲੇਖਕ ਇਉਂ ਚਿਤਰਦਾ ਹੈ। (ਜਦੋਂ ਕਿ ਸਾਰਾ ਪਿੰਡ ਹੀ ਦੋਵਾਂ ਦੇ ਨਾਲ ਸੀ) ਪਰ ਇਕ ਦਿਨ ਜਦੋਂ ਕਿਸੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਮਸਲੇ ਤੇ ਵਿਚਾਰ ਵਖਰੇਵੇਂ ਕਾਰਨ ਦੋਵੇਂ ਸਾਥੀ ਵੰਡੇ ਗਏ ਤਾਂ ਗਦਰੀ ਬਾਬੇ ਨੇ ਮੱਥੇ 'ਤੇ ਹੱਥ ਮਾਰਿਆ। ਇਕ ਹੁਲਕਾ ਜਿਹਾ ਲੱਗਾ। ਗਦਰੀ ਬਾਬੇ ਨੂੰ ਵੀ ਪਿੰਡ ਵਾਲਿਆਂ ਨੂੰ ਵੀ। ਅਤੇ ਦੋਵਾਂ ਸਾਥੀਆਂ ਨੂੰ ਵੀ। ਪਰ ਵਿਚਾਰਧਾਰਾ ਤੇ ਵਿਚਾਰਧਾਰਾ ਈ ਏ। ਜੇ ਕੋਈ ਗ਼ਲਤ ਏ ਤਾਂ ਗ਼ਲਤ ਏ, ਜੇ ਠੀਕ ਏ ਤਾਂ ਠੀਕ ਏ।"

ਹੁਣ ਦੋਵੇਂ ਸਾਥੀ ਵੱਖ-ਵੱਖ, ਇਕ ਹੋੜ ਜਿਹੀ ਨਾਲ

ਲੋਕਾਂ ਦੇ ਕੰਮਾਂ ਵਿਚ ਜੁਟ ਗਏ। ਤੇ ਫਿਰ ਫਿਰਕੂ ਅੱਗ ਨੇ ਬਾਕੀ ਇਲਾਕੇ ਦੇ ਨਾਲ ਨਾਲ ਉਨ੍ਹਾਂ ਦੇ ਪਿੰਡ ਨੂੰ ਵੀ ਆਪਣੀ ਲਪੇਟ ਵਿਚ ਲੈਣਾ ਸ਼ੁਰੂ ਕੀਤਾ। ਦੋਵਾਂ ਸਾਥੀਆਂ ਨੇ ਵੱਖ-ਵੱਖ ਵੀ ਤੇ ਸਾਂਝੇ ਤੌਰ 'ਤੇ ਅਮਨ ਏਕਤਾ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਤਾਂ ਜੁ ਫਿਰਕੂ ਏਕਤਾ ਬਣੀ ਰਹੇ। ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਮਯਾਬ ਹੁੰਦੀਆਂ ਵੀ ਅਤੇ ਦੋਵੇਂ ਇਹ ਵੀ ਸੋਚਦੇ ਕਿ ਉਹਨਾਂ ਦੀ ਉਮਰਾਂ ਦੀ ਕਮਾਈ ਹੌਲੀ ਹੌਲੀ ਮਿੱਟੀ 'ਚ ਮਿਲਦੀ ਜਾ ਰਹੀ ਹੋਵੇ। ਫਿਰ ਪਿੰਡ ਵਿਚ ਪੰਚਾਇਤ ਚੋਣ ਆ ਗਈ। ਗੁਰਦੁਆਰੇ ਵਾਲਿਆਂ ਦੇ ਸੱਤ ਸੌ ਵੋਟ ਸਨ। ਮੰਦਿਰ ਵਾਲਿਆਂ ਦੇ ਪੰਜ ਸੌ। ਇਕ ਸਰਦਾਰ ਜੀ ਅਤੇ ਇਕ ਸ਼ਾਹ ਜੀ ਗੁਰਦੁਆਰੇ ਮੰਦਿਰ ਵੱਲੋਂ ਉਮੀਦਵਾਰ ਬਣੇ ਸਰਪੰਚੀ ਲਈ ਤੇ ਦੋਵੇਂ ਸਾਥੀ ਵੀ ਵਿਚਾਰਧਾਰਕ ਮੱਤਭੇਦ ਕਾਰਨ ਆਪਣੀ ਆਪਣੀ ਪਾਰਟੀ ਵੱਲੋਂ ਖਲੋ ਗਏ। ਸਰਦਾਰ ਜੀ ਅਤੇ ਸ਼ਾਹ ਜੀ ਦੇ ਕਾਗਜ਼ ਕੈਂਸਲ ਹੋ ਗਏ। ਮੁਕਾਬਲਾ ਹੁਣ ਦੋਵਾਂ ਸਾਥੀਆਂ ਵਿਚ ਸਿੱਧਾ ਤੇ ਸਖਤ। ਦੋਵੇਂ ਪਾਰਟੀ ਅਨੁਸ਼ਾਸਨ ਦੇ ਬੱਝੇ ਬੈਠ ਨਾ ਸਕੇ। ਨਤੀਜੇ ਵਿਚ ਸੱਤ ਸੌ ਵੋਟ ਲੈਕੇ ਜੀਤ ਸਿਘ ਜਿੱਤ ਗਿਆ ਤੇ ਪੰਜ ਸੌ ਵੋਟਾਂ ਨਾਲ ਜੀਤ ਰਾਮ ਹਾਰ ਗਿਆ। ਪਰ ਜੀਤ ਸਿਘ ਨੇ ਜਿੱਤਣ ਤੋਂ ਬਾਅਦ ਦੂਜੇ ਸਾਥੀ ਨਾਲ ਸਲਾਹ ਕੀਤੀ ਅਤੇ ਅਸਤੀਫਾ ਦੇ ਦਿੱਤਾ। "ਮੈਂ ਸਾਂਝਾ ਹਾਂ ਸਿਰਫ ਸਿੱਖਾਂ ਦਾ ਨਹੀਂ" ਫਿਰਕੂ ਸਰਪੰਚੀ ਮੈਨੂੰ ਨਹੀਂ ਚਾਹੀਦੀ। ਮੈਂ ਜਿੱਤਿਆ ਨਹੀਂ ਹਾਰ ਗਿਆ ਾਂ ਮੈਨੂੰ ਮੇਰੇ ਪਿੰਡ ਨੇ ਹਰਾ ਦਿੱਤਾ ਹੈ।

"ਲੋਕ ਧੌਣਾਂ ਸੁੱਟੀ ਖੜੇ ਸਨ। ਸਿਰਫ ਜੀਤ ਰਾਮ ਹੀ ਨਾਅਰੇ ਲਾ ਰਿਹਾ ਸੀ ਸਾਥੀ ਜੀਤ ਸਿਘ! ਜਿੰਦਾਬਾਦ ਤੇ ਗਦਰੀ ਬਾਬਾ ਉਹਦੇ ਨਾਲ ਸੀ।"

ਜ਼ਹਿਰ ਵੰਡਦੀਆਂ, ਨਫਰਤ ਦੀਆਂ ਪ੍ਰਚਾਰਕ, ਫਿਰਕੂ ਤਾਕਤਾਂ ਦੇ ਟਾਕਰੇ ਤੇ ਸੱਚੀ ਸੁੱਚੀ ਕਮਿਊਨਿਸਟ ਏਕਤਾ, ਵੇਲੇ ਦੀ ਲੋੜਾਂ ਦੀ ਲੋੜ ਹੈ, ਇਹੋ ਇਸ ਕਹਾਣੀ ਦਾ ਵਕਤੀ ਸੰਦੇਸ਼ ਹੈ।

"ਔਰਤ ਜ਼ਾਤ" ਕਹਾਣੀ ਵਿਚ ਲੇਖਕ ਤਾਂ ਲਿੰਗ ਅਧਾਰਿਤ ਹਰ ਤਰ੍ਹਾਂ ਦੇ ਵਿਤਕਰੇ ਦਾ ਵਿਰੋਧ ਕਰਦਾ ਹੈ ਪਰ ਔਰਤਾਂ ਦੀ ਮਰਦ ਦੇ ਮੁਕਾਬਲੇ ਤੇ ਹੀਣ ਭਾਵਨਾ ਦਾ ਸ਼ਿਕਾਰ ਵਿਖਾਈਆਂ ਗਈਆਂ ਹਨ। ਰੇਲ ਦੇ ਜਿਸ ਫੱਟੇ ਤੇ ਇਕ ਛੋਟਾ ਨਰ ਬਾਲ ਸੁੱਤਾ ਹੈ ਉਸ ਦੇ ਪੈਰਾਂ ਵਿਚ ਪੰਜ ਛੇ ਔਰਤਾਂ ਹੇਠਾਂ ਫਰਸ਼ 'ਤੇ ਬੈਠੀਆਂ ਸਨ ਤੇ ਇਹ ਪੁੱਛਣ ਤੇ ਕਿ ਉੱਪਰ ਕਿਉਂ ਨਹੀਂ ਬੈਠਦੀਆਂ ਕਹਿੰਦੀਆਂ ਸਨ ਮਰਦ ਜਾਤ ਦੇ ਬਰਾਬਰ ਕਿਵੇਂ ਬੈਠੀਏ ਅਸੀਂ "ਔਰਤ ਜ਼ਾਤ"। ਇਹ ਠੀਕ ਹੀ ਸੁਣਿਆ ਜਾਂਦਾ ਹੈ ਕਿ ਔਰਤ ਹੀ ਔਰਤ ਦੀ ਵੈਰਨ ਹੁੰਦੀ ਹੈ।

ਕਹਾਣੀ "ਪ੍ਰਬੰਧ-ਚੇਤਨਾ" ਵਿਚ ਇਕ ਲੇਖਕ ਦਾ ਸਨਮਾਨ ਹੋਣਾ ਹੈ ਕਿਸੇ ਸਿਆਸੀ ਵਿਅਕਤੀ ਦੇ ਹੱਥੋਂ ਕੋਈ ਝੰਡੀ ਵਾਲੀ ਕਾਰ ਤੇ ਆਇਆ ਹੈ। ਪਰ ਲੇਖਕ ਨੂੰ ਇਸ ਗੱਲ ਤੇ ਹੈਰਾਨੀ ਹੁੰਦੀ ਹੈ ਕਿ ਲੇਖਕ ਦੇ ਸਨਮਾਨ ਵਿਚ ਪੁਲਿਸ ਵਾਲਿਆਂ ਅਤੇ ਹਥਿਆਰਾਂ ਦਾ ਕੀ ਕੰਮ ? ਫਿਰ ਸਲਾਮੀ ਅਤੇ ਗੁਲਦਸਤੇ ਮੰਤਰੀ ਜੀ ਨੂੰ ਪੇਸ਼ ਹੁੰਦੇ ਹਨ ਜੋ ਉਸ ਦਾ ਸਨਮਾਨ ਕਰਨ ਆਏ ਹਨ। ਇਹ ਕੇਹਾ ਸਨਮਾਨ ਹੈ ਜਿਸ ਵਿਚ ਲੇਖਕ ਨੂੰ ਟਕੇ ਸੇਰ ਵੀ ਨਾ ਪੁੱਛਿਆ ਜਾਵੇ। ਇਹ ਕਹਾਣੀ ਸਿਸਟਮ ਤੇ ਵਿਅੰਗ ਹੈ।

ਤੁਲਸੀ ਕਹਾਣੀ, ਉਸ ਲੋਕ-ਕਲਾਕਾਰ ਤੁਲਸੀ ਦੀ ਕਹਾਣੀ ਹੈ, ਜੋ ਆਪਣੀ ਦਸਾਂ ਨਹੁੰਆਂ ਦੀ ਕ੍ਰਿਤ ਕਮਾਈ ਦੇ ਨਾਲ ਨਾਲ ਹੀ ਨ੍ਰਿਤਕਲਾ ਵਿਚ, ਰੋਜ਼ਾਨਾ ਅਭਿਆਸ ਦੇ ਸਿਰ 'ਤੇ ਹੀ ਕਮਾਲ ਦੀ ਮੁਹਾਰਤ ਹਾਸਲ ਕਰਦਾ ਹੈ।

ਹੱਕ ਜਿਨ੍ਹਾਂ ਦੇ ਆਪਣੇ "ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਗਈ ਕਹਾਣੀ ਹੈ। ਇਸ ਵਿਚ ਇਕ ਮਚਾਨ 'ਤੇ ਬੈਠੇ ਆਦਮੀ ਜਿਸ ਦੇ ਇਕ ਹੱਥ ਵਿਚ ਡਾਂਗ ਹੈ ਤੇ ਦੂਜੇ ਵਿਚ ਢੋਲ, ਜੋ ਬਾਜਰੇ ਦੇ ਖੇਤ ਦੀ ਰਾਖੀ ਵਾਸਤੇ ਹੈ, ਇਕ ਚਿੜੀ ਭਰਪੂਰ ਠੂੰਗਿਆ ਦਾ ਵਾਰ ਜਦੋਂ ਉਸ ਦੇ ਸਿਰ ਤੇ ਕਰਦੀ ਹੈ ਤਾਂ ਉਹ ਉਭਾਸਰਦਾ ਤੱਕ ਨਹੀਂ। ਵਣ ਪੰਛੀ ਇਸ ਬਨਾਵਟੀ ਪੁਰਖ ਤੋਂ ਹੀ ਡਰਦੇ ਖੇਤ ਚੁਗਣ ਨਹੀਂ ਆਉਂਦੇ ਸਨ। ਜਦੋਂ ਉਹਨਾਂ ਇਕ ਜੁੱਟ ਹੋ ਠੂੰਗਿਆਂ ਦਾ ਮੀਂਹ ਵਰ੍ਹਾਇਆ ਤਾਂ ਅਸਲੀ ਮਨੁੱਖ ਵੀ ਛਾਪਲ ਸਕਦਾ ਸੀ। ਜਿਸ ਪੂੰਜੀਵਾਦੀ ਪ੍ਰਬੰਧ ਨੂੰ ਅਸੀਂ ਬੜਾ ਸ਼ਕਤੀਸ਼ਾਲੀ ਸਮਝਦੇ ਹਾਂ ਵਿਚੋਂ ਉਹ ਵੀ ਕਿੰਨਾ ਕਮਜ਼ੋਰ ਹੈ। ਲੋੜ ਇਕ ਜੁੱਟ, ਤਿੱਖੀ, ਲੰਮੀ ਤੇ ਸਪੱਸ਼ਟ ਕਾਰਵਾਈ ਦੀ ਹੈ। "ਕੱਚੇ ਪੱਕੇ ਲੋਕ" ਪਿੰਡਾਂ ਦੇ ਦਲਿਤਾਂ ਅਤੇ ਪੱਛੜੀਆਂ ਜਾਤੀਆਂ ਵਾਲੇ ਲੋਕਾਂ ਦੀ ਕਰੁਣ-ਗਾਥਾ ਹੈ। ਉਨ੍ਹਾਂ ਦੇ ਹੱਥੀਂ ਪੱਕੇ ਮਕਾਨ ਬਣਦੇ ਹਨ। ਪਰ ਉਨ੍ਹਾਂ ਨੂੰ ਕੱਚੇ ਮਕਾਨਾਂ ਵਿਚ ਰਹਿਣਾ ਪੈਂਦਾ ਹੈ। ਉਨ੍ਹਾਂ ਦੇ ਮਕਾਨ ਪਿੰਡ ਦੇ ਸਭ ਤੋਂ ਨੀਵੇਂ ਥਾਂ 'ਤੇ ਹਨ। ਜਿਥੇ ਮੀਂਹਾਂ ਤੇ ਹੜ੍ਹਾਂ ਦਾ ਪਾਣੀ ਸਭ ਤੋਂ ਵੱਧ ਆਉਂਦਾ ਹੈ। ਤੇ ਐਤਕੀਂ ਵੀ ਜਦੋਂ ਹੜ੍ਹ ਦਾ ਪਾਣੀ ਵਧ ਰਿਹਾ ਹੈ ਉਹ ਆਪਣੇ ਕੱਚੇ ਪੱਕੇ ਮਕਾਨ ਦੀ ਛੱਤ 'ਤੇ ਬੈਠੇ ਕਿਸੇ ਸਹਾਇਤਾ ਦੀ ਆਸ ਵਿਚ ਹਨ। ਪਰ ਹੜ੍ਹ ਰੋਕੂ ਮਹਿਕਮੇ ਦੀ ਬੇੜੀ ਪਿੰਡ ਦੇ ਧਨਾਢ ਲੋਕਾਂ ਨੂੰ ਤਾਂ ਸੁਰੱਖਿਅਤ ਲੈ ਜਾਂਦੀ ਹੈ, ਉਨ੍ਹਾਂ ਕਥਿਤ ਨੀਵੇਂ ਲੋਕਾਂ ਨੂੰ ਉਨ੍ਹਾਂ ਦੇ ਹਾਲ ਉਤੇ ਹੀ ਛੱਡ ਦਿੱਤਾ ਜਾਂਦਾ ਹੈ। ਦਲਿਤ ਚੇਤਨਾ ਉਭਾਰਨ ਵਾਲੀਆਂ ਕਹਾਣੀਆਂ ਦੀ ਲੜੀ ਵਿਚ ਇਸ ਨੂੰ ਵਰਗ ਚੇਤਨਾ ਉਭਾਰਨ ਵਾਲੀ ਕਹਾਣੀ ਨਾਲ ਰੱਖ ਕੇ ਵੇਖਿਆ ਜਾ ਸਕਦਾ ਹੈ। ਇਸ ਵਿਚ ਸਰਕਾਰੀ ਮਸ਼ੀਨਰੀ ਦੀ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਬੈਠੇ ਵੇਖਕੇ ਵੀ, ਜੂੰ ਤੋਰ ਤੁਰਦੀ, ਰਾਹਤ ਕਾਰਗੁਜ਼ਾਰੀ ਤੇ ਵੀ ਵਿਅੰਗ ਕੱਸਿਆ ਹੈ। ਹੁਣ ਅਸੀਂ ਬਿਲਕੁਲ ਨਹੀਂ ਬਚ ਸਕਦੇ। ਪਹਿਲੇ ਸਰਵੇ ਹੋਵੇਗਾ ਤੇ ਪਿੱਛੋਂ ਜਿਹੜੇ ਬਚ ਰਹਿਣਗੇ ਉਨ੍ਹਾਂ ਨੂੰ ਬਚਾਇਆ ਜਾਵੇਗਾ।

"ਅੰਤ ਦਾ ਆਰੰਭ" ਕਹਾਣੀ ਵਿਚ ਲੇਖਕਾਂ ਦੀ ਕਿਸੇ

ਕਾਨਫਰੰਸ ਵਿਚ ਉਸ ਨੂੰ ਬਿਹਾਰ ਜਾਣਾ ਪੈਂਦਾ ਹੈ। ਇਸ ਕਹਾਣੀ ਵਿਚ ਲੇਖਕ ਆਪ ਹੀ ਆਪਣੀਆਂ ਕਹਾਣੀਆਂ ਦੇ ਵਿਸ਼ੇ-ਵਸਤੂ ਦੀ ਚਰਚਾ ਕਰਦਾ ਹੈ।

"ਇਸ ਕਹਾਣੀ ਦਾ ਵਿਸ਼ਾ ਉਹਦੀਆਂ ਪਹਿਲੀਆਂ ਕਹਾਣੀਆਂ 'ਚੋਂ ਬਹੁਤੀਆਂ ਨਾਲੋਂ ਕੋਈ ਵੱਖਰਾ ਨਹੀਂ ਸੀ। ਲਗਭਗ ਉਹਦੀ ਹਰ ਰਚਨਾ ਹੀ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਲੋਕਾਂ ਦੀ ਤ੍ਰਾਸਦੀ ਚਿਤਰਦੀ ਰਹੀ ਸੀ। ਕਿਸੇ ਨਾ ਕਿਸੇ ਰੂਪ ਵਿਚ ਲੋਕਾਂ ਦੀਆਂ ਵਿਲਕਣੀਆਂ, ਕਿਸੇ ਨਾ ਕਿਸੇ ਰੂਪ ਵਿਚ ਲੋਕਾਂ ਦੇ ਚੀਥੜੇ। ਚਿੱਟਿਆਂ ਕੱਪੜਿਆਂ ਵਿਚ ਲੁਕੀਆਂ ਗਿਰਝਾਂ ਤੇ ਉਨ੍ਹਾਂ ਰਾਹੀਂ ਚੂੰਡਿਆ ਜਾਂਦਾ ਲੋਕਾਂ ਦਾ ਮਾਸ। ਕਿਸੇ ਨਾ ਕਿਸੇ ਰੂਪ ਵਿਚ ਇਸ ਤਰ੍ਹਾਂ ਦਾ ਕਿੰਨਾ ਕੁਝ ਹੋਰ ਜੋ 'ਰਾਮ ਰਾਜ' ਵਿਚ ਲੋਕਾਂ ਦੇ ਚਿਹਰਿਆਂ ਭਾਵਾਂ ਜਾਂ ਸਰੀਰਾਂ ਤੋਂ ਪਰਤੱਖ ਉਹਨੂੰ ਦਿਸਦਾ ਸੀ।"

ਇਸ ਕਹਾਣੀ ਵਿਚ ਵਾੜ ਖੇਤ ਨੂੰ ਖਾ ਰਹੀ ਹੈ। ਨੇਤਾ ਅਬਲਾਵਾਂ ਨਾਲ ਜ਼ੋਰ ਜਬਰੀ ਕਰਦੇ ਹਨ। ਭੁੱਖ ਦੇ ਦੁੱਖ ਤੋਂ ਤੰਗ ਮਾਂ ਆਪਣੇ ਬੱਚੇ ਵੇਚ ਰਹੀ ਹੈ। ਪੈਸੇ ਵਾਲੇ ਲੋਕਾਂ ਲਈ ਕਿਸੇ ਦੀ ਵੀ ਇੱਜ਼ਤ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਨਹੀਂ। ਉਹ 'ਬਲਫ਼ੀ' ਬੈਲਾਡਿਲਾ' ਦੇ ਦੁਖਾਂਤ ਚਿਤਵ ਚਿਤਵ ਕੇ ਤੜਪਦਾ ਲੇਖਕ ਹਿਰਦਾ ਸੀ ਤੇ ਸਟੋਵ ਤੇ ਖਾਣਾ ਬਣਾਉਂਦਿਆਂ ਅੱਗ ਗਰੀਬ ਦੀ ਹੀ ਧੀ ਨੂੰ ਕਿਉਂ ਲਗਦੀ ਏ, ਇਸ ਤੋਂ ਉਹ ਪ੍ਰੇਸ਼ਾਨ ਸੀ। ਉਹ ਜੂਠੀਆਂ ਪੱਤਲਾਂ ਲਈ ਬੱਚਿਆਂ ਨੂੰ ਆਪੋ ਵਿਚ ਘਸੁੰਨ ਮੁੱਕੀ ਹੁੰਦੇ ਵੇਖਦਾ ਹੈ। ਤੇ ਫਿਰ ਜਦੋਂ ਉਨ੍ਹਾਂ ਬੱਚਿਆਂ ਦੀ ਮਾਂ ਦੋਵਾਂ ਤੋਂ ਦੋ ਪੱਤਲਾਂ ਖੁਦ ਝਪਟ ਲੈਂਦੀ ਹੈ ਤਾਂ ਲੇਖਕ ਦਾ ਮਾਂ ਦੀ ਮਮਤਾ ਤੋਂ ਵਿਸ਼ਵਾਸ ਡੋਲ ਜਾਂਦਾ ਹੈ। ਪਰ ਦੂਜੇ ਪਲ ਮਾਂ ਦੋਵਾਂ ਪੱਤਲਾਂ ਦੇ ਚਾਰ ਟੁਕੜੇ ਕਰ ਕੇ ਜਦੋਂ ਇਕ ਇਕ ਟੁਕੜਾ ਚਹੁੰਆਂ ਬੱਚਿਆਂ ਨੂੰ ਥਮਾ ਦਿੰਦੀ ਹੈ ਤਾਂ ਉਹ ਬੋਲ ਉੱਠਦਾ ਹੈ 'ਮਾਂ ਤੂੰ ਹਰ ਥਾਂ ਮਹਾਨ ਏਂ। ਤੇਰਾ ਕੋਈ ਸਾਨੀ ਨਹੀਂ। ਪਰ ਲੇਖਕ ਦਾ ਸਾਥੀ ਕਹਾਣੀ ਨੂੰ ਕੋਈ ਹੋਰ ਦਿਸ਼ਾ ਸੂਚਕ ਅੰਤ ਦੇਣਾ ਚਾਹੁੰਦਾ ਹੈ।

ਕਹਾਣੀ 'ਖਾਲਿਕ' ਵੀ ਮੁਲਕ ਦੀ ਸੰਪ੍ਰਦਾਇਕ ਸਥਿਤੀ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਛੋਟੇ ਜਿਹੇ ਅਹਾਤੇ ਵਾਲੀ ਛੋਟੀ ਜਿਹੀ ਪਿੰਡ ਦੀ ਮਸੀਤ ਨੂੰ ਵੱਡਿਆਂ ਤੋਂ ਸੁਣਿਆ ਸੀ ਕਿ ਕਦੇ ਇਥੇ ਸ਼ਿਵਾਂ ਦਾ ਮੰਦਰ ਹੁੰਦਾ ਸੀ ਦੇ ਆਧਾਰ 'ਤੇ ਆਜ਼ਾਦੀ ਤੋਂ ੩੦-੩੫ ਸਾਲ ਬਾਅਦ ਫਿਰ ਮੰਦਿਰ ਵਿਚ ਤਬਦੀਲ ਕਰ ਦਿੱਤਾ। ਪੂਰੇ ਪੰਜ ਵਰ੍ਹੇ ਲੱਗੇ ਸ਼ਾਨਦਾਰ ਮੰਦਿਰ ਬਣਦਿਆਂ। ਤੇ ਮੰਦਿਰ ਵਿਚ ਮੂਰਤੀ ਸਥਾਪਿਤ ਕਰਨ ਲਈ ਪਿੰਡ ਦੇ ਸ਼ਾਹ ਜੀ ਅਤੇ ਚਾਰ ਹੋਰ ਜੈ ਪੁਰ ਪੁੱਜ ਗਏ। ਉਥੇ ਗੰਗਾਦੀਨ ਨਾਂ ਦੇ ਇਕ ਮੂਰਤੀ ਘਾੜੇ ਦੇ ਕੰਮ ਦੀ ਬੜੀ ਧੁੰਮ ਸੀ। ਪਰ ਇਕ ਮੁਸ਼ਕਿਲ ਇਹ ਆਈ ਕਿ ਅੱਜ ਕੱਲ੍ਹ ਭਗਵਾਨ ਰਾਮ ਦੀਆਂ ਮੂਰਤੀਆਂ ਹੀ ਜ਼ਿਆਦਾ ਬਣ ਰਹੀਆਂ ਸਨ। ਸ਼ਾਇਦ ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਝਗੜੇ ਕਾਰਨ ਉਨ੍ਹਾਂ ਦੀ ਮੰਗ ਵਧ ਗਈ ਸੀ। ਮੁਸ਼ਕਿਲ ਨਾਲ ਗੰਗਾਦੀਨ ਦੀ ਬਣਾਈ 'ਸ਼ਿਵ-ਪਾਰਵਤੀ' ਦੀ ਇਕ ਮੂਰਤੀ ਜਿਹਨੂੰ ਕਲਾਕਾਰ ਨੇ ਅੰਤਿਮ ਛੋਹਾਂ ਨਹੀਂ ਦਿੱਤੀਆਂ ਸਨ ਉਹ ਸ਼ਾਹ ਜੀ ਨੇ ਖਰੀਦ ਕੇ ਸ਼ਾਨੋ ਸ਼ੌਕਤ ਨਾਲ ਪਿੰਡ ਪਹੁੰਚਾ ਦਿੱਤੀ। ਇਨ੍ਹਾਂ ਰੌਣਕਾਂ ਵਿਚ ਹਰ ਕੋਈ ਸ਼ਾਮਿਲ ਹੋਇਆ। ਸਿਵਾਏ ਉਨ੍ਹਾਂ ਦੇ ਜਿਹੜੇ ਹੈ ਈ ਨਾਸਤਕ ਸਨ ਤੇ ਜਿਨ੍ਹਾਂ ਲਈ ਰੱਬ ਰੁੱਬ ਕੋਈ ਸ਼ੈਅ ਈ ਨਹੀਂ ਸੀ। ਜਿਹੜੇ ਕਦੇ ਕਿਸੇ ਧਰਮ ਦਾ ਹਿੱਸਾ ਨਹੀਂ ਸਨ ਬਣਦੇ ਤੇ ਜਾਂ ਫਿਰ ਇਨ੍ਹਾਂ ਰੌਣਕਾਂ ਵਿਚ ਉਹ ਸ਼ਾਮਿਲ ਨਹੀਂ ਸੀ ਹੋਇਆ, ਜਿਸ ਕੋਲੋਂ ਇਹ ਥਾਂ ਖੋਹ ਲਈ ਗਈ ਸੀ। (ਮਸੀਤ ਵਾਲੀ ਜਿਸ ਵਿਚ ਉਹ ਰਿਫਿਊਜੀ ਰਹਿੰਦਾ ਸੀ।) ਤੇ ਜਿਹੜਾ ਆਪਣੀ ਪੈਲੀ ਵਿਚ ਹੀ ਝੁੱਗੀ ਬਣਾ ਕੇ ਰਹਿਣ ਲੱਗ ਪਿਆ ਸੀ। ਤੇ ਫਿਰ ਮਹੀਨੇ ਕੁ ਬਾਅਦ ਮੂਰਤੀ ਕਿਸੇ ਰਾਤ ਖੰਡਿਤ ਹੋ ਗਈ। ਇਕ ਕੰਨ ਛਿੱਲ ਦਿੱਤਾ ਗਿਆ। ਸ਼ੱਕ ਦੀ ਸੂਈ ਰਿਫਿਊਜੀ ਵੱਲ ਗਈ ਤੇ ਉਹਦੇ ਹਮਾਇਤੀ ਨਾਸਤਕਾਂ ਨੂੰ ਵੀ ਨਾਲ ਧਰ ਲਿਆ ਗਿਆ। ਉਨ੍ਹਾਂ ਤੇ ਹੱਥ ਗੋਡੇ ਚੱਲ ਰਹੇ ਸਨ ਕਿ ਅਚਾਨਕ ਮਿਸਤਰੀ ਗੰਗਾਦੀਨ ਪ੍ਰਗਟ ਹੋ ਗਿਆ ਕਿ ਇਨ੍ਹਾਂ ਨੂੰ ਨਾ ਮਾਰੋ। ਮੂਰਤੀ ਤੁਸਾਂ ਮੇਰੀ ਗ਼ੈਰ ਹਾਜ਼ਰੀ ਵਿਚ ਖਰੀਦੀ ਸੀ। ਇਸ ਦਾ ਕੰਨ ਚਿਹਰੇ ਦੇ ਹਿਸਾਬ ਜ਼ਰਾ ਵੱਡਾ ਸੀ। ਸੋ ਇਹ ਨੁਕਸ ਦੂਰ ਕਰਨ ਲਈ ਮੈਂ ਸੌ ਮੀਲ ਤੋਂ ਇਥੇ ਆਇਆ ਹਾਂ। ਹੁਣ ਗੰਗਾਦੀਨ ਤੇ ਇਹ ਦੋਸ਼ ਲੱਗਾ ਕਿ ਸਾਡੀ ਆਗਿਆ ਬਿਨਾ ਮੰਦਿਰ ਵਿਚ ਕਿਉਂ ਪ੍ਰਵੇਸ਼ ਕੀਤਾ ਸੋ ਮੁਆਫੀ ਮੰਗੇ ਮੂਰਤੀ ਤੋਂ। ਗੰਗਾਦੀਨ ਨੇ ਮੂਰਤੀ ਠੀਕ ਕਰਨ ਵਾਲੀ ਗੱਲ ਤਾਂ ਮੰਨਣੀ ਹੀ ਸੀ ਜਿਸ ਲਈ ਉਹ ਆਇਆ ਸੀ ਪਰ ਮੁਆਫੀ ਤੇ ਅੜ ਗਿਆ ਇਹ ਕਹਿ ਕੇ "ਮੈਂ ਇਹਦਾ ਖਾਲਿਕ ਹਾਂ... ਮੈਂ ਇਹਦੇ ਵਿਚ ਜਾਨ ਪਾਈ ਹੈ। ਤੇ ਹਾਲੀ ਵੀ ਇਹਦੇ ਵਿਚ ਨੁਕਸ ਹੈ ਜਿਸ ਨੂੰ ਮੈਂ ਠੀਕ ਕਰਨਾ ਹੈ। ਕਦੀ ਖ਼ਾਲਿਕ ਵੀ ਆਪਣੀ ਤਖ਼ਲੀਕ (ਰਚਨਾ) ਕੋਲੋਂ ਮੁਆਫੀ ਮੰਗਦਾ ਹੈ ? ਨਹੀਂ ਬਿਲਕੁਲ ਨਹੀਂ।

ਕਹਾਣੀ 'ਜੋ ਸਤਿਗੁਰਾਂ ਨੂੰ ਭਾਵੇਂ' ਅੰਧ ਵਿਸ਼ਵਾਸ ਦੇ ਬਖੀਏ ਉਧੇੜਦੀ ਹੈ। ਨਵੇਂ ਨਵੇਂ ਕਾਰੋਬਾਰਾਂ ਦੀ ਸਥਾਪਤੀ ਲਈ ਨਵੇਂ ਨਵੇਂ ਧਰਮ ਗੁਰੂਆਂ ਦੀ ਸੰਗਤ ਵਿਚ ਸ਼ਾਮਿਲ ਹੋਣਾ ਵਕਤੀ ਮਜਬੂਰੀ ਜਾਂ ਸਿਆਣਪ ਬਣ ਗਿਆ ਹੈ। ਲਾਲਾ ਜਗਨ ਨਾਥ ਆਪਣੇ ਦਿਲ ਦੀ ਬਾਈ ਪਾਸ ਸਰਜਰੀ ਤੋਂ ਪਹਿਲਾਂ ਇਸ ਤਰ੍ਹਾਂ ਦੇ ਹੀ ਇਕ ਡੇਰੇ ਤੇ ਆਪਣੇ ਸਤਿਗੁਰੂ ਬਖਤਾਵਰ ਸਿੰਘ ਜੀ ਤੋਂ ਅਸ਼ੀਰਵਾਦ ਲੈਣ ਜਾਂਦਾ ਹੈ ਪਰ ਨਿਰਾਸ਼ ਮੁੜਦਾ ਹੈ ਕਿ ਸਤਿਗੁਰੂ ਜੀ ਤਾਂ ਸਿੰਘਾਪੁਰ ਦੀਆਂ ਸੰਗਤਾਂ ਨੂੰ ਤਾਰਨ ਗਏ ਹਨ। ਸੋ ਆਪ੍ਰੇਸ਼ਨ ਤੋਂ ਪੰਜ ਦਿਨ ਬਾਅਦ ਜਦੋਂ ਉਹਨੂੰ ਬਰਾਂਡੇ ਵਿਚ ਤੋਰਿਆ ਜਾਂਦਾ ਹੈ ਤਾਂ ਸਾਹਮਣਿਓਂ ਇਕ ਹੋਰ ਮਰੀਜ਼ ਟੋਰ ਕੇ ਲਿਆਂਦਾ ਜਾ ਰਿਹਾ ਹੈ ਜੋ ਉਸ ਦਾ ਸਤਿਗੁਰ ਸੀ। ਸਤਿਗੁਰ ਜੀ ਦੇ ਚੇਲਿਆਂ ਦਾ

ਝੂਠ ਫੜੇ ਜਾਣ ਕਾਰਨ ਜਾਂ ਇਹ ਜਾਣ ਕੇ ਕਿ ਸਤਿਗੁਰ ਜੀ ਤਾਂ ਆਪ ਉਸ ਜਿਉਂ ਰੋਗੀ ਹਨ। ਸ਼ਰਧਾਲੂ ਸੇਠ ਜੀ ਨੂੰ ਚੱਕਰ ਆ ਜਾਂਦਾ ਹੈ ਤੇ ਹੁਣ ਆਪ੍ਰੇਸ਼ਨ ਦੀ ਵੀ ਜਿਵੇਂ ਡਾਢੀ ਪੀੜ ਛਿੜ ਪਈ ਹੋਵੇ। ਖੰਡਿਤ ਬਿੰਬ ਦੀ ਵਧੀਆ ਪੇਸ਼ਕਾਰੀ ਹੈ।

ਸਾਡਾ ਲੇਖਕ ਕਿਉਂ ਕਿ ਆਪ ਠੇਕੇਦਾਰੀ ਕਰਦਾ ਰਿਹਾ ਹੈ ਇਸ ਲਈ ਨਿਰਮਾਣ ਕਾਰਜ ਨਾਲ ਜੁੜੀਆਂ ਕਈ ਕਹਾਣੀਆਂ ਵੀ ਇਸ ਵਿਚ ਸ਼ਾਮਿਲ ਹਨ। 'ਮਿਹਨਤ ਦਾ ਸ਼ਾਹਕਾਰ' ਕਹਾਣੀ ਵਿਚ ਲਛਮਣ ਤੇ ਲੀਲ੍ਹਾ ਦੀ ਮਾੜਚੂ ਜਿਹੀ ਜੋੜੀ ਦੇ ਨਾਲ ਇਕ ਬਾਲ ਵੀ ਸੀ। ਠੇਕੇਦਾਰ ਨੇ ਦੂਜੇ ਮਜ਼ਦੂਰਾਂ ਤੋਂ ਇਕ ਇਕ ਰੁਪੈ ਰੋਜ਼ਾਨਾ ਘੱਟ ਦਿਹਾੜੀ ਤੇ ਉਨ੍ਹਾਂ ਨੂੰ ਰੱਖ ਲਿਆ। ਪਰ ਪਹਿਲੇ ਮੀਹਨੇ ਘੱਟ ਦਿਹਾੜੀ ਦੇਣ ਦਾ ਉਸ ਦੇ ਸੰਵੇਦਨਸ਼ੀਲ ਮਨ ਨੇ ਸੋਗ ਮਨਾਇਆ ਕਿਉਂ ਜੁ ਉਹ ਲੇਖਕ ਵੱਧ ਤੇ ਠੇਕੇਦਾਰ ਘੱਟ ਸੀ। ਪਰ ਜਦੋਂ ਸਲੈਬ ਪੈਣੀ ਸੀ ਤਾਂ ਪੰਜੀ ਬੰਦਿਆਂ ਦਾ ਕੰਮ ਸੋਲਾਂ ਬੰਦਿਆਂ ਨਾਲ ਹੀ ਸਿਰਫ ਦੋ ਘੰਟੇ ਵੱਧ ਲਾ ਕੇ ਲੀਲਾ ਤੇ ਲਛਮਣ ਨੇ ਸਿਰੇ ਚਾੜ੍ਹ ਦਿੱਤਾ ਅਤੇ ਇਸ ਅਰਸੇ ਵਿਚ ਉਹਨਾਂ ਦਾ ਬਾਲ ਉਹਨਾਂ ਦੇ ਕੰਮ ਵਿਚ ਖਲਲ ਨਾ ਪਾਏ ਉਸ ਨੂੰ ਅਫੀਮ ਦੇ ਕੇ ਸੁਆ ਛੱਡਿਆ। ਮਾਲਕ ਦੇ ਕੰਮ ਲਈ ਬੱਚੇ ਨੂੰ ਅਫੀਮ ਮਲੂਕ ਜਿਹੇ ਨੂੰ ਤੇ ਜੇ ਰਤਾ ਵਧ ਦਿੱਤੀ ਜਾਂਦੀ ਤਾਂ ਜੁ ਵਰਗ ਚੇਤੰਨ ਕਹਾਣੀਕਾਰ ਨੂੰ ਉਹਦੇ ਬਾਰੇ ਚਿਤਵੇ ਸ਼ਬਦ 'ਮਾਲਕ' ਪ੍ਰਤੀ ਉਹਦੀ ਘਿਰਨਾ ਹੋਰ ਵਧ ਗਈ ਮਹਿਸੂਸ ਹੁੰਦੀ ਹੈ ਇਹੋ ਉਸ ਦੀ ਕਹਾਣੀ ਕਲਾ ਦੀ ਕਲਾਤਮਕਤਾ ਹੈ ਤੇ ਇਹੋ ਉਸਦੀ ਸਮਾਜਿਕ ਚੇਤੰਨਤਾ ਦਾ ਪੈਮਾਨਾ ਹੈ। ਗਰੀਬ ਮਜ਼ਦੂਰ ਉਸ ਮਾਲਕ ਦੇ ਕੰਮ ਲਈ ਸਭ ਕੁਝ ਦਾਅ ਤੇ ਲਾ ਦਿੰਦਾ ਹੈ ਜੋ ਉਨ੍ਹਾਂ ਨੂੰ ਦਿਹਾੜੀ ਵੀ ਪੂਰੀ ਨਹੀਂ ਦਿੰਦਾ।

ਸਾਹਿਬ ਨਾਂ ਦੀ ਕਹਾਣੀ ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਗਈ ਹੈ ਅਤੇ ਪਿੱਛਲਖੁਰੀ ਮੋੜ ਵਾਲਿਆਂ ਤੇ ਡਾਢਾ ਵਿਅੰਗ ਇਸ ਵਿਚ ਦਰਜ ਹੈ। ਕਿਸੇ ਕਲਪਿਤ 'ਸਾਹਿਬ' ਦੇ ਸਰਾਪ ਜਾਂ ਵਰਦਾਨ ਨਾਲ ਪਿੰਡ ਦੀ ਤਬਾਹੀ ਜਾਂ ਤਰੱਕੀ ਨੂੰ ਜੋੜ ਲਿਆ ਜਾਂਦਾ ਹੈ। ਜਿਸ ਸਾਹਿਬ ਜਾਂ ਉਸ ਦੀ ਉਲਾਦ ਵਾਪਸ ਪਿੰਡ ਵਿਚ ਲਿਆਉਣ ਦੀ ਲਿੱਲ ਹੇਠ ਪਿੰਡ ਵਾਲੇ ਇਕ ਵੇਰ ਚੌਧਰੀ ਸਾਹਿਬ ਪਾਸੋਂ, ਇਕਵੇਰ ਸਰਦਾਰ ਜੀ ਤੋਂ ਤੇ ਅਤੇ ਤੀਜੀ ਵੇਰ ਸ਼ਾਹ ਜੀ ਤੋਂ ਠੱਗੇ ਜਾਂਦੇ ਹਨ। ਉਨ੍ਹਾਂ ਅੱਗੇ ਲੋਕ ਆਪਣੀ ਛੋਲੀ ਪੂਣੀ, ਟੂਬ ਟੱਲਾ ਪੈਸਾ ਟਕਾ ਢੇਰ ਕਰਦੇ ਹਨ ਤੇ ਉਹ ਪੰਜ ਪੰਜ ਸਾਲ ਲਈ ਸੁਖ ਲੈਂਦੇ ਹਨ। ਇਹ ਸਾਡੀ ਚੋਣ ਪ੍ਰਣਾਲੀ ਦੀ ਤਸਵੀਰ ਵੀ ਹੈ। ਲੁਭਾਉਂਦੇ ਫਰਜ਼ੀ ਨਾਹਰਿਆਂ ਦੇ ਸਿਰ ਤੇ ਸੱਤਾ ਹਥਿਆਈ ਜਾਂਦੀ ਹੈ। ਜਨਤਾ ਦੀ ਕਿਸੇ ਨੂੰ ਚਿੰਤਾ ਨਹੀਂ। ਉਹਨੂੰ ਪੰਜ ਸਾਲਾਂ ਬਾਅਦ ਠੱਗ ਲਿਆ ਜਾਂਦਾ ਹੈ। ਸਾਰੇ ਪਿੰਡ ਵਿਚ ਰੋਸ਼ਨੀ ਦੀ ਚਿਣਗ ਸਿਰਫ ਸਕੂਲ ਮਾਸਟਰ ਦੇ ਮੁੰਡੇ ਪਾਸ ਹੈ ਉਸ ਨੂੰ ਵਿਚਲੀ ਗੱਲ ਦਾ ਪਤਾ ਸੀ ਪਰ ਉਹ ਵੀ ਕਹਿੰਦਾ ਹੈ ਕਿ "ਤੁਹਾਨੂੰ ਦੱਸਦਾ ਤੇ ਸਿਰ ਪੜਵਾਂਦਾ ਆਪਣਾ"। ਅੰਧ ਵਿਸ਼ਵਾਸੀ ਲੋਕ ਵਾਰ ਵਾਰ ਠੱਗੇ ਜਾ ਕੇ ਵੀ ਸੱਚੀ ਗੱਲ ਸੁਣਨ ਲਈ ਕਦੋਂ ਤਿਆਰ ਹੋਣਗੇ ਇਸੇ ਤੇ ਦੇਸ਼ ਦਾ ਉੱਜਲ ਭਵਿੱਖ ਨਿਰਭਰ ਕਰਦਾ ਹੈ।

ਅੰਤਿਮ ਕਹਾਣੀ 'ਬੁਰਜੀ' ਵਿਚ ਸੜਕ ਮਹਿਕਮੇ ਦੀਆਂ ਹੇਰਾ ਫੇਰੀਆਂ ਦਾ ਵੀ ਬਖਾਨ ਹੈ ਅਤੇ ਧੁੰਧਵਾਦੀ ਸੋਚ ਵਾਲਿਆਂ ਦੀਆਂ ਸਾਜਿਸ਼ਾਂ ਅਤੇ ਹੇਰਾਫੇਰੀਆਂ ਦਾ ਵੀ ਪਰਦਾ ਫਾਸ਼ ਹੁੰਦਾ ਹੈ। ਜਿਸ ਨਾਲ ਉਹ ਪੁਨਰ ਜਾਗਰਣ ਦੀ ਲਹਿਰ ਚਲਾ ਕੇ ਸਾਂਝੀਆਂ ਥਾਵਾਂ ਤੇ ਕਬਜ਼ੇ ਕਰਦੇ ਹਨ ਅਤੇ ਆਪਣੇ ਪ੍ਰਤਿਸ਼ਠਾਨਾਂ ਨੂੰ ਚਮਕਾਉਂਦੇ ਹਨ। ਬੁਰਜੀ ਵਿਚ ਕਿਸੇ ਦੇਵੀ ਨੂੰ ਪ੍ਰਗਟ ਕਰਕੇ ਸੜਕ ਉਹਦੀ ਕਿਰਪਾ ਨਾਲ ਬਣਨ ਦੀ ਗੱਲ ਪਰਚਾਰੀ ਗਈ। "ਪਿੰਡ ਵਿਚੋਂ ਕਿਸੇ ਨਾਸਤਕ ਨੇ ਇਸ ਧਾਰਨਾ ਵਿਰੁੱਧ ਰੌਲਾ ਪਾਇਆ ਪਰ ਉਹਦੇ ਵੱਲ ਕਿਸੇ ਨੇ ਧਿਆਨ ਹੀ ਨਾ ਦਿੱਤਾ। ਉਹਨੂੰ ਆਪਣੀ ਹਸਤੀ ਉਤੇ ਸ਼ਰਮ ਆਉਣ ਲੱਗ ਪਈ ਕਿ ਏਨੇ ਚਿਰ ਦਾ ਪਿੰਡ ਵਿਚ ਰਹਿੰਦਿਆਂ ਵੀ ਉਹ ਕੁਝ ਹਮਾਇਤੀ ਕਿਉਂ ਨਹੀਂ ਸੀ ਜੁਟਾ ਸਕਿਆ ਆਪਣੇ ਨਾਲ।"

ਉਪਰੋਕਤ ਅਤੇ ਹੋਰ ਇਹੋ ਜਿਹੇ ਕਈ ਸੁਆਲ ਖੱਬੀ ਲਹਿਰ ਦੇ ਚਿੰਤਕਾਂ ਦੇ ਮੱਥੇ ਵਿਚ ਦਾਗਣ ਦਾ ਬਿਖਮ ਕਾਰਜ ਵੀ ਸਾਡਾ ਕਹਾਣੀਕਾਰ ਕਰ ਰਿਹਾ ਹੈ। ਅੱਜ ਜਿਸ ਦੌਰ ਵਿਚੋਂ ਦੇਸ਼ ਦੇ ਸਧਾਰਨ ਜਨ ਲਈ ਆਸ਼ਾ ਦੀ ਕਿਰਣ, ਕਦੇ ਬਣੀ, ਖੱਬੀ ਲਹਿਰ ਗੁਜ਼ਰ ਰਹੀ ਹੈ- ਇਸ ਤਰ੍ਹਾਂ ਦੇ ਪ੍ਰਸ਼ਨਾਂ ਦੁਆਰਾ ਹੀ ਉਸ ਦੀ ਲੀਹੋਂ ਲੱਥੀ ਗੱਡੀ ਨੂੰ ਮੁੜ ਪਟੜੀ 'ਤੇ ਲਿਆਂਦਾ ਜਾ ਸਕਦਾ ਹੈ। ਗਹਿਰ ਗੰਭੀਰ, ਚਿੰਤਨ, ਮਨਨ, ਆਲੋਚਨਾ ਅਤੇ ਆਤਮ ਆਲੋਚਨਾਂ ਵਿਚੋਂ ਲੰਘੇ ਬਿਨਾ ਅਸੀਂ ਆਪਣੀਆਂ ਕਮਜ਼ੋਰੀਆਂ ਦੀ ਨਿਸ਼ਾਨ ਦੇਹੀ ਕਰ ਕੇ ਇਨ੍ਹਾਂ ਤੇ ਕਾਬੂ ਨਹੀਂ ਪਾ ਸਕਦੇ। ਕੋਮਲ ਨੇ ਆਪਣੀਆਂ ਕਹਾਣੀਆਂ ਦੇ ਰੂਪਕ ਪੱਖ ਨਾਲ ਭਾਵੇਂ ਕੁਝ ਖੁੱਲ੍ਹਾਂ ਲੈ ਲਈਆਂ ਹਨ ਪਰ ਉਸ ਦਾ ਵਸਤੂ ਪੱਖ ਬੜਾ ਸ਼ਕਤੀਸ਼ਾਲੀ ਅਤੇ ਸਾਰ ਗ੍ਰਭਿਤ ਹੈ। ਇਹ ਕਹਾਣੀਆਂ ਕਿਸੇ 'ਜੀਵੰਤ ਉਦੇਸ਼' ਅਤੇ ਉਸ ਦੀ ਪੂਰਤੀ ਹਿਤ ਲਿਖੀਆਂ ਗਈਆਂ ਹਨ। ਅੱਜ ਜਦੋਂ ਕਿ ਪੰਜਾਬੀ ਗਲਪ ਵਿਚ ਦੇਹਵਾਦ ਨੂੰ ਮੁੜ ਉਭਾਰਿਆ ਜਾ ਰਿਹਾ ਹੈ, ਜੀਵਨ ਮੁੱਲਾਂ ਨਾਲ ਉਤਪੋਤ ਆਪਣੀਆਂ ਕਹਾਣੀਆਂ ਸਦਕਾ ਹਰਭਜਨ ਸਿੰਘ ਕੋਮਲ ਇਸ ਬੇਸੁਰੇ ਰਾਗ ਵਿਰੁੱਧ, ਜਾਗਦੇ ਰਹੋ ਦਾ ਪਹਿਰੇਦਾਰ ਬਣ ਕੇ ਨਿੱਤਰਿਆ ਹੈ। ਉਸਦੀ ਮਾਨਵਵਾਦੀ ਰਚਨਾ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਘੋਖਣ ਪਰਖਣ ਦੀ ਲੋੜ ਹੈ। ਪੰਜਾਬੀ ਕਹਾਣੀ ਦੇ ਪਿੜ ਵਿਚ ਉਸ ਦੇ ਦਖਲ ਤੋਂ ਸਾਰਥਿਕ ਨਤੀਜਿਆਂ ਦੀ ਆਸ ਰੱਖਣੀ ਚਾਹੀਦੀ ਹੈ।

—ਕਰੀਵਾਲਾ (ਸਿਰਸਾ)

੧੨੫੦੭੫ (੧੮.੪.੨੦੦੬)

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

Pinoneer Manufacturer in India of

- **Automatic machines for producing Biscuits**
- **Automatic machines for producing Wafers**

and

Makers of High quality Biscuits

BBL FOODS PVT. LTD.

Santosh Nagar (X) Roads, Hyderabad-500 059 India

Ph.:— +91-40-4530680, 82,84 Fax :— +91-40--4530475

E-mail:amber @hd1.vsnl.net.in

Balvinder Pal Singh	**Lakhbir Singh Muchhal**	**Sukhwinder Kaur**
Manging Director	*Director*	*Director*
Ph.: 9391048734	*Ph.: 9848050607*	*Ph.: 9391046298*

ਸੰਤ ਬਲਬੀਰ ਸਿੰਘ ਸੀਚੇਵਾਲ

(ਨਵੀਆਂ ਰਾਹਾਂ ਦਾ ਵਣਜਾਰਾ)

—ਅਜੈਬ ਸਿੰਘ

ਕਈ ਕਲਾਂ ਸੰਪੂਰਨ— ਸੰਤ ਬਲਬੀਰ ਸਿੰਘ,
ਕਈ ਦਰਦਾਂ ਦਾ ਚੂਰਨ—ਸੰਤ ਬਲਬੀਰ ਸਿੰਘ,
ਪ੍ਰਦੂਸ਼ਨ ਨੂੰ ਘੂਰਨ—ਸੰਤ ਬਲਬੀਰ ਸਿੰਘ,
ਪਿੰਗਲਵਾੜੇ ਦਾ 'ਪੂਰਨ'—ਸੰਤ ਬਲਬੀਰ ਸਿੰਘ।

ਸੰਤ ਬਥੇਰੇ ਦੇਖੇ ਸੇਵਾ ਕਰਵਾਉਂਦੇ,
ਪੁਰਾਤਨਤਾ ਨੂੰ ਢਾ ਕੇ ਸੰਗਮਰਮਰ ਲਗਵਾਉਂਦੇ।
ਵਿਚ ਸਰੋਵਰ ਵੜ ਕੇ ਗਾਰਾਂ ਕਢਵਾਉਂਦੇ,
ਸੋਨਾ ਥਾਂ-ਥਾਂ ਲਾ ਗੁੰਬਦ ਚਮਕਾਉਂਦੇ।

ਪਰ ਨਾਨਕ ਦੀ ਵੇਂਈਂ ਸੁੱਕਦੀ ਸੁੱਕ ਗਈ,
ਗੰਗਾ ਵਾਂਗ ਪਵਿੱਤਰ ਮੁੱਕਦੀ ਮੁੱਕ ਗਈ।
ਕਿਸੇ ਨਾ ਪੂੰਝੇ ਹੰਝੂ ਏਸ ਵਿਚਾਰੀ ਦੇ,
ਲੁੱਟੇ ਗਏ ਅਰਮਾਨ ਕਰਮਾਂਹਾਰੀ ਦੇ।

ਇਕ ਉਦਾਸੀ ਵਿਚ ਮੈਦਾਨ ਦੇ ਕੁੱਦ ਗਿਆ,
ਗੁਪਤ ਗੰਗਾ ਨੂੰ ਵੇਖਣ ਧੁਰ ਤੱਕ ਖੁੱਦ ਗਿਆ।
ਜਿਵੇਂ ਨਰੰਜਨੀ ਨਦੀ ਤੇ ਤੁਰਦਾ ਬੁੱਧ ਗਿਆ,
ਸਾਰੇ ਡੁੱਲ੍ਹੇ ਬੇਰਾਂ ਨੂੰ ਤੱਕ ਸੋਚਾਂ ਵਿਚ ਰੁੱਝ ਗਿਆ।

ਪਹਿਲਾਂ ਲੋਕਾਂ ਨੂੰ ਸਮਝਾਇਆ,
ਪਿੰਡ ਪਿੰਡ ਜਾ ਕੇ ਟੱਲ ਖੜਕਾਇਆ।
ਵੇਈਂ ਦੀ ਪ੍ਰਭਤਾ ਸਮਝਾਈ,
ਨਾਨਕ ਇਸ ਵਿਚ ਟੁੱਭੀ ਲਾਈ।
ਮਹਾਂਸ਼ਕਤੀ ਦੇ ਦਰਸ਼ਨ ਕਰਕੇ,
ਲੈ ਬਖਸ਼ਸ਼ਾਂ ਨਾਮ, ਗਰੀਬੀ,
ਦੁਨੀਆਂ ਸੋਧਣ ਦੀ ਫਿਰ ਕੀਤੀ।

ਐਡਾ ਕੀਮਤੀ ਵਿਰਸਾ ਸਾਡਾ,
ਜਦ ਲੋਕਾਂ ਦੀ ਸਮਝੀਂ ਆਇਆ।
ਘੱਤ ਵਹੀਰਾਂ ਲੋਕੀਂ ਪੁੱਜੇ,
ਸੇਵਾ ਲੱਗੇ ਜਿਤ ਸੰਤਾਂ ਲਾਇਆ।
ਸੜੇ ਬੁੱਸੇ ਪਾਣੀ ਵਿਚ ਪਹਿਲਾਂ,
ਜਦ ਸੰਤਾਂ ਨੇ ਟੁੱਭੀ ਲਾਈ।
ਮਗਰੇ ਲੋਕਾਂ ਮਾਰੀਆਂ ਛਾਲਾਂ,
ਚਲ-ਸੋ-ਚਲ ਫਿਰ ਘਾਲ ਕਮਾਈ।
ਬੂਟੀਆਂ ਛੂਟੀਆਂ ਸਭ ਕੱਢ ਮਾਰੇ,
ਅਦਭੁੱਤ ਹੁੰਦੀ ਜਾਏ ਸਫਾਈ।

ਕਰ ਕੇ ਸੇਵਾ ਮੀਲਾਂ ਤੀਕਰ,
ਫਿਰ ਵੇਈਂ ਵਿਚ ਜਾਨ ਸੀ ਪਾਈ।

ਥਾਂ-ਥਾਂ ਘਾਟ ਪਉੜੀਆਂ ਫੱਬਨ,
ਬ੍ਰਿਖਾਂ ਦੀਆਂ ਕਤਾਰਾਂ ਸੱਜਨ,
ਖੁਲ੍ਹੀਆਂ ਸੜਕਾਂ ਕਾਰਾਂ ਭੱਜਣ,
ਹਰਿਆਲੀ ਦਾ ਦਿੱਸੇ ਕੱਜਨ।
ਤਿਓਹਾਰਾਂ ਤੇ ਰੌਣਕਾਂ ਲੱਗਣ
ਨਾਨਕ ਦੇ ਜੈਕਾਰੇ ਗੱਜਣ।

ਸਾਲਾਂ ਬੱਧੀ ਸੇਵ ਕਮਾਈ,
ਆਖਰ ਐਸਾ ਰੰਗ ਲਿਆਈ,
ਉਜੜੀ ਪੁਜੜੀ ਵੇਈਂ ਦੀ
ਕਾਯਾ ਕਲਪ ਹੈ ਕਰ ਦਿਖਲਾਈ!
ਸ਼ਾਹਕਾਰ ਇਹ ਕਿਦਾਂ ਹੋਇਆ ?
ਕਿਥੋਂ ਆਏ ਐਡ ਖਜਾਨੇ ?
ਕੇਵਲ ਬਾਬਾ ਨਾਨਕ ਜਾਣੇ!

ਸੀਚੇਵਾਲ ਦੇ ਰੋਸ਼ਨ ਤਾਰੇ,
ਸੜਕਾਂ ਵਾਲੇ ਬਾਬੇ ਪਿਆਰੇ,
ਪ੍ਰਦੂਸ਼ਨ ਨੂੰ ਹੱਥ ਪਾਏ ਕਰਾਰੇ,
ਖੋਲ੍ਹੇ ਵਿੱਦਿਆ ਲਈ ਅਦਾਰੇ,
ਮਾਨੁੱਖਤਾ ਲਈ ਸਭੋਂ ਚਾਰੇ
ਤੈਥੋਂ ਜਾਈਏ ਵਾਰੇ-ਵਾਰੇ
ਨਵੀਆਂ ਰਾਹਾਂ ਦੇ ਵਣਜਾਰੇ।

ਅਸੀਸ, ਦੀ ਮਾਲ, ਕਪੂਰਥਲਾ

ਸ਼ਾਮ ਕਿਨਾਰੇ

—ਕੁਲਵੰਤ ਜਗਰਾਉਂ

— ਧਰਤੀ ਉੱਤੋਂ ਪਹੁੰਚਿਆ, ਚੰਨ ਉੱਤੇ ਇਨਸਾਨ।
ਰਹਿੰਦੀ ਐ ਪਰ ਉਸ ਦੀ ਲੰਮੀ ਅਜੇ ਉਡਾਣ।

— ਲੱਖਾਂ ਕਾਢਾਂ ਕੱਢੀਆਂ ਖੋਜ ਰਿਹਾ ਬ੍ਰਹਿਮੰਡ
ਬੰਦਾ ਆਪਣੇ ਆਪ ਨੂੰ ਪਰ ਨਾ ਸਕਿਆ ਜਾਨ।

— ਸਭ ਸੁੱਖ ਹੁੰਦੇ ਸੁੰਦਿਆਂ ਫਿਰ ਵੀ ਰਹੇ ਉਦਾਸ,
ਤ੍ਰਿਸ਼ਨਾਵਾਂ ਦੇ ਲੋਭ ਵਿਚ ਬੰਦਾ ਜੋ ਗਲਤਾਨ।

— ਟੀ. ਵੀ., ਸਿਨਮੇ ਨਾਚ ਘਰ, ਜਿੰਨੇ ਵਧੇ ਕਲੱਬ
ਬੰਦਾ ਭੁੱਲਿਆ ਆਪਣੀ ਓਨੀ ਹੀ ਪਹਿਚਾਣ।

— ਰਿਸ਼ਵਤ ਖੋਰ ਬਲੈਕੀਏ ਅਤੇ ਮਿਲਾਵਟਖ਼ੋਰ
ਸਮਝਣ ਰੱਬ ਖੁਸ਼ ਕਰ ਲਿਆ ਕਰਦੇ ਕੌਡੀ ਦਾਨ।

— ਧੰਨ ਦੌਲਤ ਦੇ ਢੇਰ ਹਨ, ਫਿਰ ਵੀ ਨੀਅਤ ਕੰਗਾਲ
ਕੋਲ ਸਬਰ ਸੰਤੋਖ ਜਿਸ, ਉਹ ਅਸਲੀ ਧਨਵਾਨ।

— ਭੋਂਡੀ ਸਾਧ ਜੋ ਧਰਮ ਦੀ ਸਿੱਖਿਆ ਦੇਂਦੇ ਰੋਜ਼
ਫਸ ਖੁਦ ਮਾਇਆ ਜਾਲ ਵਿਚ ਆਪਣਾ ਜਨਮ ਗਵਾਣ।

— ਅਸਗਾਹ ਅਤੇ ਅਸੀਮ ਜੋ ਬ੍ਰਹਿਮੰਡ ਹੈ ਅਨੰਤ
ਉਸ ਦੇ ਰਚਨਾਹਾਰ ਨੂੰ ਅਕਲ ਸਕੇ ਕਿੰਝ ਜਾਣ।

— ਮੁਜਰਿਮ, ਹਾਕਮ, ਮੁਨਸਫ਼ਾ ਵਿਚ ਹੋਵੇ ਜਦ ਮੇਲ
ਸੱਚ ਫ਼ਾਂਸੀ ਤੇ ਲਟਕਦਾ ਕੂੜ ਬਣੇ ਪ੍ਰਧਾਨ

— ਬੇਰੁਜ਼ਗਾਰੀ ਭੁੱਖ ਤੇ ਵਧੀ ਗਰੀਬੀ ਹੋਰ
ਖੁਸ਼ਹਾਲੀ ਦੇ ਰੋਜ਼ ਪਰ ਨੇਤਾ ਦੇਣ ਬਿਆਨ।

— ਡਰ ਕੇ ਚੁੱਪ ਹੋ ਜਾਂਵਦੇ, ਬਾਕੀ ਨੇ ਸਭ ਲੋਕ
ਕੁਝ ਗੁੰਡੇ ਮਿਲ ਕਰਨ ਜਦ ਮਾਨਵਤਾ ਦਾ ਘਾਣ।

— ਪੂੰਜੀਪਤੀ, ਵਪਾਰੀਆਂ ਸਾਮਰਾਜੀਆਂ ਫੇਰ
ਹੱਸਦੀ ਵਸਦੀ ਧਰਤ ਨੂੰ ਕੀਤਾ ਲਹੂ ਲੁਹਾਨ।

— ਲਾਉਂਦੇ ਅੱਗ ਜੋ ਅਮਨ ਨੂੰ ਲੋਟੂ ਹੇਂਕੜਬਾਜ਼
ਰਾਖੇ ਵਿਸ਼ਵ ਅਮਨ ਦੇ ਜਾਬਰ ਉਹ ਅਖਵਾਣ।

— ਕਿਧਰੇ ਭਾਂਬੜ ਅੱਗ ਦੇ, ਕਿਧਰੇ ਚੀਕਾਂ ਵੈਣ
ਕੀਤੀ ਫਿਰਕੂ ਲੀਡਰਾਂ ਰੰਗਲੀ ਧਰਤ ਵੀਰਾਨ।

— ਹਿੰਸਾ ਨਫ਼ਰਤ ਜੰਗ ਹਨ ਕਰਦੇ ਸਦਾ ਵਿਨਾਸ਼
ਪਿਆਰ ਅਮਨ ਤੇ ਦੋਸਤੀ ਸਦਾ ਬਹਾਰ ਲਿਆਣ।

— ਜੇ ਲੜਣਾ ਹੈ ਲੜੇ ਫਿਰ ਬੰਦਾ ਬਦੀਆਂ ਨਾਲ
ਮਾਰੇ ਆਪਣੇ ਅੰਦਰੋਂ ਬੈਠਾ ਜੋ ਸ਼ੈਤਾਨ।

— ਜ਼ਾਲਿਮ ਨੀਚ ਹੈ ਮਾਰਦਾ ਬੇਦੋਸ਼ੇ ਮਾਸੂਮ
ਜਾਬਰ ਨੂੰ ਵੰਗਾਰਦਾ ਪਰ ਅਸਲੀ ਬਲਵਾਨ।

— ਮਹਿਲਾਂ ਅੰਦਰ ਰੌਸ਼ਨੀ ਝੁੱਗੀਆਂ ਵਿਚ ਹਨੇਰ
ਪਾੜਾ ਮੇਟੇ ਬਿਨਾਂ ਨਾ ਹੋਣਾ ਅਮਨ ਅਮਾਨ।

— ਕੰਪਿਊਟਰ ਕਾਲੋਨ ਤੇ ਕਰ ਰਾਕਟ ਦੀ ਖੋਜ
ਬੰਦਾ ਰੋਬਟ ਬਣ ਗਿਆ ਲੱਗਾ ਹੁਣ ਪਛਤਾਣ।

— ਉਨ੍ਹਾਂ ਤਾਈਂ ਹਰ ਕੋਈ ਜੱਗ ਵਿਚ ਕਰੇ ਪਿਆਰ
ਫੁੱਲਾਂ ਵਾਂਗ ਜੋ ਵੰਡਦੇ ਖੁਸ਼ਬੂ ਤੇ ਮੁਸਕਾਨ।

— ਬੁੱਧ ਈਸਾ ਰਵੀਦਾਸ ਜੀ ਨਾਨਕ ਭਗਤ ਕਬੀਰ
ਵਿਚ ਹਨੇਰੇ ਅਜ ਵੀ ਰਾਹ ਸਾਡਾ ਰੁਸ਼ਨਾਣ।

— ਦਰਦ ਵੰਡਾਈਏ ਕਿਸੇ ਦਾ ਆਈਏ ਕਿਸੇ ਦੇ ਕੰਮ
ਬਾਕੀ ਬਚਿਆ ਸਮਾਂ ਜੋ, ਉਸ ਨੂੰ ਲਈਏ ਮਾਣ।

— ਸੂਬ੍ਹਾ ਤਾਂ ਹੈ ਸੀ ਪਲ ਛਿਣ, ਫਿਰ ਢਲ ਗਈ ਦੁਪਹਿਰ
ਖੇੜਾ ਵੰਡ 'ਕੁਲਵੰਤ' ਤੂੰ ਸ਼ਾਮ ਕਿਨਾਰੇ ਆਣ।

੪-ਸ਼ਹੀਦ ਕਰਨੈਲ ਸਿੰਘ ਨਗਰ ਫੇਜ਼-੨
ਪੱਖੋਵਾਲ ਰੋਡ, ਲੁਧਿਆਣਾ।

ਦੋ ਗ਼ਜ਼ਲਾਂ / *ਮਹਿਮਾ ਸਿੰਘ ਹਲਵਾਰਵੀ*

ਸਦੀਵੀ ਪਿਆਰ ਨੂੰ ਹੀ ਭਾਲਦੇ ਹਾਂ।
ਉਸੇ ਕਰਤਾਰ ਨੂੰ ਹੀ ਭਾਲਦੇ ਹਾਂ।

ਰੁਲੇ ਹੋਏ ਅਜੇ ਵੀਰਾਨਿਆਂ ਵਿਚ,
ਖਿੜੀ ਗੁਲਜ਼ਾਰ ਨੂੰ ਹੀ ਭਾਲਦੇ ਹਾਂ।

ਜੋ ਉਠਦੀ ਹੈ ਕਿਸੇ ਮਜ਼ਲੂਮ ਖਾਤਰ,
ਉਸੇ ਤਲਵਾਰ ਨੂੰ ਹੀ ਭਾਲਦੇ ਹਾਂ।

ਨਹੀਂ ਹੈ ਭੁੱਖ ਸਾਨੂੰ ਚੌਧਰਾਂ ਦੀ,
ਜ਼ਰਾ ਸਤਿਕਾਰ ਨੂੰ ਹੀ ਭਾਲਦੇ ਹਾਂ।

ਦਿਲਾਂ ਦੇ ਰੰਗ ਸਾਰੇ ਜਾਣਦਾ ਜੋ,
ਉਸੇ ਦਿਲਦਾਰ ਨੂੰ ਹੀ ਭਾਲਦੇ ਹਾਂ।

ਕਿਤੇ ਹੀ ਮਾਨਵੀ ਕਿਰਦਾਰ ਮਿਲਦਾ,
ਸਹੀ ਕਿਰਦਾਰ ਨੂੰ ਹੀ ਭਾਲਦੇ ਹਾਂ।

ਕਿਤੇ ਤਾਂ ਯਾਰ ਹੋਏਗਾ ਅਸਾਡਾ,
ਕਿ ਮਹਿਰਮ-ਯਾਰ ਨੂੰ ਹੀ ਭਾਲਦੇ ਹਾਂ॥

ਦਹਿਕਦਾ ਹੈ ਰੰਗ ਚਿਹਰੇ 'ਤੇ ਜੋ ਪਿਆਰ ਦਾ,
ਦੇਖਦੇ ਹਾਂ ਹੁਸਨ ਕੀ ਬੁੱਤੇ ਹੈ ਸਾਰਦਾ।

ਸਾਂਭਦੇ ਹਾਂ ਦੇਰ ਕੁਝ ਹੱਥ ਉਤੇ ਧੌਣ ਨੂੰ,
ਧੌਣ ਉੱਤੇ ਵਾਰ ਹੈ ਤਿੱਖੀ ਤਲਵਾਰ ਦਾ।

ਤਿਤਲੀ ਹੈ ਜਾਂ ਨਦੀ ਹੈ, ਕਹਿੰਦਾ ਹਰ ਕੋਈ,
ਦੇਖਿਆ ਹੈ ਜਿਸ ਨੇ ਵੀ ਨਖ਼ਰਾ ਉਸ ਨਾਰ ਦਾ।

ਝਲਕਦਾ ਹੈ ਮਾਣ ਕੁਝ ਓਦੋਂ ਤੱਕ ਹੋਰ ਵਿਚ,
ਮੁੱਖ ਜਦ ਤੱਕ ਦੇਖਿਆ ਨਾ ਰਾਂਝਣ-ਯਾਰ ਦਾ।

ਫਿਰ ਕਰੇਗਾ ਕਹਿਰ ਉਹ ਕੋਈ ਤਾਂ ਸ਼ਾਮ ਤੱਕ,
ਫਿਰ ਰਿਹਾ ਹੈ ਯਾਰ, ਫਿਰ ਜ਼ੁਲਫ਼ਾਂ ਸੰਵਾਰਦਾ।

ਜ਼ਿੰਦਗੀ ਦੇ ਪਲ ਜਦੋਂ ਸਭ ਬੀਤੇ ਜਾਪਦੇ,
ਤਾਂ ਪਤਾ ਹੈ ਲਗਦਾ ਜਿੱਤ ਦਾ ਜਾਂ ਹਾਰ ਦਾ।

ਗੁਣ ਕਹੋ ਜਾਂ ਔਗੁਣ, ਇਹ ਜੋ 'ਹਲਵਾਰਵੀ',
ਗੱਲ ਸੱਚੀ ਹਰ ਕਿਸੇ ਦੇ ਮੂੰਹ 'ਤੇ ਮਾਰਦਾ॥

—ਨੂਰ ਨਿਵਾਸ ਹਲਵਾਰਾ, ੧੪੧੧੦੭ (ਲੁਧਿਆਣਾ)

ਦੋ ਗ਼ਜ਼ਲਾਂ / *ਸਰਵਨ ਰਾਹੀ*

ਜ਼ਿੰਦਗੀ ਦਾ ਪਲ ਪਲ ਬਰਬਾਦ ਵੇਖਦਾ ਹਾਂ।
ਪਿੰਜਰੇ ਵਿਚ ਕੈਦ ਮੈਂ ਸੱਯਾਦ ਵੇਖਦਾ ਹਾਂ।

ਸੁਣਦਾ ਨਾ ਕੋਈ ਏਥੇ ਤਰਲੇ ਤੇ ਮਿੰਨਤਾਂ ਨੂੰ,
ਦਰ ਦਰ ਤੇ ਰੁਲ ਰਹੀ ਫਰਿਆਦ ਵੇਖਦਾ ਹਾਂ।

ਦੁੱਧ ਘਿਓ ਦਾ ਸੇਵਨ ਕਰਦੇ ਨਾ ਸੋਹਲ ਬੱਚੇ,
ਨਸ਼ਿਆਂ ਨੇ ਖਾ ਲਈ ਔਲਾਦ ਵੇਖਦਾ ਹਾਂ।

ਅਰਥਾਂ ਦੇ ਖੰਭ ਲਾ ਕੇ ਸ਼ਬਦਾਂ ਦੇ ਜਾਲ ਵਿਚੋਂ,
ਅੱਖਰਾਂ ਨੂੰ ਹੋ ਰਿਹਾ ਆਜ਼ਾਦ ਵੇਖਦਾ ਹਾਂ।

ਰੱਖਿਆ ਬੜਾ ਸੀ 'ਰਾਹੀ' ਦਿਲ ਨੂੰ ਸੰਭਾਲ ਕੇ,
ਹੋਇਆ ਕੁਰਬਾਨ ਕਿਸ ਤੇ ਦਿਲਸ਼ਾਦ ਵੇਖਦਾ ਹਾਂ।

ਤਨਹਾਈ ਵਿਚ ਅਕਸਰ ਤੇਰੇ ਖ਼ਤ ਮੈਂ ਪੜ੍ਹਦਾ ਰਹਿੰਦਾ ਹਾਂ,
ਤੇਰੀਆਂ ਯਾਦਾਂ ਦੀ ਧੂਣੀ ਵਿਚ ਧੁਖ-ਧੁਖ ਸੜਦਾ ਰਹਿੰਦਾ ਹਾਂ।

ਮੌਸਮ ਰੋਜ਼ ਬਹਾਰਾਂ ਵਾਲੇ ਦਿਲ ਮੇਰਾ ਭਰਮਾਉਂਦੇ ਨੇ,
ਫਿਰ ਵੀ ਗ਼ਮ ਦੀ ਸੂਲੀ ਉੱਤੇ ਹੱਸ-ਹੱਸ ਚੜ੍ਹਦਾ ਰਹਿੰਦਾ ਹਾਂ।

ਟੂਣੇਹਾਰੀ ਪੌਣ ਸਦਾ ਹੀ ਦਿਲ ਨੂੰ ਟੁੰਬ-ਟੁੰਬ ਜਾਂਦੀ ਹੈ,
ਮੈਂ ਧੁੱਪਾਂ ਵਿਚ ਆਪਣਾ ਸਾਇਆ ਮੁੜ-ਮੁੜ ਫੜਦਾ ਰਹਿੰਦਾ ਹਾਂ।

ਤੇਰੀ ਸਰਦਲ ਉੱਤੋਂ ਮੁੜ ਕੇ ਰੋਜ਼ ਉਮੀਦਾਂ ਆਈਆਂ ਨੇ,
ਮੈਂ ਮਾਯੂਸੀ ਤੇ ਭਟਕਣ ਨੂੰ ਨਿੱਤ ਹੀ ਘੜਦਾ ਰਹਿੰਦਾ ਹਾਂ।

ਤੇਰਾ ਰੰਗ ਸੰਧੂਰੀ 'ਰਾਹੀ' ਤਨ-ਮਨ ਨੂੰ ਨਸ਼ਿਆਉਂਦਾ ਏ,
ਮੈਂ ਪਲਕਾਂ ਦੀ ਬੁੱਕਲ ਦੇ ਵਿਚ ਸੁਪਨੇ ਜੜਦਾ ਰਹਿੰਦਾ ਹਾਂ।

—ਕੁਸ਼ਕਾ ਕਲਾਂ (ਜਲੰਧਰ), ਫ਼ੋਨ :- ੧੮੨੬-੨੭੧੪੪੮

ਦੋ ਗ਼ਜ਼ਲਾਂ / *ਜਸਵਿੰਦਰ ਮਹਿਰਮ*

ਇਹ ਲੋਕਾਂ ਦਾ ਰਾਜ ਹੈ, ਭਰਮ ਰਿਹਾ ਏ ਟੁੱਟ।
ਦੇਸ਼ ਦੇ ਲੀਡਰ ਦੇਸ਼ ਨੂੰ, ਆਪ ਰਹੇ ਨੇ ਲੁੱਟ।

ਹੁਣ ਨਾ ਮਿਲਦੀ ਏਕਤਾ, ਲੜਨੇ ਕਿਸ ਨੇ ਘੋਲ,
ਦਸ ਦਸ ਬੰਦੇ ਤੁਰ ਪਏ, ਬਣ ਬਣ ਵੱਖਰਾ ਗੁੱਟ।

ਰਿਸ਼ਵਤ ਲੈਂਦਾ ਫੜ ਲਿਆ, ਜੇ ਤੈਨੂੰ ਇਕ ਵਾਰ,
ਤੂੰ ਵੀ ਤੇ ਉਸਤਾਦ ਏਂ, ਰਿਸ਼ਵਤ ਦੇ ਕੇ ਛੁੱਟ।

ਥਾਣੇਦਾਰ ਜੀ ਆਪ ਨੂੰ, ਦਿੱਤੀ ਏਨੀ ਖੁੱਲ।
ਫੜ ਭਾਵੇਂ ਨਿਰਦੋਸ਼ ਨੂੰ, ਜਿੰਨਾ ਮਰਜ਼ੀ ਕੁੱਟ।

ਕਿਸਨੂੰ ਮੰਦਾ ਆਖਣਾ, ਕਿਸਨੂੰ ਦੇਣਾ ਦੋਸ਼,
ਟੁਕੜੇ ਘਰ ਦੇ ਕਰ ਗਈ, ਦੋ ਜੀਆਂ ਦੀ ਫੁੱਟ।

ਇਕ ਦਿਨ ਇਸ ਨੇ ਗਰਕਣਾ, ਕੋਈ ਨਾ ਸਕਦਾ ਰੋਕ,
ਪਾਪੀ ਅਪਨੀ ਆਪ ਹੀ, ਕਬਰ ਰਿਹਾ ਏ ਪੁੱਟ।

ਪੈਰੋਂ ਫੜ ਕੇ ਧੂਹ ਲਵੇ, ਤਖਤੋਂ ਦੇਵੇ ਲਾਹ,
ਡਰ! ਪਰਜਾ ਦਾ ਹਾਕਮਾਂ, ਏਨਾ ਗਲ਼ ਨਾ ਘੁੱਟ।

ਹਿੰਮਤ ਦਿੰਦੀ ਸਫਲਤਾ, ਕੋਸ਼ਿਸ਼ ਕਰ ਕੇ ਦੇਖ,
ਵਿਹਲਾ ਬਹਿ ਕੇ ਦੋਸ਼ ਨਾ, ਕਿਸਮਤ ਉੱਪਰ ਸੁੱਟ।

ਬੇਸ਼ੱਕ ਜ਼ੋਰ ਹੈ ਝੂਠ ਦਾ, ਜਿੱਤੂ ਆਖ਼ਰ ਸੱਚ,
ਤੂੰ ਵੀ ਬਹਿ ਚੁੱਪ-ਚਾਪ ਨਾ, ਕੁਝ ਤਾਂ ਮੂੰਹੋਂ ਫੁੱਟ।

ਪਰਖ਼ ਨਾ ਏਨਾ ਸਬਰ ਨੂੰ, ਨਾ ਕਰ ਏਨੀ ਅੱਤ,
ਮੇਰੇ ਸਬਰ ਦਾ ਜ਼ਾਲਮਾ, ਬੰਨ ਵੀ ਸਕਦਾ ਟੁੱਟ।

ਬੰਨ ਕਫ਼ਨ ਤੁਰ ਪੈਣਗੇ, ਸਿਰ 'ਤੇ ਓਦੋਂ ਲੋਕ,
ਛੱਡਣਗੇ ਜਦ ਮਹਿਰਮਾ', ਭਰਨੇ ਕੌੜੇ ਘੁੱਟ।

ਕਰਦਾ ਰਿਹਾ ਮਹਿਬੂਬ, ਵਲ਼ ਛਲ਼ ਹਰ ਸਮੇਂ ਕਰਦਾ ਰਿਹਾ।
ਜਰਦਾ ਰਿਹਾ ਦਿਲ ਸਭ, ਸਮਝ ਉਸ ਦੀ ਰਜ਼ਾ ਜਰਦਾ ਰਿਹਾ।

ਮਰਦਾ, ਤਾਂ ਮੈਂ ਮਰਦਾ ਉਹਦੇ ਈਮਾਨ 'ਤੇ ਇਖ਼ਲਾਕ 'ਤੇ,
ਦੀਵਾਨਗੀ ਸੀ ਜੋ ਉਹਦੇ, ਮੈਂ ਰੂਪ 'ਤੇ ਮਰਦਾ ਰਿਹਾ।

ਡਰਿਆ ਨਹੀਂ ਸੀ ਜੋ ਕਿਸੇ ਤੋਂ, ਜ਼ੁਲਮ ਕਰਦਾ ਰਾਤ ਦਿਨ
ਸ਼ੀਸ਼ੇ 'ਚ ਖ਼ੁਦ ਨੂੰ ਦੇਖ, ਅਪਨੇ ਆਪ ਤੋਂ ਡਰਦਾ ਰਿਹਾ।

ਹਰਦਾ ਜਦੋਂ ਇਨਸਾਨ, ਦਿੰਦੀ ਹਾਰ ਵੀ ਹਿੰਮਤ ਬੜੀ,
ਟੁੱਟਾ ਜਦੋਂ ਵਿਸ਼ਵਾਸ, ਬੰਦਾ ਜਿੱਤ ਕੇ ਹਰਦਾ ਰਿਹਾ।

ਕਰ ਤੂੰ ਭਲਾ ਮਜ਼ਲੂਮ ਦਾ. ਦੇਵੇ ਦੁਆ ਜੋ ਤਹਿ ਦਿਲੋਂ,
ਮਿੱਟੀ ਬਣੂ ਅਹਿਸਾਨ, ਜੋ ਖ਼ੁਦਗਰਜ 'ਤੇ ਕਰਦਾ ਰਿਹਾ।

ਠਰਦਾ ਨਹੀਂ ਸੀਨਾ ਮੇਰਾ, ਬਿਰਹਾ ਜਲ਼ਾਵੇ ਓਸ ਦਾ,
ਮਿਲਦੀ ਰਹੀ ਉਸ ਦੀ ਖ਼ਬਰ, ਹਿਰਦਾ ਮੇਰਾ ਠਰਦਾ ਰਿਹਾ।

ਭਰਿਆ ਨਹੀਂ ਦਿਲ ਦਾ, ਕਦੇ ਵੀ ਜ਼ਖ਼ਮ, ਪਰ ਰਿਸਿਆ ਉਦੋਂ,
ਕਰ ਕੇ ਕਿਸੇ ਨੂੰ ਯਾਦ, ਮੈਂ ਹੌਕਾ ਜਦੋਂ ਭਰਦਾ ਰਿਹਾ।

ਤਰਨਾ ਬੜਾ ਔਖਾ, ਜਦੋਂ ਬੇੜੀ ਫਸੇ ਮੰਝਦਾਰ ਵਿੱਚ,
ਜੋ ਹੌਸਲਾ ਕਰਦਾ ਰਿਹਾ, ਦਰਿਆ ਉਹੀ ਤਰਦਾ ਰਿਹਾ।

ਡਰ ਹੈ ਉਸ ਦਾ ਜਾਂ ਵਹਿਮ ਹੈ, ਲਗਦਾ ਪਤਾ ਨਹੀਂ ਯਾਰ ਦਾ,
ਇਜ਼ਹਾਰ ਵੀ ਕਰਦਾ ਰਿਹਾ, ਇਕਰਾਰ ਤੋਂ ਡਰਦਾ ਰਿਹਾ।

ਸਰਦਾ ਇਵੇਂ ਹੈ 'ਮਹਿਰਮਾ', ਸਭ ਦਾ ਕਿਸੇ ਦਿਲਦਾਰ ਬਿਨ,
ਮੇਰਾ ਜਿਵੇਂ ਸਰਦਾ ਰਿਹਾ, ਤੇਰਾ ਜਿਵੇਂ ਸਰਦਾ ਰਿਹਾ।

੪੨੬/੮ ਸ਼ਹੀਦ ਊਧਮ ਸਿੰਘ ਨਗਰ
ਸਤਨਾਮਪੁਰਾ, ਫਗਵਾੜਾ
ਮੋਬਾ. ੯੮੧੪੪-੧੪੩੧੭

ਆਜ਼ਾਦ ਤੇਰਾ ਵਤਨ ਹੈ

—ਬਲਬੀਰ ਸਿੰਘ ਢਿਲ

ਆਜ਼ਾਦ ਤੇਰਾ ਵਤਨ ਹੈ, ਇਕ ਵਾਰ ਆ ਕੇ ਵੇਖ ਲੈ।
ਬਦਲੀ ਹੋਈ ਏਸ ਦੀ, ਨੁਹਾਰ ਆ ਕੇ ਵੇਖ ਲੈ।
ਭੌਰ ਉੱਡ ਗਏ ਫੁੱਲਾਂ ਉਤੇ ਨਾਗ ਫਨੀਅਰ ਸ਼ੂਕਦੇ,
ਸਹਿਮੀ ਸਹਿਮੀ ਸਿਸਕਦੀ ਗੁਲਜ਼ਾਰ ਆ ਕੇ ਵੇਖ ਲੈ।
ਗੋਰੇ ਖ਼ੂਨੀ ਸ਼ਿਕਰਿਆਂ ਤੋਂ, ਬਚ ਗਈਆਂ ਜੋ ਬੁਲਬੁਲਾਂ,
ਗ਼ਮ ਨੇ ਦਿੱਤਾ ਮਾਰ ਹੈ, ਗ਼ਮਖਾਰ ਆ ਕੇ ਵੇਖ ਲੈ।
ਮਰ ਮਿਟੇ ਜੋ ਦੇਸ਼ ਲਈ ਉਨ੍ਹਾਂ ਦੀ ਪੁੱਛ ਪੜਤਾਲ ਨਹੀਂ,
ਮੁਖ਼ਬਰ ਬਣੇ ਫਿਰਦੇ ਨੇ, ਸਰਦਾਰ ਆ ਕੇ ਵੇਖ ਲੈ।
ਧਰਮ ਕਰਮ ਸੱਚ ਨੂੰ, ਛਿੱਕੇ ਤੇ ਟੰਗਿਆ ਜਿਨ੍ਹਾਂ ਨੇ,
ਧਰਮ ਦੇ ਉਹ ਵੱਡੇ, ਠੇਕੇਦਾਰ ਆ ਕੇ ਵੇਖ ਲੈ।
ਨੋਟ ਵੋਟ ਸੋਟ ਅਤੇ ਝੂਠ ਜਿਨ੍ਹਾਂ ਪਾਸ ਨੇ,
ਬਣਦੀ ਇਥੇ ਉਨ੍ਹਾਂ ਦੀ ਸਰਕਾਰ ਆ ਕੇ ਵੇਖ ਲੈ।
ਧਰਮ ਦੇ ਮੋਢੇ ਤੇ ਰੱਖ ਕੇ, ਲੀਡਰ ਨੇ ਗੋਲੇ ਦਾਗ਼ਦੇ।
ਲੁਕ ਛੁਪ ਕੇ ਕਰਦੇ ਵਾਰ, ਨੇ ਗ਼ੱਦਾਰ ਆ ਕੇ ਵੇਖ ਲੈ।
ਸੱਜਨਾਂ ਤੇ ਭਾਗੋਆਂ ਦੀ, ਸਾਂਝੀ ਚੱਕੀ ਚੱਲ ਰਹੀ,
ਲਾਲੋ ਤਾਂ ਪਿਸਦੇ ਜਾ ਰਹੇ, ਵਿਚਕਾਰ ਆ ਕੇ ਵੇਖ ਲੈ।
ਕਹਿਣ ਤਾਂ ਦੇਸ ਤੇਰਾ, ਚੰਨ ਤੇ ਵੀ ਪਹੁੰਚਿਐ,
ਮੱਠੀ ਪਰ ਇਸ ਦੀ ਧਰਤ ਤੇ, ਰਫਤਾਰ ਆ ਕੇ ਵੇਖ ਲੈ।
ਹਾਂ ਸਬਰ ਤੇਰਾ ਭੁੱਲ ਗਏ , ਤੇ ਸੋਚ ਨੀਵੀਂ ਹੋ ਗਈ।
ਬੌਣੇ ਬੌਣੇ ਲਗਦੇ, ਕਿਰਦਾਰ ਆ ਕੇ ਵੇਖ ਲੈ।
ਔਣ ਦਾ ਇਕਰਾਰ ਦੇ ਉਸ ਪਾਰ ਜਦ ਦਾ ਤੁਰ ਗਇਓਂ,
ਕਰਦੇ ਪਏ ਇੰਤਜ਼ਾਰ ਹਾਂ, ਇਸ ਪਾਰ ਆ ਕੇ ਵੇਖ ਲੈ।
ਬੰਬਾਂ ਤੇ ਬਰੂਦ ਨੇ, ਬੇਹੋਸ਼ ਕੀਤੀ ਜ਼ਿੰਦਗੀ।
ਝੁਲਸੀ ਝੁਲਸੀ ਜਾਪਦੀ ਬਹਾਰ ਆ ਕੇ ਵੇਖ ਲੈ।

ਰੁਬਾਈ

ਹਿੰਦੂ ਖੁਸ਼ੀ ਨੂੰ ਦੀਵਾਲੀ ਕਹਿੰਦੇ ਨੇ, ਮੁਸਲਮਾਨ ਈਦ ਕਹਿੰਦੇ ਨੇ।
ਜੋ ਗੁਰੂ ਦੀ ਸ਼ਰਨੀ ਆ ਜਾਂਦੇ, ਉਸ ਨੂੰ ਚੇਲਾ ਜਾਂ ਮੁਰੀਦ ਕਹਿੰਦੇ ਨੇ।
ਵਤਨ ਤੇ ਕੌਮ ਲਈ ਜੋ ਕੁਰਬਾਨ ਹੁੰਦੇ ਨੇ, ਉਨ੍ਹਾਂ ਦਾ ਰੁਤਬਾ ਹੋਰ ਵੀ ਉਚੇ;
ਜੋ ਆਪਣੇ ਖੂਨ ਨਾਲ ਮੌਤ ਲਿਖ ਜਾਂਦੇ ਨੇ, ਉਨ੍ਹਾਂ ਯੋਧਿਆਂ ਨੂੰ ਸ਼ਹੀਦ ਕਹਿੰਦੇ ਨੇ।

'ਕਦੋਂ ਪਾਏਂਗਾ ਫੇਰਾ ?'

—ਸਿਰੀਰਾਮ ਅਰਸ਼

ਹੁਣ ਕੋਈ ਰਿਸ਼ਤਾ ਨੰਹੀਂ ਬਚਿਆ-
ਕਿਸੇ ਦੇ ਨਾਲ ਤੇਰਾ।
ਜੋਗੀਆਂ ਦਾ ਜੱਗ 'ਚ ਰਿਸ਼ਤੇਦਾਰ ਕਿਹੜਾ ?

ਕਾਸ਼! ਤੂੰ ਰਾਂਝੇ ਦੇ ਵਾਂਗੂੰ,
ਜੋਗ ਲੈ ਕੇ ਵੀ ਨਾ ਭੁੱਲਦੋਂ,
'ਹੀਰ' ਦਾ ਅਤ੍ਰਿਪਤ ਪਿਆਰ।

ਪਿਆਰ! ਜਿਸ ਨੂੰ ਆਖਦਾ ਸੀ
ਮਹਿਕ ਪਹੁੰਚਿਆ ਰਾਸਤਾ।
ਭੋਲਿਆ! ਪਰਿ ਪਾਰ ਹੁੰਦੈ ਜ਼ਿੰਦਗੀ ਦੀ ਆਸਥਾ।

ਗਿਆਨ ਦਾ ਅਦਭੁਤ ਸਰੋਤ।
ਚੇਤਨਾ ਦੇ ਨਾਲ ਜਿਸ ਦਾ ਵਾਸਤਾ।

ਪਿਆਰ-ਗੁੰਨੀ ਮਹਿਕ ਦਾ ਲੜ ਫੜ ਕੇ 'ਧੀਦੋ',
ਪੁੱਜ ਗਿਆ ਸੀ ਖੇੜਿਆਂ ਦੀ
ਪਿਆਰ ਲਿੱਬੀ ਜੂਹ ਦੇ ਵਿਚ।

ਲੱਭ ਲਈ ਸੀ 'ਹੀਰ', ਅੰਤਰ-ਮਨ ਦਾ ਨੇਤਰ ਖੋਲ੍ਹ ਕੇ।
ਦਿੱਬ-ਦ੍ਰਿਸ਼ਟੀ ਜੋੜ ਕੇ।
ਹਿਜਰ ਦੇ ਵਿਕਰਾਲ ਸੰਗਲ ਤੋੜ ਕੇ।

ਬੇਵਫ਼ਾ! ਪਰ ਤੂੰ ਤੇ ਆਪਣੇ ਦਿਲ 'ਚ ਵਸਦੇ-
ਪਿਆਰਿਆਂ ਨੂੰ,
ਵੇਦਨਾ ਦਾ ਜੋਗ ਦੇ ਕੇ ਟੁਰ ਗਇਓਂ।

ਅਲਵਿਦਾ ਆਖੇ ਬਿਨਾ।
ਤਦ ਹੀ ਪੁੱਛਦੀ ਹੈ ਹਵਾ :
ਜੋਗੀਆ! ਦੱਸੀਂ ਕਦੋਂ ਪਾਏਂਗ ਘਰ ਵਿਚ,
ਜੋਗੀਆਂ ਦੇ ਵਾਂਗ ਫੇਰਾ ?
ਜਦ ਕੋਈ ਰਿਸ਼ਤਾ ਨਹੀਂ ਬਚਿਆ ਕਿਸੇ ਦਾ ਨਾਲ ਤੇਰਾ।

ਏਸ ਦੁਨੀਆ 'ਚ ਕੌਣ ਏ

—ਮਾ. ਅਮਰੀਕ ਸਿੰਘ

ਤੇਰੇ ਬਿਨ ਮੇਰਾ ਏਸ ਦੁਨੀਆ 'ਚ ਕੌਣ ਏ।
ਝੁਕੀ ਰਹਿੰਦੀ ਤਾਂ ਹੀ ਤੇਰੇ ਦਰ ਤੇ ਧੌਣ ਏ।

ਸਭੀ ਦੁਖ ਹਰਤਾ ਤੂੰ ਮੁਸ਼ਕਿਲ ਕਸ਼ਾ ਹੈਂ,
ਹਨੇਰੇ 'ਚ ਤੂੰ ਹੀ ਵਿਖਾਂਦਾ ਦਿਸ਼ਾ ਹੈਂ,
ਤੇਰੀ ਮਿਹਰ ਮੂਹਰੇ ਜ਼ੁਬਾਂ ਮੇਰੀ ਮੌਣ ਏ।

ਨਜ਼ਰ ਭਰ ਕੇ ਵੇਖੇਂ ਤਾਂ ਰਹਿਮਤ ਹੈ ਵੱਸਦੀ,
ਧਰੇਂ ਸਿਰ ਤੇ ਹੱਥ ਹਰ ਮੁਸੀਬਤ ਹੈ ਨੱਸਦੀ,
ਤੇਰੀ ਸਰਨ ਆ ਮੁੱਕਦਾ ਆਵਾ ਗੌਣ ਏ।

ਕਲਪ ਕਾਇਆ ਹੋਵੇ ਜੇ ਤੂੰ ਹੋਵੇ ਰਾਜ਼ੀ,
ਤੇਰੇ ਕੋਲ ਹਾਰੇ ਉਹ ਜਿੱਤ ਜਾਂਦਾ ਬਾਜ਼ੀ,
ਨਹੀਂ ਹਾੜ੍ਹ ਆਉਂਦਾ ਸਦਾ ਰਹਿੰਦਾ ਸੌਣ ਏ।

ਤੇਰਾ ਧਿਆਨ ਧਰ ਕੇ ਮੈਂ ਜਦ ਬੈਠ ਜਾਵਾਂ,
ਸਵਰਗਾਂ ਦੇ ਝੂਟੇ ਮੈਂ ਜੀਂਦੇ ਜੀ ਪਾਵਾਂ,
ਸੁਗੰਧੀਆਂ ਖਿਲਾਰੇ ਰੁਮਕਦੀ ਪੌਣ ਏ।

ਐ 'ਅਮਰੀਕ' ਤੇਰੇ ਨਸੀਬੇ ਤੋਂ ਵਾਰੀ,
ਕਲਾਵੇ 'ਚ ਲੈ ਉਸ ਨੇ ਹਿੱਕ ਤੇਰੀ ਠਾਰੀ,
ਕਿਉਂ ਮਨ ਆਪਣੇ ਤਾਈਂ ਤੂੰ ਲੱਗਾ ਭੁਲੋਣ ਏ,

ਰੁਬਾਈਆਂ

—ਪ੍ਰਿੰ: ਨਵਰਾਹੀ ਘੁਗਿਆਣਵੀ

ਠਹਿਰ ਚੁਰੱਸਤੇ ਦੀ ਹਿੱਕ ਉੱਤੇ, ਸਾਂਝ-ਡਗਰ ਅਪਣਾਈ।
ਵਿਸ਼ਵਾਸਾਂ, ਅਹਿਸਾਸਾਂ ਰਾਹੀਂ, ਸੱਚੀ ਲਗਨ ਲਗਾਈ।
ਹਰ ਦਰਸ਼ਕ ਹੈਰਾਨ ਰਹਿ ਗਿਆ, ਸਭ ਤੋਂ ਮਿਲਣ ਵਧਾਈਆਂ,
'ਨਵਰਾਹੀ' ਅੰਬਰਾਂ ਦੀ ਗੁੱਠੋਂ, ਸੋਅ ਸਾਂਝਾ ਦੀ ਆਈ।
ਫੁੱਲ ਖਿੜੇ, ਬੇਖ਼ੌਫ਼ ਫ਼ਜ਼ਾ ਵਿਚ, ਫੈਲ ਗਈ ਖੁਸ਼ਬੋਈ।
ਪੱਤਾ ਪੱਤਾ ਝੂਮਣ ਲੱਗਾ, ਹਰ ਜਿੰਦ ਬਉਰੀ ਹੋਈ।
ਵਾਤਾਵਰਣ ਸੁਗੰਧਿਤ ਹੋਇਆ, ਤਨ ਮਨ ਖੀਵਾ ਖੀਵਾ;
'ਨਵਰਾਹੀ' ਇਹ ਖੁਸ਼ੀ ਅਲੌਕਿਕ, ਲੁਕਦੀ ਨਹੀਂ ਲੁਕੋਈ।
ਕਦੇ ਕਦੇ ਮੇਰਾ ਦਿਲ ਕਰਦਾ ਹੈ, ਚੜ੍ਹ ਜਾਵਾਂ ਅਸਮਾਨੀਂ।
ਕਦੇ ਕਦੇ ਬਹੁ ਸਾਗਰ ਅੰਦਰ, ਆ ਜਾਵੇ ਤੁਗਿਆਨੀ।
ਪਰ ਛੋਟੀ ਹੀ ਮੰਜ਼ਲ ਜਾਣ ਦੀ, ਤਾਕਤ ਮਿਲੀ ਅਗੰਮੋਂ,
'ਨਵਰਾਹੀ' ਵਿਸ਼ਵਾਸਾਂ ਬਾਝੋਂ, ਭਟਕੇ ਮੁੜ੍ਹ ਜਵਾਨੀ।

—ਨਹਿਰ ਨਜ਼ਾਰਾ
ਨਿਊ ਹਰਿੰਦਰ ਨਗਰ
ਫਰੀਦਕੋਟ — ੧੫੧੨੦੩

ਗੀਤ

ਗੁਰ ਨਾਨਕ ਤੇਰੀ ਬਾਣੀ

—ਸੁਰਜੀਤ ਸਿੰਘ 'ਅਮਰ'

ਪਈ ਤਪਦੇ ਦਿਲਾਂ ਨੂੰ ਠਾਰਦੀ, ਗੁਰ ਨਾਨਕ ਤੇਰੀ ਬਾਣੀ।
ਸਭ ਵਿਗੜੇ ਕੰਮ ਸੰਵਾਰਦੀ, ਗੁਰ ਨਾਨਕ ਤੇਰੀ ਬਾਣੀ।

ਰਖ ਦੂਰ ਬੁਰਾਈਆਂ ਕੋਲੋਂ ਇਹ ਨੇਕੀ ਦਾ ਰਾਹ ਦੱਸੇ।
ਪੜ੍ਹਦਾ ਹੈ ਜਿਹੜਾ ਇਸ ਨੂੰ ਦੁੱਖ ਰੋਗ ਓਸ ਦਾ ਨੱਸੇ।
ਪਾਪਾਂ ਦਾ ਭਾਰ ਉਤਾਰਦੀ ਗੁਰ ਨਾਨਕ ਤੇਰੀ ਬਾਣੀ।
ਪਈ ਤਪਦੇ ਦਿਲਾਂ ਨੂੰ ਠਾਰਦੀ ਗੁਰ ਨਾਨਕ ਤੇਰੀ ਬਾਣੀ।

ਐ ਸਤਿਗੁਰ ਨਾਨਕ ਪਿਆਰੇ! ਇਹ ਤੇਰਾ ਏ ਸੰਦੇਸ਼ਾ।
ਅਸੀਂ ਆਪਣੇ ਦਿਲਾਂ ਦੇ ਅੰਦਰ ਰਖਦੇ ਹਾਂ ਯਾਦ ਹਮੇਸ਼ਾ।
ਬਖਸ਼ਿਸ਼ ਹੈ ਤੇਰੇ ਪਿਆਰ ਦੀ ਗੁਰ ਨਾਨਕ ਤੇਰੀ ਬਾਣੀ।
ਪਈ ਤਪਦੇ ਦਿਲਾਂ ਨੂੰ ਠਾਰਦੀ ਗੁਰ ਨਾਨਕ ਤੇਰੀ ਬਾਣੀ।

ਇਹਦੇ ਹੀ ਸਹਾਰੇ ਜ਼ਿੰਦਾ ਹੈ ਦੁਨੀਆਂ ਦੇ ਵਿਚ ਸਿੱਖੀ।
'ਕਲਯੁਗ' ਨੂੰ ਤਾਰਨ ਵਾਸਤੇ ਜੋ ਬਾਣੀ ਹੈ ਤੂੰ ਲਿਖੀ।
ਹੈ ਸ਼ੋਭਾ ਉਸ ਕਰਤਾਰ ਦੀ ਗੁਰ ਨਾਨਕ ਤੇਰੀ ਬਾਣੀ।
ਪਈ ਤਪਦੇ ਦਿਲਾਂ ਨੂੰ ਠਾਰਦੀ ਗੁਰ ਨਾਨਕ ਤੇਰੀ ਬਾਣੀ।

ਇਹ ਬਾਣੀ ਪੜ੍ਹ ਕੇ ਮੁਕਦਾ ਏ ਗੇੜ ਚੁਰਾਸੀ ਵਾਲਾ।
ਪਾਪਾਂ ਦੀ ਰਾਤ ਹਨੇਰੀ ਵਿਚ ਕਰਦੀ ਪਈ ਉਜਾਲਾ।
ਜੜ ਪੁੱਟ ਦੇਵੇ ਹੰਕਾਰ ਦੀ ਗੁਰ ਨਾਨਕ ਤੇਰੀ ਬਾਣੀ।
ਪਈ ਤਪਦੇ ਦਿਲਾਂ ਨੂੰ ਠਾਰਦੀ ਗੁਰ ਨਾਨਕ ਤੇਰੀ ਬਾਣੀ

ਇਸ ਦੁਨੀਆਂ ਦੇ ਵਿਚ ਸਾਨੂੰ ਜੀਵਨ ਦੀ ਜਾਚ ਸਿਖਾਈ।
ਹਰ ਇਕ ਖੇਤਰ ਵਿਚ ਵੇਖੋ! ਇਹ ਕਰਦੀ ਏ ਅਗਵਾਈ।
ਇਹ ਸਾਰੇ ਹੀ ਸੰਸਾਰ ਦੀ ਗੁਰ ਨਾਨਕ ਤੇਰੀ ਬਾਣੀ।
ਪਈ ਤਪਦੇ ਦਿਲਾਂ ਨੂੰ ਠਾਰਦੀ ਗੁਰ ਨਾਨਕ ਤੇਰੀ ਬਾਣੀ।

ਇਹਦੇ ਬਾਝੋਂ ਨਹੀਂ ਦੁਨੀਆਂ ਵਿਚ ਸਾਡਾ ਕੋਈ ਸਹਾਰਾ।
ਭਵ ਸਾਗਰ ਪਾਰ ਕਰਨ ਲਈ ਇਹ ਜਾਪੇ 'ਅਮਰ' ਕਿਨਾਰਾ।
ਡੁੱਬਦੇ ਹੋਏ ਬੇੜੇ ਤਾਰਦੀ ਗੁਰ ਨਾਨਕ ਤੇਰੀ ਬਾਣੀ।
ਪਈ ਤਪਦੇ ਦਿਲਾਂ ਨੂੰ ਠਾਰਦੀ ਗੁਰ ਨਾਨਕ ਤੇਰੀ ਬਾਣੀ।

੧੩੦, ਸਰਾਭਾ ਨਗਰ
ਹੁਸ਼ਿਆਰਪੁਰ ਰੋਡ, ਜਲੰਧਰ-੪

ਸੁਨਣ ਵਾਲੀ ਸਰਕਾਰ ਤਾਂ ਹੋਵੇ

—ਛਿਊੜੰਬਾ

ਇਮਤਿਹਾਨਾਂ ਦੇ ਨਤੀਜਿਆਂ ਦਾ ਦੌਰ ਅਪਰੈਲ ਤੋਂ ਸ਼ੁਰੂ ਹੁੰਦੈ ਤੇ ਜੁਲਾਈ ਤੱਕ ਚੱਲਦਾ ਰਹਿੰਦੈ। ਉਂਜ ਤਾਂ ਕੁਝ ਇਮਤਿਹਾਨਾਂ ਦੇ ਨਤੀਜੇ ਮਾਰਚ ਵਿੱਚ ਵੀ ਨਿਕਲ ਆਉਂਦੇ ਹਨ, ਪਰ ਉਹ ਬੋਰਡਾਂ ਤੇ ਯੂਨੀਵਰਸਿਟੀਆਂ ਦੇ ਨਾ ਹੋਣ ਕਰਕੇ ਕਿਸੇ ਗਿਣਤੀ ਵਿੱਚ ਨਹੀਂ ਹੁੰਦੇ। ਜਦੋਂ ਬੋਰਡਾਂ, ਯੂਨੀਵਰਸਿਟੀਆਂ ਤੇ ਨਤਜੇ ਆਉਂਦੇ ਹਨ, ਉਹ ਕਈ ਘਰਾਂ ਅੰਦਰ ਜਸ਼ਨ ਦਾ ਮਾਹੌਲ ਬਣਾਉਂਦੇ ਨੇ ਤੇ ਕਈ ਘਰਾਂ ਵਿੱਚ ਪਿੱਟਣੇ ਵੀ ਪਾਉਂਦੇ ਨੇ। ਪਿੱਟਣੇ ਓਦੋਂ ਪੈਂਦੇ ਨੇ, ਜਦੋਂ ਕੋਈ ਬੱਚਾ ਫ਼ੇਲ੍ਹ ਹੋ ਕੇ ਘਰ ਦੱਸਣ ਦੀ ਥਾਂ ਮੌਤ ਦੇ ਰਾਹ ਪੈ ਜਾਂਦੈ।

ਹਰ ਵਾਰੀ ਦੀ ਤਰ੍ਹਾਂ ਇਸ ਵਾਰੀ ਵੀ ਇਹੋ ਜਿਹੀਆਂ ਖ਼ਬਰਾਂ ਬਹੁਤ ਆਈਆਂ ਨੇ। ਕਿਸੇ ਬੱਚੇ ਨੇ ਕੋਈ ਦਵਾਈ ਪੀਤੀ ਅਤੇ ਕਿਸੇ ਹੋਰ ਨੇ ਗਲ ਫਾਹਾ ਪਾ ਕੇ ਜ਼ਿੰਦਗੀ ਤੋਂ ਛੁਟਕਾਰਾ ਪਾ ਲਿਐ। ਜਿੰਨੀਆਂ ਖ਼ੁਦਕੁਸ਼ੀਆਂ ਕਿਸਾਨਾਂ ਨੇ ਸਾਰੇ ਸਾਲ ਵਿਚ ਕੀਤੀਆਂ ਹੁੰਦੀਆਂ ਨੇ ਓਨੀਆਂ ਵਿਦਿਆਰਥੀ ਇਹਨਾਂ ਦਿਨਾਂ ਵਿੱਚ ਹੀ ਕਰੀ ਜਾਂਦੇ ਨੇ।

ਵਿਚਾਰੇ ਬੱਚੇ ਤਾਂ ਇਸ ਕਰਕੇ ਖ਼ੁਦਕੁਸ਼ੀ ਕਰਦੇ ਨੇ ਕਿ ਉਨ੍ਹਾਂ ਦਾ ਭਵਿੱਖ ਖਰਾਬ ਹੋ ਰਿਹਾ ਹੁੰਦਾ। ਸ਼ਾਇਦ ਉਹ ਇਸ ਕਰ ਕੇ ਵੀ ਇਹ ਰਾਹ ਚੁਣਦੇ ਨੇ ਕਿ ਬਾਕੀ ਲੋਕ ਮਿਹਣੇ ਮਾਰਨਗੇ ਤਾਂ ਉਨ੍ਹਾਂ ਦਾ ਸਾਹਮਣਾ ਕਿਵੇਂ ਕਰਾਂਗੇ ? ਇਹ ਗੱਲ ਬਹੁਤੀ ਗੰਭੀਰਤਾ ਨਾਲ ਨਹੀਂ ਲਈ ਜਾਂਦੀ ਕਿ ਉਹ ਹਾਲਾਤ ਕਿਹੜੇ ਨੇ, ਜਿਨ੍ਹਾਂ ਕਰ ਕੇ ਇਹ ਬੱਚੇ ਇਸ ਹਾਲਤ ਨੂੰ ਪਹੁੰਚਦੇ ਨੇ। ਪੈਸੇ ਕਮਾਉਣ ਦੀਆਂ ਦੁਕਾਨਾਂ ਵਰਗੇ ਪਬਲਿਕ ਸਕੂਲਾਂ ਵਿੱਚ ਵੀ ਕੁਝ ਬੱਚੇ ਮੈਰਿਟ ਉਤੇ ਆਉਂਦੇ ਨੇ ਤੇ ਕੁਝ ਫੇਲ੍ਹ ਹੋ ਜਾਂਦੇ ਨੇ ਜਾਂ ਏਨੇ ਪਛੜ ਜਾਂਦੇ ਨੇ ਕਿ ਹਰ ਕੋਈ ਉਨ੍ਹਾਂ ਦੀ ਖਿੱਲੀ ਉਡਾਉਂਦੈ।

ਸਭ ਤੋਂ ਮੰਦਾ ਹਾਲ ਤਾਂ ਸਰਕਾਰੀ ਸਕੂਲਾਂ ਦਾ ਹੈ। ਰੋਪੜ ਜ਼ਿਲ੍ਹੇ ਦੇ ਇੱਕ ਸਕੂਲ ਨੂੰ ਪੰਚਾਇਤ ਨੇ ਤਾਲਾ ਲਾ ਦਿੱਤੈ, ਕਿਉਂਕਿ ੬੫ ਵਿੱਚੋਂ ੬੩ ਬੱਚੇ ਫੇਲ੍ਹ ਹੋਏ ਸਨ। ਮਾਲਵੇ ਦੇ ਇੱਕ ਸਕੂਲ ਵਿੱਚ ਕੋਈ ਬੱਚਾ ਵੀ ਪਾਸ ਨਹੀਂ ਹੋਇਆ, ਤਾਲਾ ਓਥੇ ਵੀ ਲੋਕਾਂ ਨੇ ਜਾ ਲਾਇਐ।

ਪੰਜਾਬ ਦੇ ਕੁਝ ਸਕੂਲਾਂ ਦਾ ਨਤੀਜਾ ਤਾਂ ਇਸ ਕਰ ਕੇ ਮਾੜਾ ਆਇਐ ਕਿ ਓਥੇ ਅਧਿਆਪਕਾਂ ਤੋਂ ਗੈਰ-ਅਧਿਆਪਕੀ ਕੰਮ ਵੱਧ ਕਰਵਾਏ ਜਾਂਦੇ ਨੇ, ਪਰ ਕੁਝਨਾਂ ਦਾ ਵੱਖਰਾ ਕਾਰਨ ਵੀ ਹੈ। ਇਹੋ ਜਿਹੇ ਇੱਕ ਸਕੂਲ ਵਿੱਚ ਅਧਿਆਪਕ ਦੀ ਥਾਂ 'ਸਿੱਖਿਆ-ਕਰਮੀ' ਦੇ ਅਹੁਦੇ ਵਾਲੇ ਠੇਕੇ ਉੱਤੇ ਕੰਮ ਕਰਦੇ ਅਧਿਆਪਕ ਨੇ ਕਈ ਮਹੀਨੇ ਸਕੂਲ ਹੀ ਨਹੀਂ ਖੋਲ੍ਹਿਆ। ਨਤੀਜਾ ਮਾੜਾ ਆਇਆ। ਪੁੱਛ-ਪੜਤਾਲ ਸ਼ੁਰੂ ਹੋਈ ਤਾਂ ਉਸ ਨੇ ਕਿਹਾ ਕਿ "ਡੇਢ ਸੌ ਬੱਚੇ, ਪੜ੍ਹਾਉਣ ਵਾਲਾ ਮੈਂ ਇਕੱਲਾ ਤੇ ਠੇਕੇ ਮੁਤਾਬਕ ਮਿਲਣ ਵਾਲੀ ਤਨਖ਼ਾਹ ਵੀ ਕਈ ਮਹੀਨੇ ਤੋਂ ਮਿਲੀ ਨਹੀਂ। ਰੋਟੀ ਦਾ ਜੁਗਾੜ ਕਰਨ ਲਈ ਹੋਰ ਪਾਸੇ ਕੰਮ ਕਰਨ ਜਾਂਦਾ ਰਿਹਾ ਹਾਂ, ਇਸ ਕਰ ਕੇ ਸਕੂਲ ਨਹੀਂ ਖੋਲ੍ਹ ਸਕਿਆ।

ਬੜੀ ਨਾਜ਼ਕ ਸਥਿਤੀ ਹੈ ਇਹੋ ਜਿਹੇ ਸਕੂਲਾਂ ਦੀ। ਹੁਣ ਤਾਂ ਇਸ ਹਾਲਤ ਬਾਰੇ ਲੋਕਾਂ ਨੇ ਲਤੀਫੇ ਵੀ ਜੋੜ ਲਏ ਨੇ। ਜੇ ਸੁਣਨਾ ਚਾਹੋ ਤਾਂ ਇਕ ਸੁਣਾ ਸਕਦੈ ਛੀਉੜੰਬਾ।

ਬਾਬਿਓ, ਇੱਕ ਸਕੂਲ ਦੀ ਚੈਕਿੰਗ ਵੇਲੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਬੱਚਿਆਂ ਨੂੰ ਪੁੱਛਿਆ ਸੀ, "ਕਾਕਾ ਗੰਗਾ ਨਦੀ ਕਿੱਥੋਂ ਨਿਕਲ ਤੇ ਕਿੱਥੇ ਤੱਕ ਜਾਂਦੀ ਹੈ ?"

ਬੱਚਿਆਂ ਨੇ ਕਿਹਾ, "ਚੰਡੀਗੜ੍ਹ ਤੋਂ ਨਿਕਲਦੀ ਤੇ ਪਟਿਆਲੇ ਪਹੁੰਚਦੀ ਹੈ"

ਅਫ਼ਸਰ ਨੇ ਹੈਰਾਨੀ ਨਾਲ ਕਿਹਾ; "ਇਹ ਤੁਹਾਨੂੰ ਕਿਸ ਨੇ ਦੱਸਿਐ ?

ਠੇਕੇ 'ਤੇ ਰੱਖੇ ਹੋਏ ਅਧਿਆਪਕ ਨੇ ਅੱਗੇ ਹੋ ਕੇ ਕਿਹਾ; "ਜੀ ਮੈਂ ਦੱਸਿਐ।"

ਅਫ਼ਸਰ ਨੇ ਕਿਹਾ; "ਗਲਤ ਦੱਸਿਐ! ਗੰਗਾ ਨਦੀ ਹਿਮਾਲੀਆ ਪਹਾੜ 'ਚੋਂ ਨਿਕਲ ਕੇ ਬੰਗਾਲ ਦੀ ਖਾੜੀ ਵਿੱਚ ਡਿੱਗਦੀ ਹੈ।"

ਠੇਕੇ ਵਾਲੇ ਮਾਸਟਰ ਨੇ ਕਿਹਾ, "ਮੈਨੂੰ ਵੀ ਪਤੈ, ਪਰ ਜਦੋਂ ਤੱਕ ਮੇਰੇ ਪਿੱਛਲੇ ਪੰਜਾਂ ਮਹੀਨਿਆਂ ਦੇ ਠੇਕੇ ਦੀ ਤਨਖ਼ਾਹ ਨਹੀਂ ਮਿਲ ਜਾਂਦੀ, ਓਨੀ ਦੇਰ ਤੱਕ ਗੰਗਾ ਨੇ ਪਹਾੜਾਂ 'ਚੋਂ ਨਿਕਲ ਕੇ ਬੰਗਾਲ ਦੀ ਖਾੜੀ ਵੱਲ ਜਾਣ ਦੀ ਥਾਂ ਚੰਡੀਗੜ੍ਹੋਂ ਨਿਕਲ ਕੇ ਪਟਿਆਲੇ ਹੀ ਜਾਂਦੀ ਰਹਿਣੈ!"

ਕੌਣ ਦੱਸੇ ਸਰਕਾਰ ਨੂੰ ਕਿ ਠੇਕੇ 'ਤੇ ਕਰਾਏ ਕੰਮਾਂ ਦਾ ਨਤੀਜਾ ਕਿੱਦਾਂ ਦਾ ਨਿਕਲਦਾ ਹੁੰਦੈ ? ਸ਼ਾਇਦ ਕੋਈ ਦੱਸ ਵੀ ਦੇਵੇ, ਪਰ ਸੁਣਨ ਵਾਲੀ ਕੋਈ ਸਰਕਾਰ ਤਾਂ ਹੋਵੇ, ਦੱਸੇ ਕਿਸ ਨੂੰ ?

—ਨਵਾਂ ਜ਼ਮਾਨਾ, ੫ ਜੁਲਾਈ ੨੦੦੬

ਪਾਣੀ ਦੀ ਘਾਟ ਨੂੰ ਕਿਵੇਂ ਪੂਰਾ ਕਰੀਏ ?

—ਬਲਦੇਵ ਮਾਧੋਪੁਰੀ

ਪਾਣੀ ਕੁਦਰਤ ਦੀ ਅਮੁੱਲੀ ਦਾਤ ਹੈ। ਇਸ ਧਰਤੀ ਤੇ ਜਿੰਨੇ ਵੀ ਜਾਨਦਾਰ ਪ੍ਰਾਣੀ ਅਤੇ ਜੀਵ-ਜੰਤੂ ਅਤੇ ਬਿਛ-ਬੂਟੇ ਹਨ, ਸਭ ਨੂੰ ਪਾਣੀ ਦੀ ਸਖਤ ਜ਼ਰੂਰਤ ਰਹਿੰਦੀ ਹੈ। ਕਹਿੰਦੇ ਹਨ 'ਮਰਦੇ ਦੇ ਮੂੰਹ ਵਿਚ ਪਾਣੀ' ਦੀਆਂ ਬੂੰਦਾਂ ਪਾ ਦਿੱਤੀਆਂ ਜਾਣ ਤਾਂ ਮਰਨ ਵਾਲਾ ਇਕ ਵਾਰ ਤਾਂ ਅੱਖਾਂ ਖੋਲ੍ਹ ਲੈਂਦਾ ਹੈ। ਸਾਡੇ ਦੇਸ਼ ਵਿਚ ਬਹੁਤ ਸਾਰੇ ਇਲਾਕੇ ਹਨ, ਜਿਨ੍ਹਾਂ ਵਿਚ ਪਾਣੀ ਦੀ ਬੜੀ ਕਿੱਲਤ ਰਹਿੰਦੀ ਹੈ ਤੇ ਬੜੀ ਬੜੀ ਦੂਰ ਤੋਂ ਕਠਿਨਾਈਆਂ ਨਾਲ ਪਾਣੀ ਲਿਆਕੇ ਆਪਣੀ ਪੂਰਤੀ ਕੀਤੀ ਜਾਂਦੀ ਹੈ। ਪਾਣੀ ਦੀ ਕਦਰ ਵੀ ਉਹੀ ਜਾਣਦੇ ਹਨ। ਕਿਤੇ ਹਿਮਾਚਲ ਦੇ ਪਹਾੜੀ ਇਲਾਕਿਆਂ ਵਿਚ ਜਾਈਏ ਤਾਂ ਪਾਣੀ ਮੁੱਲ ਲੈਣਾ ਪੈਂਦਾ ਹੈ ਤੇ ਉਥੇ ਥਾਂ-ਥਾਂ 'ਤੇ ਲਿਖਿਆ ਮਿਲਦਾ ਹੈ—"ਪਾਣੀ ਦੀ ਇਕ ਇਕ ਬੂੰਦ ਕੀਮਤੀ ਹੈ, ਇਸ ਨੂੰ ਅਜਾਈਂ ਨਾ ਵਰਤੋ।"

ਪੰਜਾਬ ਕੋਲ ਤਾਂ ਪਾਣੀ ਦਾ ਅਮੁੱਕ ਖਜ਼ਾਨਾ ਸੀ, ਖਾਸ ਤੌਰ 'ਤੇ ਦੋਆਬਾ ਤਾਂ ਬਿਲਕੁਲ ਹੀ ਭਰਪੂਰ ਸੀ ਪਰ ਜਦੋਂ ਤੋਂ ਪਾਣੀ ਦੀ ਖੁੱਲ੍ਹੀ ਵਰਤੋਂ ਹੋਣ ਲੱਗ ਪਈ ਹੈ ਇਥੇ ਵੀ ਧਰਤੀ ਹੇਠਲੇ ਜਲ-ਭੰਡਾਰ ਨੀਵੇਂ ਹੋ ਗਏ ਹਨ। ਜਿਨ੍ਹਾਂ ਲੋਕਾਂ ਨੇ ਉੱਪਰਲੇ ਫੇਹ ਤੇ ਬੋਰ ਕਰਵਾਏ ਹੋਏ ਸਨ, ਉਹ ਬੰਦ ਹੋ ਗਏ ਹਨ। ਪਿਛਲੇ ੭-੮ ਸਾਲ ਤੋਂ ਤਕਰੀਬਨ ਸਾਰੇ ਟਿਊਬਵੈੱਲ ਤੇ ਹੈਂਡ-ਪੰਪ ਜੋ ਕਿ ੭੦-੭੫ ਫੁੱਟ ਦੀ ਸਤਹਿ ਤੇ ਲੱਗੇ ਹੋਏ ਸਨ, ਸਭ ਨੇ ਪਾਣੀ ਦੇਣੋਂ ਜਵਾਬ ਦੇ ਦਿੱਤਾ ਹੈ ਤੇ ਰਹਿੰਦੇ-ਖੂੰਹਦੇ ਵੀ ਜਵਾਬ ਦੇਈ ਜਾਂਦੇ ਹਨ।

ਆਪਣੇ ਨਲਕੇ ਦੀ ਹੀ ਗੱਲ ਕਰਦਾ ਹਾਂ। ਜਦੋਂ ੧੯੬੦ ਵਿਚ ਨਲਕਾ ਲਗਵਾਇਆ ਸੀ ਤਾਂ ਉਦੋਂ ੨੫ ਫੁੱਟ 'ਤੇ ਹੀ ਪਾਣੀ ਆ ਗਿਆ ਸੀ ਤੇ ਇਕ ਹੈਂਡਲ ਮਾਰਿਆਂ ਹੀ ਗੜਵੀ ਪਾਣੀ ਦੀ ਭਰ ਜਾਂਦੀ ਸੀ। ਤੇ ਹੁਣ ੧੫੦ ਫੁੱਟ ਤੇ ਬੋਰ ਕਰਵਾਇਆ, ਫਿਰ ਵੀ ਮਿਸਤਰੀ ਕਹਿਣ ਲੱਗਾ-"ਬਾਬੂ ਜੀ, ਮੋਟੀ ਨਾਲ਼ (ਪਾਇਪ) ਘੱਟ ਘੱਟ ੭੫ ਫੁੱਟ ਪੌਣੀ ਪੈਣੀ ਐਂ ਤੇ ਮਸ਼ੀਨ ਉਥੇ ਪਾਣੀ ਵਿਚ ਫਿੱਟ ਹੋਊਗੀ ਤਾਂ ਜਾ ਕੇ ਪਾਣੀ ਲਗਾਤਾਰ ਆਊਗਾ.... ਜੇ ਇੱਦਾਂ ਨਹੀਂ ਕਰੋਗੇ ਤਾਂ ਮੇਰੀ ਕੋਈ ਗਰੰਟੀ ਨਹੀਂ, ਭਾਵੇਂ ਚੌਹ ਦਿਨਾਂ ਨੂੰ ਬੰਦ ਹੋ ਜਾਏ।" ਕੀ ਕਰਦਾ ਆਖਰ ਮਿਸਤਰੀ ਦੀ ਗੱਲ ਹੀ ਸਿਰੇ ਚੜ੍ਹੀ ਤੇ ਫਿਰ ਵੀ ਖਦਸ਼ਾ ਬਣਿਆ ਰਹਿੰਦਾ ਕਿ ਕਿਤੇ ਇਥੇ ਵੀ ਪਾਣੀ ਨਾ ਮੁੱਕ ਜਾਏ।

ਦਰਅਸਲ ਪਾਣੀ ਮੁੱਕਣ ਦੇ ਕੁਝ ਇਕ ਕਾਰਣ ਭੀ ਹਨ। ਜਿਵੇਂ ਅੱਜ ਤੋਂ ੫੦ ਕੁ ਸਾਲ ਪਿੱਛੇ ਝਾਤ ਮਾਰੀਏ, ਓਦੋਂ ਖੇਤੀ ਹੇਠ ਬਹੁਤ ਘੱਟ ਰਕਬਾ ਸੀ, ਪਿੰਡਾਂ ਵਿਚ ਵਿਰਲੇ-ਵਾਂਝੇ ਹੀ ਖੂਹ ਹੁੰਦੇ ਸਨ। ਜਿਥੇ ਖੂਹ ਹੁੰਦੇ ਸਨ ਉਸਦੇ ਆਲੇ-ਦੁਆਲੇ ਦੇ ਖੇਤਾਂ ਵਿਚ ਹੀ ਖੇਤੀ ਹੁੰਦੀ ਸੀ। ਬਾਕੀ ਸਾਰੀ ਜ਼ਮੀਨ ਉਵੇਂ ਹੀ ਪਈ ਰਹਿੰਦੀ ਸੀ। ਅੱਜ ਮਸ਼ੀਨਰੀ ਦੇ ਜੁੱਗ ਵਿਚ ਤੁਹਾਨੂੰ ਕਿਤੇ ਵੀ ਖਾਲੀ ਪਈ ਜ਼ਮੀਨ ਨਹੀਂ ਮਿਲੇਗੀ। ਸਭ ਜਗ੍ਹਾ ਖੇਤੀਆਂ ਨਜ਼ਰ ਆਉਂਦੀਆਂ ਹਨ। ਇਹ ਕਰਾਮਾਤ ਵੀ ਪਾਣੀ ਦੀ ਹੀ ਹੈ। ਮਨੁੱਖ ਨੇ ਹੇਠਾਂ ਤੋਂ ਹੇਠਾਂ ਜਾ ਕੇ ਪਾਣੀ ਲੱਭ ਲਿਆ ਹੈ ਤੇ ਉਸ ਦੀ ਖੂਬ ਵਰਤੋਂ ਕਰ ਰਿਹਾ ਹੈ। ਜਾਇਜ਼ ਤੇ ਨਾਜਾਇਜ਼ ਤਰੀਕੇ ਨਾਲ।

ਤੇ ਪਿੰਡ ਵਿਚ ਵੀ ਇਕ-ਦੋ ਖੂਹੀਆਂ ਹੀ ਹੁੰਦੀਆਂ ਸਨ, ਜਿਨ੍ਹਾਂ ਤੋਂ ਘਰੇਲੂ ਵਰਤੋਂ ਲਈ ਪਾਣੀ ਕੱਢਿਆ ਜਾਂਦਾ ਸੀ। ਝਿਊਰ ਲੋਕ ਵੱਡਿਆਂ ਘਰਾਂ ਵਿਚ ਸਵੇਰ-ਸ਼ਾਮ ਇਕ-ਇਕ ਘੜਾ ਪਾਣੀ ਦਾ ਭਰ ਕੇ ਦਿੰਦੇ ਸਨ, ਜਿਸ ਨੂੰ ਸੁਆਣੀਆਂ ਬੜੇ ਹੀ ਸੰਕੋਚ ਨਾਲ ਵਰਤਦੀਆਂ ਸਨ। ਅੱਜ ਕੱਲ੍ਹ ਤਾਂ ਰੋਜ਼ ਹੀ ਧੋਬੀ ਘਾਟ ਲੱਗਾ ਰਹਿੰਦਾ ਹੈ। ਪਹਿਲਾਂ ਹਫਤੇ ਵਿਚ ਇਕ ਦਿਨ ਹੀ ਕੱਪੜੇ ਧੋਤੇ ਜਾਂਦੇ ਸਨ। ਤੀਵੀਆਂ ਪਿੰਡ ਦੇ ਲਾਗੇ ਨਿਆਈਆਂ ਵਿਚ ਲੱਗੇ ਖੂਹ ਦੇ ਚੁਬੱਚੇ ਵਿਚ ਹੀ ਕੱਪੜੇ ਧੋ ਕੇ ਲੈ ਆਉਂਦੀਆਂ ਸਨ। ਜਿਸ ਦਿਨ ਕਿਤੇ ਉਹ ਹਲਟ ਚੱਲਦਾ ਹੋਣਾ, ਕੱਪੜੇ ਧੋਣ ਵਾਲੀਆਂ ਦਾ ਤਾਂਤਾ ਲੱਗ ਜਾਣਾ। ਉਹ ਪਾਣੀ ਨਾਲੇ ਤਾਂ ਨਹਾਉਣ-ਧੋਣ ਦੇ ਕੰਮ ਆ ਜਾਣਾ, ਨਾਲੇ ਖੇਤਾਂ ਵਿਚ ਚਲਾ ਜਾਣਾ। ਨਹਾਉਣ ਦੀ ਗੱਲ ਕਰੀਏ-ਜੇ ਘਰ ਵਿਚ ਹੀ ਨਹਾਉਣਾ ਹੁੰਦਾ ਸੀ ਤਾਂ ਇਕ ਬਾਲਟੀ ਨਾਲ ਹੀ ਪੂਰਨ ਇਸ਼ਨਾਨ ਹੋ ਜਾਂਦਾ ਸੀ.... ਤੇ ਅੱਜ ਘਰਾਂ ਵਿਚ ਸ਼ਾਵਰ ਲੱਗੇ ਹੋਏ ਹਨ ਤੇ ਹਮਾਮ ਬਣੇ ਹੋਏ ਹਨ। ਪਹਿਲਾਂ ਤਾਂ ਹਮਾਮ ਵਿਚ ਕਾਫੀ ਸਾਰਾ ਪਾਣੀ ਪਾ ਕੇ ਉਸ ਵਿਚ ਲੀਕੁਇਡ ਸਾਬਣ ਘੋਲ ਕੇ, ਨਹਾਉਣ ਵਾਲਾ/ਵਾਲੀ ਖੂਬ ਲੰਮੇ ਪੈ ਕੇ ਆਪਣੇ ਸਰੀਰ ਨੂੰ ਮਲਦਾ ਹੈ, ਫਿਰ ਸ਼ਾਵਰ ਥੱਲੇ ਹੋ ਕੇ ਪਤਾ ਨਹੀਂ ਕਿੰਨਾ ਕੁ ਪਾਣੀ ਖਰਾਬ ਕਰਦਾ ਹੈ ! ਇਸੇ ਤਰ੍ਹਾਂ ਹੀ ਬਰਤਨ ਧੋਣ ਦੀ ਗੱਲ ਹੈ-ਪਹਿਲਾਂ ਤਾਂ ਭਾਂਡੇ ਸੁਆਹ ਨਾਲ ਹੀ ਸੁੱਕ-ਮਾਂਜ ਕਰ ਕੇ ਕੱਪੜੇ ਨਾਲ ਸਾਫ ਕਰ ਲਏ ਜਾਂਦੇ ਸਨ। ਜੋ ਧੋਣੇ ਵੀ ਹੋਣ ਤਾਂ ਇਕ ਪਾਣੀ ਦੀ ਬਾਲਟੀ ਨਾਲ ਤਿੰਨੇ ਟਾਈਮਾਂ ਦੇ ਬਰਤਨ

ਧੋ ਲੈਂਦੀਆਂ ਸਨ ਸੁਆਣੀਆਂ... ਤੇ ਅੱਜ ਭਾਂਡੇ ਮਾਂਜਣ ਵਾਲੇ ਸਾਬਣ ਨਾਲ ਭਾਂਡਾ ਰਗੜ ਕੇ ਖੁੱਲ੍ਹੇ ਪਾਣੀ ਵਿਚ ਸੁੱਟ ਦਿੰਦੀਆਂ ਹਨ ਤੇ ਆਂਦੀਆਂ ਹਨ-ਜੇ ਖੁੱਲ੍ਹੇ ਪਾਣੀ ਵਚ ਭਾਂਡਾ ਨਾ ਧੋਈਏ ਤਾਂ ਸਾਬਣ ਦੀ ਬੋਅ ਭਾਂਡੇ ਵਿਚ ਰਹਿੰਦੀ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਕੰਮਾਂ ਲਈ ਪਾਣੀ ਫਜ਼ੂਲ ਵਰਤਿਆ ਜਾਂਦਾ ਹੈ। ਟੂਟੀ ਤੋਂ ਇਕ ਗਲਾਸ ਪਾਣੀ ਲੈਣਾ ਹੋਵੇ ਤਾਂ ਚਾਰ ਗਲਾਸ ਉਵੇਂ ਰੁੜ੍ਹ ਜਾਂਦੇ ਹਨ। ਟੂਟੀ ਬੰਦ ਕਰਨ ਦਾ ਚੇਤਾ ਹੀ ਭੁੱਲ ਜਾਂਦਾ ਹੈ।

ਪਾਣੀ ਦੀ ਘੱਟ ਵਰਤੋਂ ਹੁੰਦੀ ਸੀ ਤਾਂ ਸ਼ਹਿਰਾਂ-ਪਿੰਡਾਂ ਦਾ ਫਾਲਤੂ ਪਾਣੀ ਛੱਪੜਾਂ ਵਿਚ ਹੀ ਰਹਿ ਜਾਂਦਾ ਸੀ ਤੇ ਉਥੇ ਹੀ ਜਜ਼ਬ ਹੋ ਜਾਂਦਾ ਸੀ। ਨਦੀਆਂ ਨਾਲਿਆਂ ਦਰਿਆਵਾਂ ਦਾ ਪਾਣੀ ਵੀ ਸਾਫ ਕੁੰਗੂ ਵਰਗਾ ਰਹਿੰਦਾ ਸੀ। ਦੇਖਣ ਵਿਚ ਆਉਂਦਾ ਹੁੰਦਾ ਸੀ ਨਦੀਆਂ ਦੇ ਕਿਨਾਰੇ ਸਾਫ ਪਾਣੀ ਦੇ ਸੂਟੇ ਆਪ-ਮੁਹਾਰੇ ਉਤਾਂਹ ਨੂੰ ਉੱਭਦੇ ਸਨ ਤੇ ਅੱਜ ਗੰਦੀ ਬੋਅ ਤੋਂ ਇਲਾਵਾ ਕੁਝ ਵੀ ਨਹੀਂ ਮਿਲਦਾ। ਜਿਉਂ ਜਿਉਂ ਪਾਣੀ ਜ਼ਿਆਦਾ ਵਰਤੋਂ ਵਿਚ ਆਉਣ ਲੱਗਾ, ਗੰਦੇ ਪਾਣੀ ਨੇ ਆਪਣਾ ਰੁੱਖ ਨਦੀਆਂ-ਨਾਲਿਆਂ ਵੱਲ ਨੂੰ ਕਰ ਲਿਆ ਤੇ ਉਨ੍ਹਾਂ ਵਿਚਲੇ ਵਗਦੇ ਸਾਫ ਪਾਣੀ ਨੂੰ ਦੂਸ਼ਿਤ ਕਰ ਦਿੱਤਾ। ਅੱਜ ਹਾਲਤ ਇਹ ਬਣੀ ਹੋਈ ਹੈ ਕੋਈ ਵੀ ਨਦੀ-ਨਾਲਾ ਸਾਫ ਨਹੀਂ ਹੈ। ਇਹਨ੍ਹਾਂ ਵਿਚਲਾ ਗੰਦਾ ਪਾਣੀ ਅਨੇਕਾਂ ਬਿਮਾਰੀਆਂ ਨੂੰ ਜਨਮਦੇ ਰਿਹਾ ਹੈ।

ਗੱਲ ਤਾਂ ਇਹ ਹੈ ਕਿ ਅਸੀਂ ਪਾਣੀ ਦੀ ਸਹੀ ਵਰਤੋਂ ਕਿਵੇਂ ਕਰੀਏ ? ਇਸ ਗੱਲ ਦਾ ਧਿਆਨ ਤਾਂ ਹਰ ਵਿਅਕਤੀ ਨੂੰ ਰੱਖਣਾ ਪਵੇਗਾ। ਤੇ ਮੌਕੇ ਦੀਆਂ ਸਰਕਾਰਾਂ ਨੂੰ ਵੀ ਪਾਣੀ ਨਿਰਸੰਕੋਚ ਵਰਤਣ ਵਾਲਿਆਂ ਲਈ ਹਦਾਇਤਾਂ ਸਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ।

ਕਿਸਾਨ ਨੂੰ ਦੇਸ਼ ਦਾ ਅੰਨਦਾਤਾ ਕਿਹਾ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿਸਾਨਾਂ ਨੇ ਹੀ ਮਿਹਨਤ ਕਰ ਕੇ ਦੇਸ਼ ਨੂੰ ਅੰਨ ਭਰਪੂਰ ਕੀਤਾ ਹੈ, ਪਰ ਪਾਣੀ ਦੀ ਵਧ ਰਹੀ ਘਾਟ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਵੀ ਤਾਂ ਫਸਲਾਂ ਵਿਚ ਫੇਰ-ਬਦਲ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਧਰਤੀ ਹੇਠ ਪਾਣੀ ਘਟ ਰਿਹਾ ਹੈ ਕਿਉਂ ਨਾ ਉਹੀ ਫਸਲਾਂ ਹੀ ਬੀਜੀਏ, ਜਿਸ ਨੂੰ ਪਾਣੀ ਘੱਟ ਲਾਉਣਾ ਪਵੇ।

ਅਗਰ ਕਿਸਾਨ ਝੋਨਾ ਵੀ ਸੀਮਤ ਹੱਦਾਂ ਤੱਕ ਬੀਜੇ ਤਾਂ ਇਸ ਨਾਲ ਦੋ ਫਾਇਦੇ ਹੋ ਸਕਦੇ ਹਨ—ਇਕ ਤਾਂ ਪਾਣੀ ਦੀ ਖਪਤ ਘਟੇਗੀ, ਦੂਸਰਾ ਬਿਜਲੀ ਦਾ ਜੋ ਸੰਕਟ ਹਰ ਗਰਮੀਆਂ ਦੇ ਸੀਜ਼ਨ ਵਿਚ ਖੜ੍ਹਾ ਹੁੰਦਾ ਹੈ, ਉਸ ਨੂੰ ਵੀ ਕੁਝ ਠੱਲ੍ਹ ਪਵੇਗੀ। ਕਿਉਂਕਿ ਟਿਊਬਵੈੱਲ ਲਗਾਤਾਰ ਚਲਾਉਣ ਵਾਸਤੇ ਬਿਜਲੀ ਦੀ ਲੋੜ ਹੁੰਦੀ ਹੈ ਤੇ ਬਿਜਲੀ ਵੀ ਤਾਂ ਪਾਣੀ ਨਾਲ ਹੀ ਬਣਦੀ ਹੈ। ਡੈਮਾਂ ਵਿਚ ਪਾਣੀ ਦਾ ਸਤਰ ਗਰਮੀਆਂ ਵਿਚ ਘੱਟ ਜਾਂਦਾ ਹੈ ਕਿਉਂਕਿ ਬਾਰਿਸ਼ਾਂ ਤਾਂ ਅੱਜ ਕੱਲ੍ਹ ਪੈਂਦੀਆਂ ਹੀ ਬਹੁਤ ਘੱਟ ਹਨ। ਜਿਸ ਕਰਕੇ ਬਿਜਲੀ ਦੀ ਪੈਦਾਵਾਰ ਵਿਚ ਬਹੁਤ ਕਮੀ ਆ ਜਾਂਦੀ ਹੈ। ਤੇ ਬਿਜਲੀ ਮਹਿਕਮਾ ਲੰਬੇ ਲੰਬੇ ਕੱਟ ਲਾ ਕੇ ਬਿਜਲੀ ਦੀ ਘਾਟ ਨੂੰ ਪੂਰਾ ਕਰਦਾ ਹੈ। ਕਈ ਵਾਰੀ ਇਹ ਲੰਬੇ ਕੱਟ ਮਾੜੇ ਸਰੀਰਾਂ ਵਾਸਤੇ ਮੌਤ ਦਾ ਪੈਗ਼ਾਮ ਲੈਕੇ ਘੁੰਮਦੇ ਨਜ਼ਰ ਆਉਂਦੇ ਹਨ। ਸਿਰਫ ਕਿਸਾਨ ਨੂੰ ਬਿਜਲੀ ਦੇਣ ਲਈ ਹੀ ਇਹ ਕੱਟ ਲਾਏ ਜਾਂਦੇ ਹਨ, ਕਿਉਂਕਿ ਕਿਸਾਨ ਨੇ ਝੋਨਾ ਜੁ ਬੀਜਣਾ ਹੁੰਦਾ ਹੈ, ਤੇ ਝੋਨੇ ਵਾਸਤੇ ਪਾਣੀ ਜ਼ਰੂਰੀ ਹੈ।

ਪਹਿਲਾਂ ਜਦੋਂ ਸਿਰਫ ਬਿਹਾਰ ਵਿਚ ਜਾਂ ਹੋਰ ਇਲਾਕਿਆਂ ਵਿਚ ਜਿਥੇ ਬਾਰਿਸ਼ ਜ਼ਿਆਦਾ ਹੁੰਦੀ ਸੀ, ਉਥੇ ਦੇ ਕਿਸਾਨ ਹੀ ਝੋਨਾ ਬੀਜਦੇ ਹੁੰਦੇ ਸਨ। ਪੰਜਾਬ ਵਿਚ ਝੋਨਾ ਵਿਰਲਾ-ਟਾਂਵਾਂ ਹੀ ਬੀਜਦਾ ਹੁੰਦਾ ਸੀ ਤੇ ਅੱਜ ਝੋਨੇ ਨੂੰ ਪ੍ਰਮੁੱਖ ਫਸਲ ਸਮਝਿਆ ਜਾਂਦਾ ਹੈ। ਜਦ ਪਹਿਲਾਂ ਥੋੜ੍ਹੇ ਖੇਤ ਲਾ ਕੇ ਸਰਦਾ ਸੀ, ਕੀ ਹੁਣ ਨਹੀਂ ਸਰ ਸਕਦਾ ? ਹੋਰ ਥੋੜ੍ਹੀਆਂ ਫਸਲਾਂ ਨੇ ਜਿਨ੍ਹਾਂ ਨੂੰ ਪਾਣੀ ਘੱਟ ਲਾਉਣਾ ਪੈਂਦਾ ਹੈ, ਤੇ ਖਾਸੀ ਆਮਦਨ ਹੋ ਸਕਦੀ ਹੈ, ਜਿਵੇਂ ਦਾਲਾਂ ਹੀ ਲੈ ਲਓ... ਤੇਲਾਂ ਵਾਲੇ ਬੀਜ ਲੈ ਲਉ.... ਇਸ ਦੀਆਂ ਕੀਮਤਾਂ ਵੀ ਤਾਂ ਕਾਫੀ ਹਨ।

ਸ਼ਹਿਰਾਂ ਵਿਚ ਵੀ ਪਾਣੀ ਦੀ ਬੜੀ ਦੁਰਵਰਤੋਂ ਹੁੰਦੀ ਹੈ। ਕਈ ਥਾਈਂ ਪਾਣੀ ਅਜਾਈਂ ਵਗਦਾ ਰਹਿੰਦਾ ਹੈ। ਪਹਿਲਾਂ ਘਰ ਵਿਚ ਇਕ ਹੀ ਟੂਟੀ ਲੱਗੀ ਹੁੰਦੀ ਸੀ ਤੇ ਉਸ ਨਾਲ ਹੀ ਸਾਰਿਆ ਜਾਂਦਾ ਸੀ ਤੇ ਅੱਜ ਘਰ ਵਿਚ ਪਤਾ ਹੀ ਨਹੀਂ ਲਗਦਾ ਕਿੰਨੀਆਂ ਕੁ ਟੂਟੀਆਂ ਲੱਗੀਆਂ ਹਨ। ਗਲੀਆਂ ਬਜ਼ਾਰਾਂ ਦੀਆਂ ਨੁੱਕਰਾਂ ਤੇ ਸਾਂਝੀਆਂ ਟੂਟੀਆਂ ਤੋਂ ਹੀ ਸਭ ਪਾਣੀ ਭਰਦੇ ਸਨ ਬਾਲਟੀਆਂ ਨਾਲ। ਤੇ ਹੁਣ ਬੰਦਾ ਇੰਨਾ ਆਰਾਮ-ਪ੍ਰਸਤ ਹੋ ਗਿਆ ਹੈ-ਰਸੋਈ ਘਰਾਂ ਵਿਚ ਵੀ ਦੋ-ਦੋ, ਤਿੰਨ-ਤਿੰਨ ਟੂਟੀਆਂ ਛੱਡ ਕੇ ਪਾਣੀ ਅਜਾਈਂ ਵਰਤਿਆ ਜਾਂਦਾ ਹੈ। ਕੀ ਇਕ ਨਾਲ ਨਹੀਂ ਸਰ ਸਕਦਾ ? ਇਸ ਤਰ੍ਹਾਂ ਦੀਆਂ ਹੋਰ ਵੀ ਅਨੇਕਾਂ ਗੱਲਾਂ ਹਨ ਜਿਸ ਨਾਲ ਪਾਣੀ ਬਰਬਾਦ ਹੁੰਦਾ ਨਜ਼ਰ ਆਉਂਦਾ ਹੈ।

ਇਸ ਲਈ ਸਾਡਾ ਸਭ ਦਾ ਫਰਜ਼ ਹੈ ਕਿ ਪਾਣੀ ਨੂੰ ਮਨੁੱਖ ਵਾਸਤੇ ਕੁਦਰਤੀ ਦੇਣ ਸਮਝ ਕੇ ਅਤੇ ਉਪਰੋਕਤ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਉਸ ਦੀ ਸਹੀ ਵਰਤੋਂ ਕਰੀਏ। ਤੇ ਲੋੜ ਤੋਂ ਵੱਧ ਪਾਣੀ ਨਾ ਵਰਤੀਏ। ਅਗਰ ਹਰ ਵਿਅਕਤੀ ਪਾਣੀ ਨੂੰ ਥੋੜ੍ਹੀ ਮਾਤਰਾ ਨਾਲ ਇਸਤੇਮਾਲ ਕਰੇ ਤਾਂ ਪਾਣੀ ਦੀ ਬੱਚਤ ਹੋ ਸਕਦੀ ਹੈ ਤੇ ਉਹੀ ਬੱਚਤ ਹੋਰਨਾਂ ਦੇ ਕੰਮ ਆ ਸਕਦੀ ਹੈ।

ਆਓ ਸਾਰੇ ਰਲ ਕੇ ਪਾਣੀ ਦੀ ਵਧ ਰਹੀ ਘਾਟ ਨੂੰ ਪੂਰਾ ਕਰਨ ਵਾਸਤੇ ਘੱਟ ਪਾਣੀ ਵਰਤਣ ਦਾ ਪ੍ਰਣ ਕਰੀਏ।

ਬਾਰਾਮਾਹ ਸਤਿਗੁਰੂ ਕਾ ਮਾਨੋ ਗੁਰੂ ਬਿਲਾਸ

(ਭਾਈ ਚੰਦਾ ਸਿੰਘ ਦੇ ਬਾਰਾਂਮਾਹ ਦੇ ਸਨੇਹੀ ਜੀ ਵੱਲੋਂ ਕੀਤੇ ਆਲੋਚਨਾਤਮਕ ਅਧਿਐਨ ਦਾ ਮੁਲਾਂਕਣ)

—ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ,

ਵਰਿਆਮ ਦੇ ਅਪ੍ਰੈਲ ਅੰਕ ਸੰਤ ਸਵਰਨ ਸਿੰਘ ਸਨੇਹੀ ਦੀ ਲਿਖਤ 'ਬਾਰਾਂਮਾਹ ਕ੍ਰਿਤ ਭਾਈ ਚੰਦਾ ਸਿੰਘ' ਬਾਰੇ "ਜ਼ਬਤ ਹੋਏ ਨਾਮਧਾਰੀ ਸਾਹਿਤ ਦਾ ਆਲੋਚਨਾਤਮਕ ਅਧਿਐਨ" ਨੂੰ ਪਹਿਲੀ ਨਜ਼ਰੇ ਇਸ ਬਾਰਾਮਾਂਹ ਦੀ ਬਾਰਾਂਦਰੀ ਵਿਚ ਸਮਾਏ ਨਾਮਧਾਰੀ ਇਤਿਹਾਸ ਦੀ ਪ੍ਰਮਾਣਿਕਤਾ ਪਰਚੀ ਕਿਰਤ ਮੰਨ ਕੇ ਪੜ੍ਹਿਆ ਸੀ। ਚਲਦਾ ਸੰਕੇਤ ਨਾਲ ਮਈ ਤੇ ਫੇਰ ਜੂਨ ਅੰਕ ਵਿਚ ਕ੍ਰਮਵਾਰ ਵਿਸ਼ਾ ਵਸਤੂ ਤੇ ਕਲਾਤਮਕ ਪੱਖ ਹੈ। ਸਨੇਹੀ ਜੀ ਨੇ ਜਿਸ ਤਰ੍ਹਾਂ ਦੀ ਪੈਣੀ, ਗੰਭੀਰ ਤੇ ਚੁਸਤ ਕਲਮਕਾਰੀ ਦਾ ਪਰਿਚੈ ਦਿੱਤਾ ਹੈ ਉਸ ਸੁਘੜਤਾ ਨੂੰ ਨਾਮਧਾਰੀ ਹੀ ਨਹੀਂ ਸਗੋਂ ਆਮ ਪੰਜਾਬੀ ਵਿਦਵਾਨਾਂ ਦੀ ਕਲਮਾਂ ਵਿਚੋਂ ਵੀ ਦਿਨ ਵਿਚ ਦੀਵਾ ਲੈ ਕੇ ਲੱਭਣਾ ਪੈਂਦਾ ਹੈ। ਪੁਰਾਤਨ ਸ਼ਾਸਤ੍ਰੀ ਰਿਵਾਜ ਹੈ ਕਿ ਗ੍ਰੰਥਾਂ ਦੀ ਵਿਆਖਿਆ ਲਿਖੀ ਜਾਵੇ ਜਿਸ ਨੂੰ ਭਾਸ਼ ਕਿਹਾ ਜਾਂਦਾ ਸੀ। ਰਿਸ਼ੀ ਵੇਦ ਵਿਆਸ ਦੇ ਕੁਝ ਗ੍ਰੰਥਾਂ ਦਾ ਭਾਸ਼ਿਆ ਜਗਤਗੁਰੂ ਸ਼ੰਕਰਾਚਾਰਯਾ ਨੇ ਲਿਖਿਆ ਸੀ। ਕਥਾ ਸਾਹਿਤ ਅਨੁਸਾਰ ਰਿਸ਼ੀ ਵੇਦ ਵਿਆਸ ਨੇ ਆਪ ਪ੍ਰਗਟ ਹੋ ਕੇ ਉਤਰਾਖੰਡ ਵਿਚ ਇਸ ਭਾਸ਼ਿਆ ਦਾ ਅਵਲੋਕਨ—ਅਧਿਐਨ ਕੀਤਾ ਸੀ। ਉਨ੍ਹਾਂ ਸ੍ਰੀ ਸ਼ੰਕਰ ਆਚਰਯ ਨੂੰ ਹੁਕਮ ਕੀਤਾ ਸੀ ਕਿ ਇਨ੍ਹਾਂ ਭਾਸ਼ਿਆਂ ਦਾ ਵਾਰਤਕ ਜ਼ਰੂਰ ਲਿਖਵਾਉਣ, ਪਰ ਅਣਮਿੱਥੇ ਹਾਲਾਤ ਅਧੀਨ ਆਚਾਰਯ ਸ੍ਰੀ ਸ਼ੰਕਰ ਆਪਣੇ ਜੀਵਨ ਕਾਲ ਵਿਚ ਇਹ ਕੰਮ ਨਾ ਕਰ ਸਕੇ।

ਸਨੇਹੀ ਜੀ ਨੇ ਭਾਸ਼ ਤੇ ਵਾਰਤਕ ਦੁਹਾਂ ਕਾਰਜਾਂ ਨੂੰ ਇਸ ਲੜੀ ਵਿਚ ਪ੍ਰਸਤੁਤ ਕਰ ਕੇ ਨਾਮਧਾਰੀ ਲੇਖਕਾਂ ਵਿਚੋਂ ਅੰਾਪਣੀ ਨਿਵੇਕਲੀ ਵਿਦਵਤਾ ਹੀ ਪ੍ਰਗਟ ਕੀਤੀ ਹੈ। ਨਾਮਧਾਰੀ ਲੇਖਕਾਂ ਵਿਚੋਂ ਪਹਿਲਾਂ ਅਮਰ ਭਾਰਤੀ ਜੀ ਤੇ ਪ੍ਰਿੰਸੀਪਲ ਬੇਅੰਤ ਕੌਰ ਨੂੰ ਹੀ ਵਿਦਵਾਨ ਲੇਖਕ ਮੰਨਦਾ ਸੀ। ਵਰਿਆਮ ਨਾਲ ਸੰਪਰਕ ਹੋਣ 'ਤੇ ਸ: ਜਗਦੀਸ਼ ਸਿੰਘ ਵਰਿਆਮ ਜੀ ਦੀ "ਸੰਪਾਦਕੀ" ਅਤੇ "ਖਿੱਲਰੇ ਪਤਰਿਆਂ" ਵਿਚੋਂ ਪ੍ਰੋ. ਐਸ.ਐਸ. ਅਮੋਲ ਤੇ ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਲਮ ਵਰਗੀ ਸੁਘੜ, ਸਰਲ, ਸਰਸ, ਸੰਖੇਪ ਅਤੇ ਸਾਰ ਭੂਤ ਕਲਮਕਾਰੀ ਦਾ ਪਰਿਚੈ ਮਿਲਿਆ। ਸੰਤ ਸਵਰਨ ਸਿੰਘ ਸਨੇਹੀ ਜੀ ਦੀ ਵਿਆਕਰਣ, ਪਿੰਗਲ ਅਤੇ ਕਾਵਧਾਰਾਵਾਂ ਮੁਤੱਲਕ ਗਿਆਨ ਦੀ ਪਹਿਲੀ ਝਲਕ ਤਾਂ ਪੁਸਤਕ ਸਾਕਾ ਮਲੇਰਕੋਟਲਾ ਕ੍ਰਿਤ ਨਿਰੰਜਨ ਸਿੰਘ ਮਿਗ੍ਰੇਸ਼ ਵਿਚੋਂ ਮਿਲੀ ਸੀ ਪਰ ਹਥਲੀ ਲੇਖ ਮਾਲਾ ਵਿਚਲੀ ਕਲਮ, ਕਾਰਾ ਕਰਨ ਵਾਲੀ, ਕਟਾਰ ਲਗਦੀ ਹੈ। ਇਸੇ ਲਈ ਇਸ ਲੇਖ ਮਾਲਾ ਪ੍ਰਤੀ ਨਿੱਜੀ ਪ੍ਰਤੀਕਰਮ ਨੂੰ ਵਰਿਆਮ ਦੇ ਪਾਠਕਾਂ ਨਾਲ ਸਾਂਝਾ ਕਰਨ ਦਾ ਲੋਭ ਨਹੀਂ ਤਿਆਗ ਸਕਿਆ।

ਸਨੇਹੀ ਜੀ ਨੇ ਸਨੇਹ ਭਰੇ ਸ਼ਬਦਾਂ ਵਿਚ ਲਿਖਿਆ ਹੈ ਕਿ "ਕ੍ਰਾਂਤੀਕਾਰੀ ਨਾਅਰਾ ਲਾਉਣ ਵਾਲੇ ਨਾਮਧਾਰੀਆਂ ਦੀ ਕਾਰਗੁਜ਼ਾਰੀ ਇਤਿਹਾਸਕਾਰਾਂ ਦੀ ਸੰਕੀਰਨਤਾ ਦੇ ਭਾਰ ਹੇਠ ਹੀ ਦੱਬੀ ਰਹਿ ਗਈ ਜਦਕਿ ੧੮੫੭ ਦੇ ਗਦਰ ਸਮੇਂ ਸਿੱਖਾਂ ਵੱਲੋਂ ਅੰਗਰੇਜ਼ਾਂ ਦੀ ਮਦਦ ਕਰਨ ਦਾ ਸਿੱਖਾਂ ਦੇ ਮੱਥੇ ਲੱਗਾ ਕਲੰਕ ਨਾਮਧਾਰੀਆਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨਾਲ ਹੀ ਧੋਤਾ ਗਿਆ ਸੀ। ਮੈਂ ਖੁਲਾਸਾ ਕਰਾਂ ਕਿ ਸੰਨ ੧੯੮੪ ਮਈ ਵਿਚ ਪੱਤਰਕਾਰ ਅਰੁਣ ਸ਼ੋਰੀ ਨੇ ਜੋ ਮਗਰੋਂ ਬੀ ਜੇ ਪੀ ਸਾਂਝੀ ਸਰਕਾਰ ਵਿਚ ਕੇਂਦਰੀ ਮੰਤਰੀ ਬਣਿਆ, ਇੰਡੀਅਨ ਐਕਸਪ੍ਰੈੱਸ ਵਿਚ ਇਕ ਲੇਖ ਲੜੀ ਲਿਖ ਕੇ ਸਿੱਖ ਕੌਮ ਨੂੰ ਅੰਗ੍ਰੇਜ਼ ਸਰਕਾਰ ਦਾ ਪਿੱਠੂ ਤੇ ਗੱਦਾਰ ਗਰਦਾਨਿਆ ਸੀ। ਇਸ ਲੇਖ ਲੜੀ ਦਾ ਉੱਤਰ ਦੇਵਿੰਦਰ ਸਿੰਘ ਦੁੱਗਲ ਨਾਮੀ ਸਿੱਖ ਵਿਦਵਾਨ ਨੇ ਦਿੱਤਾ ਸੀ। ਇਸ ਵਿਦਵਾਨ ਦੀ ਲੇਖਮਾਲਾ ਨੂੰ ਅੰਗ੍ਰੇਜ਼ੀ ਵਿਚ ੨੦ ਹਜ਼ਾਰ ਤੇ ਗੁਰਮੁਖੀ 'ਚ ੩੦ ਹਜ਼ਾਰ ਛਪਵਾ ਕੇ ਸ਼੍ਰੋਮਣੀ ਕਮੇਟੀ ਨੇ ਵ੍ਹੀ ਵੰਡਿਆ ਸੀ। ਲੇਖਕ ਨੇ ਬੜੇ ਚਾਵ ਨਾਲ ਕੂਕਾ ਲਹਿਰ ਦੀ ਕੁਰਬਾਨੀਆਂ ਦੇ ਇਤਿਹਾਸ ਨਾਲ ਸਿੱਖ ਕੌਮ ਦਾ ਮੂੰਹ ਮੁਹਾਂਦਰਾ ਸੁਆਰਨ ਦੀ ਜੋ ਕਲਮ ਚਰਚਾ ਕੀਤੀ ਉਸ ਨਾਲ ੧੯੯੯ ਦੇ ਖਾਲਸਾ ਸਿਰਜਨਾ ਦੇ ਤਿੰਨ ਸੋ ਸਾਲਾ ਪੁਰਬਾਂ ਨੂੰ (ਦੀ ਟਰੁਥ ਅਬਾਊਟ ਦੀ ਸਿਖਸ) ਸਕਾਰਥ ਕੀਤਾ ਗਿਆ ਸੀ। ਉਧਰ ਸ਼੍ਰੋਮਣੀ ਕਮੇਟੀ ਦੇ ਮਾਸਿਕ 'ਗੁਰਮਤਿ ਪ੍ਰਕਾਸ਼' ਤਿੰਨ ਸੌ ਸਾਲਾ ਵਿਸ਼ੇਸ਼ਾਂਕ ਵਿਚ ਪ੍ਰੋ: ਬਲਕਾਰ ਸਿੰਘ ਰਾਧਾ ਸੁਆਮੀਆਂ ਤੇ ਬਦੇਸ਼ੀ ਇਸਾਈ ਸਿੱਖਾਂ ਨਾਲ ਰਲਾ ਕੇ ਨਾਮਧਾਰੀਆਂ ਦੀ ਸਿੱਖੀ ਹੈਸੀਅਤ ਨੂੰ ਹੀ ਪ੍ਰਸ਼ਨ ਚਿੰਨ੍ਹ ਲਗਾ ਰਿਹਾ ਸੀ। 'ਗੁਰਮਤਿ ਪ੍ਰਕਾਸ਼' ਅਪ੍ਰੈਲ ੧੯੯੯ ਅੰਕ ਪੰਨਾ ੮੦ ਤੇ ਡਾ. ਬਲਕਾਰ ਸਿੰਘ ਲਿਖਦਾ ਹੈ— ਪਹਿਲਾਂ ਹੀ ਪੰਜਾਬ ਵਿਚ ਰਾਧਾ ਸੁਆਮੀ ਸਿੱਖ, ਨਿਰੰਕਾਰੀ ਸਿੱਖ ਅਤੇ ਕੂਕੇ ਸਿੱਖ ਨੂੰ ਸਿੰਘ ਦੇ ਤਨਾਉ ਵਿਚ ਪ੍ਰਚਲਿਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਸੇ ਹੀ ਤਰਜ਼ ਉਤੇ ਮਲੇਸ਼ੀਆ ਵਿਚ ਈਸਾਈ ਸਿੱਖ (ਕ੍ਰਿਸਚਿਅਨ ਸਿੱਖ) ਦੀ ਗੱਲ ਚੱਲੀ ਹੋਈ ਹੈ।

ਸੰਨ ੧੮੭੨ ਵਿਚ ਮਹਾਰਾਜਾ ਪਟਿਆਲਾ ਜਿਹੋ ਜਿਹੀ ਇਬਾਰਤ ਲਾਟ ਸਾਹਿਬ ਦੇ ਚਰਨਾਂ ਵਿਚ ਰੱਖ ਕੇ ਨਿਹਾਲ ਹੋਇਆਂ ਸੀ ਉਸੇ ਮਹਾਰਾਣੀ ਨੂੰ ੧੯੪੪ ਵਿਚ ਪ੍ਰੋ. ਗੰਡਾ ਸਿੰਘ "ਕੂਕਿਆਂ ਦੀ ਵਿਥਿਆ" ਵਿਚ ਕਲਮ ਬੰਧ ਕਰ

ਰਿਹਾ ਸੀ। ਉਸੇ ਤਰਜ਼ ਤੇ ਡਾ. ਸੁਖਦਿਆਲ ਸਿੰਘ ਪੁਸਤਕ "ਖਾਲਸਾ ਪੰਥ ਦੇ ਪੰਜ ਤਖਤ" (੧੯੯੮ ਪਟਿਆਲਾ ਯੂਨੀਵਰਸਿਟੀ) ਵਿਚ ਗੁਲਾਮ ਮਾਨਸਿਕਤਾ ਦਾ ਪਰਿਚੈ ਦੇ ਰਿਹਾ ਹੈ। ਇਨ੍ਹਾਂ ਲਈ ਅੱਜ ਵੀ ਪੰਜਾਬ ਅਤੇ ਭਾਰਤ ਵਿਚ ਅੰਗ੍ਰੇਜ਼ਾਂ ਦਾ ਰਾਜ ਹੈ ਤੇ ਕੂਕਿਆਂ ਦਾ ਵਿਰੋਧ ਲਾਹੇਵੰਦ ਹੈ। ਸੰਨ ੧੯੯੯ ਵਿਚ ਸਿੱਖ ਇਤਿਹਾਸ ਡਾਇਰੀ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪੂਰੇ ਪੰਨੇ ਦਾ ਚਿੱਤਰ (ਅਨੁਕ੍ਰਿਤੀ ਸ. ਸੋਭਾ ਸਿੰਘ ਜੀ) ਛਾਪਿਆ ਗਿਆ ਅਤੇ ਇਕ ਪੂਰਾ ਦਿਨ ਨਾਮਧਾਰੀਆਂ ਦੇ ਅਨੰਦਪੁਰ ਕੇਸਗੜ੍ਹ ਮਾਰਚ ਲਈ ਨਿਸ਼ਚਿਤ ਕੀਤਾ ਗਿਆ, ਪਰ ਸ਼੍ਰੋਮਣੀ ਕਮੇਟੀ ਦੇ ਪਰਚਿਆਂ ਵਿਚ ਜੋ ਕੂਕਾ ਵਿਰੋਧੀ ਸੁਰ ਉਦੋਂ ਕਾਇਮ ਸਨ ਉਹ ਤੇ ਅੱਜ ਤੱਕ ਵੀ ਰਿੜਦੇ ਆ ਰਹੇ ਹਨ।

ਸਨੇਹੀ ਜੀ ਨੇ ਅੰਗ੍ਰੇਜ਼ਾਂ ਵੱਲੋਂ ਮੱਕਾਰੀ ਨਾਲ ਪ੍ਰਾਪਤ, ਹਕੂਮਤ ਦੀ ਪੁਖਤਾਈ ਲਈ ਕੀਤੇ ਉਪਰਾਲਿਆਂ ਵਿਚ ਕੂਕਾ ਪੱਖੀ ਕਲਮਕਾਰੀ ਕੁੰਦ ਕਰਨ ਦੀ ਕਸਰਤ ਦਾ ਵਿਸਤਾਰ ਵੇਰਵਾ ਦਿੱਤਾ ਹੈ। ਇਸੇ ਸੰਦਰਭ ਵਿਚ ੧੯੨੦ ਤੋਂ ਕੂਕਾ ਕਲਮ ਪ੍ਰਵੇਸ਼-ਸਤਿਜੁਗ-ਰੂਪ ਵਿਚ ਹੁੰਦਾ ਹੈ। ਕੂਕਾ ਲਿਖਤਾਂ ਵਿਚ ਪਹਿਲੀ ਚਰਚਾ ਭਾਈ ਚੰਦਾ ਸਿੰਘ ਦੇ ਬਾਰਾਂਮਾਹ ਦੀ ਹੀ ਮੰਨੀ ਜਾਂਦੀ ਹੈ। "ਬਾਰਾਂਮਾਹ ਸਤਿਗੁਰੂ ਕਾ ਮਾਨੋ ਗੁਰੂ ਬਿਲਾਸ" ਲਿਖ ਕੇ ਲੇਖਕ ਨੇ ਆਪਣੇ ਇਤਿਹਾਸ ਗਿਆਨ ਦੇ ਸਾਗਰ ਨੂੰ ਬਾਰਾਂਮਾਂਹ ਦੇ ਕੁੱਜੇ ਵਿਚ ਬੰਦ ਕਰਨ ਦੀ ਮਜਬੂਰੀ ਨਾਲ ਆਪਣਾ ਆਤਮ ਵਿਸ਼ਵਾਸ ਪਾਠਕਾਂ ਨਾਲ ਸਾਂਝਾ ਕੀਤਾ ਹੈ। ਸਨੇਹੀ ਜੀ ਦੂਜੀ ਕਿਸ਼ਤ ਵਿਚ ਇਸ ਬਾਰਾਂਮਾਹ ਦੀ ਤੋਰ ਨਾਲ ਤਤਕਾਲੀਨ ਇਤਿਹਾਸ ਸਿਰਜਦੇ ਹੋਏ ਨਾਬੀਨੇ ਬਾਬਾ ਚੰਦਾ ਸਿੰਘ ਦੇ ਹਿਰਦੇ ਚਾਂਦਨੀ ਨਾਲ ਸਾਂਝ ਪੁਆਂਦੇ ਹਨ। ਸਨੇਹੀ ਜੀ ਇਸ ਬਾਰਾਂਮਾਹ ਦੇ ਰਚਨਾ ਕਾਲ ਬਾਰੇ ਇਥੇ ਕੋਈ ਸੂਚਨਾ ਦੇਣ ਤੋਂ ਅਸਮਰਥ ਰਹੇ ਹਨ। ਸੰਨ ੧੯੯੪ ਦੇ ਸਤਿਜੁਗ ਦੇ ਬਸੰਤ ਅੰਕ ਵਿਚ ਡਾ. ਹਰਭਜਨ ਸਿੰਘ ਦੇ ਲੇਖ "ਚੰਦਾ ਸਿੰਘ ਬਾਰਾਂਮਾਹ" ਵਿਚ ਇਹ ਸੂਚਨਾ ਮਿਲਦੀ ਹੈ— "ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਮਿਸਟਰ ਏ. ਮਕੈਂਜੀ ਵੱਲ ਲਾਹੌਰੋਂ ੨੪.੬.੧੮੮੪ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਇਸ ਬਾਰਾਂਮਾਹ ਦਾ ਜ਼ਿਕਰ ਹੈ। ਇਸ ਪੱਤਰ ਦੇ ਨਾਲ ਇਸ ਦਾ ਪੂਰਾ ਅੰਗ੍ਰੇਜ਼ੀ ਅਨੁਵਾਦ ਵੀ ਨੱਥੀ ਕੀਤਾ ਗਿਆ ਹੈ ਤੇ ਇਹ ਵੀ ਦੱਸਿਆ ਗਿਆ ਕਿ "ਇਹ ਬਾਰਾਂਮਾਹ ਅੱਜ ਕੱਲ੍ਹ ਪ੍ਰਕਾਸ਼ਿਤ ਰੂਪ ਵਿਚ ਪਸਾਰਿਆ ਜਾ ਰਿਹਾ ਹੈ।" ਇਸ ਲਈ ਇਸ ਬਾਰਾਂਮਾਹ ਦਾ ਰਚਨਾ ਕਾਲ ੧੮੮੦-੮੪ ਦੇ ਦਰਮਿਆਨ ਮੰਨਿਆ ਜਾ ਸਕਦਾ ਹੈ। ਜੇਕਰ ਸਨੇਹੀ ਜੀ ਅਨੁਸਾਰ ਇਸ ਬਾਰਾਂਮਾਂਹ ਵਿਚ ਸਤਿਗੁਰਾਂ ਦੇ ਨਿਵਾਸ ਬਾਰੇ ਲੇਖਕ ਦੀ ਪ੍ਰਮਾਣਿਕ ਜਾਣਕਾਰੀ ਨੂੰ ਸਵੀਕਾਰ ਕਰ ਲਿਆ ਜਾਵੇ ਤਾਂ ਇਹ ਬਾਰਾਂਮਾਂਹ ੧੮੮੦-੮੧ ਦਾ ਲਿਖਿਆ ਹੈ ਕਿਉਂਕਿ ਸਿਤੰਬਰ ੧੮੮੦ ਤੱਕ ਸਤਿਗੁਰੂ ਜੀ ਰੰਗੂਨ ਵਿਚ ਸਨ ਤੇ ਮਗਰੋਂ ਮਰਗੋਈ ਭੇਜੇ ਗਏ, ਜਿਥੇ ਗਏ ਧੰਨਾ ਸਿੰਘ ਤੇ ਮੀਹਾਂ ਸਿੰਘ ਫੜੇ ਗਏ ਸਨ ਤੇ ਉਨ੍ਹਾਂ ਦਾ ਸੰਕੇਤ ਜ਼ਿਕਰ ਇਥੇ ਨਹੀਂ ਹੋਇਆ।

ਤੀਜੀ ਜੂਨ ਕਿਸ਼ਤ ਵਿਚ-'ਬਾਰਾਂਮਾਹੇ ਦਾ ਕਲਾਤਮਕ ਪੱਖ' ਵਿਚ ਸਨੇਹੀ ਜੀ ਅਲੰਕਾਰਾਂ ਅਤੇ ਰਸਾਂ ਨਾਲ ਜੁੜੀ ਵੱਖ-ਵੱਖ ਪੰਕਤੀਆਂ ਨਾਲ ਪਰਿਚਿਤ ਕਰਾਂਦੇ ਹੋਏ ਆਪਣੇ ਕਾਵਿ-ਵਿਧਾ-ਅਧਿਕਾਰ ਗਿਆਨ ਨਾਲ ਹੀ ਪਰਿਚਿਤ ਕਰਾਂਦੇ ਹਨ। ਉਨ੍ਹਾਂ ਠੀਕ ਹੀ ਲਿਖਿਆ ਹੈ ਕਿ ਗੁਣਾਂ ਦੀ ਗਠੜੀ ਵਿਚ ਔਗਣ ਲੱਭ ਹੀ ਜਾਂਦੇ ਹਨ। ਇਸ ਬਾਰਾਂਮਾਂਹ ਦੇ ਕੰਠਾਗ੍ਰ ਪ੍ਰਚਾਰ ਪ੍ਰਸਾਰ ਨਾਲ ਕੁਝ ਤੋਲ-ਬੋਲ ਵਿਸ਼ਯਕ ਔਗੁਣ ਆ ਜਾਣੇ ਸੁਭਾਵਿਕ ਸਨ ਤੇ ਕੁਝ ਮੂਲ ਪਾਠ ਵਿਚ ਵੀ ਹੋਣਗੇ ਹੀ। ਸਨੇਹੀ ਜੀ ਇਸ ਕਿਸ਼ਤ ਵਿਚ ਇਸ ਬਾਰਾਂਮਾਂਹ ਦੇ ੧੮੮੪ ਵਿਚ ਪੜ੍ਹੇ ਪ੍ਰਚਾਰੇ ਜਾਣ ਬਾਰੇ ਅੰਗ੍ਰੇਜ਼ੀ ਦਸਤਾਵੇਜ਼ਾਂ ਦੇ ਕਈ ਹਵਾਲੇ ਦਿੰਦੇ ਹਨ, ਪਰ ਇਨ੍ਹਾਂ ਵਿਚ ਡਾ. ਹਰਿਭਜਨ ਸਿੰਘ ਵਾਲਾ ਹਵਾਲਾ ਨਹੀਂ ਹੈ।

ਸਨੇਹੀ ਜੀ ਅਨੁਸਾਰ—'ਨਿਰਸੰਸੇ ਇਹ ਬਾਰਾਂਮਾਹ ਜਿੰਨਾਂ ਸਾਹਿਤ ਦਾ ਅਮੋਲਕ ਹਿੱਸਾ ਹੈ ਉਨਾਂ ਹੀ ਨਾਮਧਾਰੀ ਇਤਿਹਾਸ ਦਾ ਵੀ।" ਇਹ ਵੀ ਨਿਰਵਿਵਾਦ ਹਕੀਕਤ ਹੈ ਕਿ ਸਨੇਹੀ ਜੀ ਦੁਆਰਾ ਲਿਖਿਆ ਇਹ ਆਲੋਚਨਾਤਮਕ ਅਧਿਐਨ ਵੀ ਬਾਰਾਂਮਾਹ ਦੀ ਕਿਸੇ ਅਗਲੀ ਛਪਾਈ ਨਾਲ ਛਾਪਿਆ ਜਾਣਾ ਜ਼ਰੂਰੀ ਲਗਦਾ ਹੈ। ਇਸ ਵਿਦਵਤਾ ਭਰਪੂਰ ਅਧਿਐਨ ਨਾਲ ਬਾਰਾਂਮਾਹ ਦੇ ਮੁਲਾਂਕਣ ਪ੍ਰਤੀ ਭਵਿੱਖਤ ਦੇ ਪਾਠਕ ਹਮੇਸ਼ਾ ਪਰੀਚਿਤ ਹੋਂਦੇ ਰਹਿਣਗੇ। ਵਰਿਆਮ ਦੇ ਤਿੰਨ ਅੰਕਾਂ ਵਿਚ ਫੈਲੇ ਇਸ ਆਲੋਚਨਾਤਮਿਕ ਅਧਿਐਨ ਦੇ ੧੭ ਪੰਨਿਆਂ ਵਿਚ ੪੯ ਟਿੱਪਣੀਆਂ ਤੇ ਹਵਾਲੇ ਪੂਰਾ ਭੇਦ ਪੰਨਾ ਮੱਲ ਕੇ ਬੈਠੇ ਹਨ ਤੇ ਸਨੇਹੀ ਜੀ ਦੇ ਗੰਭੀਰ ਅਧਿਐਨ ਖੋਜ ਸ਼ੈਲੀ ਨਾਲ ਪਰਿਚਿਤ ਲਗਦੇ ਹਨ।"

ਇਸ ਪ੍ਰਤੀਕਰਮ ਦੇ ਅਖੀਰ ਵਿਚ ਇਕ ਹਕੀਕਤ ਜ਼ਰੂਰ ਲਿਖਾਂਗਾ ਜੋ ਸਨੇਹੀ ਜੀ ਵਿਦਵਤ ਗੰਭੀਰਤਾ ਵਿਚ ਭੁੱਲ ਗਏ ਹਨ। ਇਸ ਬਾਰਾਂਮਾਹ ਦੀ ਇਹ ਤੁਕਾਂ 'ਜਬ ਰੂਸ ਪੰਜਾਬੇ ਆਏ। ਪਏ ਕਾਲ ਮੁਲਕ ਰੁਲ ਜਾਏ॥ ਦੁਨੀਆ ਮਰੇ ਅੰਨ ਕੋ ਹਾਵੇ॥ ਠਗ ਚੋਰ ਬਹੁਤ ਲੁਟ ਲੁਟ ਖਾਵੇ॥ ਦੇ ਨਾਲ— "ਅੰਨ ਰੁਪਈਏ ਸੇਰ ਵਿਕਾਵੈ॥ ਉਹ ਲਭਿਆ ਹੱਥ ਨਾ ਆਏ॥" ਤੁਕਾਂ ਜੁੜ ਕੇ ਲੋਕ ਗੀਤ ਬਣ ਗਈਆਂ ਸਨ। ਕਈਆਂ ਲੇਖਕਾਂ ਨੇ ਭਾਈ ਚੰਦਾ ਸਿੰਘ ਜੀ ਦੀ ਤੁਕਾਂ ਤੇ ਨਾਲ ਰਲੀਆਂ ਲੋਕ ਤੁਕਾਂ ਨੂੰ ਸੌ ਸਾਖੀ ਦੀ ਬਾਣੀ ਵਜੋਂ ਲਿਖਤਾਂ ਵਿਚ ਦਰਜ ਕੀਤਾ ਹੈ। ਛੋਟੇ ਹੁੰਦਿਆਂ ਇਹ ਤੁਕਾਂ ਘਰਾਂ ਵਿਚ ਆਮ ਸੁਣੀਆਂ ਹਨ ਪਰ ਹਵਾਲਾ ਸੌ ਸਾਖੀ ਦਾ ਹੀ ਸੁਣਦੇ ਹੁੰਦੇ ਸੀ। ਭਾਈ ਚੰਦਾ ਸਿੰਘ ਦਾ ਲੋਕ ਗੀਤ ਬਣ ਚੁੱਕਿਆ ਬਾਰਾਂਮਾਹ ਵਾਸਤਵ ਵਿਚ—ਬਾਰਾਂਮਾਹ ਸਤਿਗੁਰੂ ਕਾ ਮਾਨੋ ਗੁਰੂ ਬਿਲਾਸ—ਹੈ ਤੇ ਬਿਰਹਾ ਸੁਲਤਾਨ ਦਾ ਚਿਤੇਰਾ ਹੈ।

ਮੁਠੱਡਾ ਕਲਾਂ ਵਿਚ ਨਾਮਧਾਰੀ ਸਾਹਿਤਕ ਸੰਮਲੇਨ

—*ਜਗਦੀਸ਼ ਸਿੰਘ ਵਰਿਆਮ*

ਮੁਠੱਡਾ ਕਲਾਂ ਪਿੰਡ ਵਿਚ ਨਾਮਧਾਰੀ ਸਾਹਿਤਕ ਸੰਮੇਲਨ ਮਿਤੀ ੧੩ ਅਗਸਤ ੨੦੦੬, ਐਤਵਾਰ ਨੂੰ ਪੂਰੀ ਸੱਜ-ਧੱਜ ਨਾਲ ਹੋਇਆ। ਸ. ਦਲਬੀਰ ਸਿੰਘ ਪੂਨੀ ਉਰਫ ਤਰਸ ਜੋ ਆਸਟ੍ਰੇਲੀਆ ਵਿਚ ਜਵਾਨੀ ਵੇਲੇ ਹੀ ਚੱਲੇ ਗਏ ਸਨ, ਦਾ ਜੱਦੀ ਪਿੰਡ ਮੁਠੱਡਾ ਹੀ ਹੈ। ਸਾਡੇ ਇਸ ਪ੍ਰਸਿੱਧ ਕਵੀ ਦੀਆਂ ਪੰਜ ਕਾਵਿ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। 'ਲਹਿਰਾਂ', 'ਪਰਦੇਸਣ', 'ਸਿਹਲੜੇ', ਅਤੇ 'ਸਫਰ' ਤੋਂ ਬਾਅਦ ਹੇ ਵਣਜਾਰੇ ੬ ਅਗਸਤ ਨੂੰ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰੀਲੀਜ਼ ਕੀਤੀ ਗਈ। ਸ. ਦਲਬੀਰ ਸਿੰਘ ਹੋਰਾਂ ਦੀ ਰੀਝ ਸੀ ਕਿ ਕੋਈ ਐਸਾ ਸਮਗਾਮ ਹੋਵੇ ਜਿਸ ਵਿਚ ਨਾਮਧਾਰੀ ਭਾਈਚਾਰੇ ਨਾਲ ਸਬੰਧਤ ਸਜਨ ਅਤੇ ਹੋਰ ਵਿਦਵਾਨ ਭਾਗ ਲੈਣ। ਇਸ ਮੰਤਵ ਲਈ ਉਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਆਗਿਆ ਲੈ ਕੇ ਆਪਣੇ ਹੀ ਪਿੰਡ ਵਿਚ ਆਪਣੇ ਨਵੇਂ ਬਣਾਏ ਸੁੰਦਰ ਘਰ ਦੇ ਨਾਲ ਹੀ ਇਹ ਸਮਾਗਮ ਵਿਓਂਤਿਆ। ਸੰਤ ਹਰਜੀਤ ਸਿੰਘ ਮੁਠਡਿਆਂ ਵਾਲੇ, ਸੂਬਾ ਸੁਰਜੀਤ ਸਿੰਘ, ਸੂਬਾ ਜਸਵੀਰ ਸਿੰਘ ਅਤੇ ਹੋਰ ਸਹਿਯੋਗੀਆਂ ਦੇ ਸਰਗਰਮ ਸਹਿਯੋਗ ਨਾਲ ਇਹ ਸਮਾਗਮ ਹੋਇਆ ਵੀ ਪੂਰੀ ਕਾਮਯਾਬੀ ਨਾਲ। ਬਹੁਤ ਸ਼ਾਨਦਾਰ ਸਜੇ ਹੋਏ ਪੰਡਾਲ ਵਿਚ ਤਿੰਨ ਕੁ ਸੌ ਸਰੋਤਿਆਂ ਦੇ ਸਾਹਮਣੇ ਉੱਘੇ ਲੇਖਕ ਪੱਤਰਕਾਰ ਉਪਸਥਿਤ ਸਨ। ਜਿਹੜੀਆਂ ਪ੍ਰਸਿੱਧ ਹਸਤੀਆਂ ਹਾਜ਼ਰ ਸਨ ਉਨ੍ਹਾਂ ਵਿਚ ਪ੍ਰਸਿੱਧ ਸਾਹਿਤਕਾਰ ਪ੍ਰੋ. ਕਿਰਪਾਲ ਸਿੰਘ ਕਸੇਲ, ਪ੍ਰੋ. ਪਿਆਰਾ ਸਿੰਘ ਭੋਗਲ, ਡਾ. ਜੁਗਿੰਦਰ ਸਿੰਘ ਮੁਖੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪ੍ਰੋ. ਤਾਰਾ ਸਿੰਘ ਅਨਜਾਣ ਸੰਪਾਦਕ ਸਤਿਜੁਗ, ਮਾਸਟਰ ਅਮਰੀਕ ਸਿੰਘ, ਪ੍ਰਧਾਨਗੀ ਮੰਡਲ ਵਿਚ ਬੈਠੇ ਅਤੇ ਮੰਚ ਸੰਚਾਲਨ ਦਾਸ ਜਗਦੀਸ਼ ਸਿੰਘ ਵਰਿਆਮ ਦੇ ਜ਼ਿੰਮੇ ਸੀ। ਪ੍ਰਧਾਨਗੀ ਮੰਡਲ ਤੋਂ ਇਲਾਵਾ ਜਿਹੜੇ ਸੱਜਨ ਆਏ ਸਨ ਉਨ੍ਹਾਂ ਵਿਚ ਇਲਾਕੇ ਦੇ ਐਮ. ਐਲ. ਏ. ਅਤੇ ਸਾਬਕਾ ਮੰਤਰੀ ਚੌਧਰੀ ਸੰਤੋਖ ਸਿੰਘ, ਕਾਮਰੇਡ ਸੁਵਰਨ ਸਿੰਘ ਵਿਰਕ, ਸਵਰਨ ਸਿੰਘ ਸਨੇਹੀ, ਗੁਰਬਚਨ ਸਿੰਘ ਨਾਮਧਾਰੀ ਚੰਡੀਗੜ੍ਹ, ਡਾ. ਸਤਿੰਦਰ ਸਿੰਘ ਨੰਦਾ ਪਟਿਆਲਾ, ਪ੍ਰਿੰ ਕਰਤਾਰ ਸਿੰਘ ਕਾਲੜਾ, ਸ਼੍ਰੋਮਣੀ ਪੱਤਰਕਾਰ ਅਤੇ ਪੰਜਾਬੀ ਟ੍ਰਿਬਿਊਨ ਦੇ ਡਿਪਟੀ ਐਡੀਟਰ ਦਲਬੀਰ ਸਿੰਘ, ਪ੍ਰਸਿੱਧ ਪੱਤਰਕਾਰ ਸ੍ਰੀ ਗੋਬਿੰਦ ਠੁਕਰਾਲ, ਡਾ. ਨਵਜੀਤ ਜੌਹਲ, ਸਾਧੂ ਸਿੰਘ ਕਿਸਾਨ, ਜੁਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਢਿੱਲੋਂ ਪ੍ਰੀਤ, ਸਵਰਨ ਸਿੰਘ ਚੀਮਾ, ਪੂਰਨ ਸਿੰਘ ਨਿਰਾਲਾ, ਬਲਬੀਰ ਸਿੰਘ ਢਿੱਲੋਂ, ਮਹਿੰਦਰ ਸਿੰਘ ਕੂਕਾ, ਅਜੀਤ ਸਿੰਘ ਲਾਇਲ, ਸੂਬਾ ਸੁਰਿੰਦਰ ਕੌਰ ਖਰਲ, ਭਗਵੰਤਸਿੰਘ, ਬੀਬੀ ਸੁਖਜੀਤ ਕੌਰ ਪ੍ਰਧਾਨ ਅਤੇ ਬੀਬੀ ਅਮਰਜੀਤ ਕੌਰ ਖਜ਼ਾਨਚੀ ਵਿਸ਼ਵ ਇਸਤਰੀ ਨਾਮਧਾਰੀ ਇਦਿਅਕ ਜਥਾ, ਸੰਤ ਨਵਜੋਤ ਸਿੰਘ ਸਕੱਤਰ ਵਿਦਿਅਕ ਜਥਾ, ਸ. ਗੁਰਦੀਪ ਸਿੰਘ ਕਾਨੂੰਗੋ, ਮਾਸਟਰ ਅਜੀਤ ਸਿੰਘ ਸਨਖਤਰਾ, ਮਾਸਟਰ ਸੁਖਵੰਤ ਸਿੰਘ ਕੰਗ ਦੇ ਨਾਲ ਨਾਲ ਪਿੰਡ ਦੇ ਮੋਹਤਬਰ ਵਿਅਕਤੀ ਅਤੇ ਹੋਰ ਸੰਤ ਮਹਿੰਦਰ ਸਿੰਘ ਸਿੰਘ ਉੱਘੇ ਖਿਡਾਰੀ ਅਤੇ ਹੋਰ ਮਾਈ ਭਾਈ ਸ਼ਾਮਿਲ ਸਨ।

ਸਭ ਤੋਂ ਪਹਿਲਾਂ ਸੰਤ ਦਲਬੀਰ ਸਿੰਘ ਤਰਸ ਨੇ ਪ੍ਰਧਾਨਗੀ ਮੰਡਲ ਵਿਚ ਬੈਠੀਆਂ ਹਸਤੀਆਂ ਦਾ ਗਲਾਂ ਵਿਚ ਹਾਰ ਪਾ ਕੇ ਸਵਾਗਤ ਕੀਤਾ। ਫਿਰ ਵਿਧੀਵਤ ਤੌਰ 'ਤੇ ਗ੍ਰਹਿ ਸੁਆਮਣ ਬੀਬੀ ਜਸਬੀਰ ਕੌਰ ਪੂਨੀ ਨੇ ਸਵਾਗਤੀ ਪੱਤਰ ਪੜ੍ਹਿਆ।

ਉਪਰੰਤ ਸ. ਦਲਬੀਰ ਸਿੰਘ ਤਰਸ ਹੋਰਾਂ ਨੇ ਮੁਠੱਡਾ ਪਿੰਡ ਦੇ ਇਤਿਹਾਸ ਪਿਛੋਕੜ ਅਤੇ ਮਹੱਤਤਾ ਬਾਰੇ ਪਰਚਾ ਪੜ੍ਹਿਆ। ਸਤਿਗੁਰੂ ਰਾਮ ਸਿੰਘ ਜੀ ਦੀ ਇਸ ਪਿੰਡ 'ਤੇ ਵਿਸ਼ੇਸ਼ ਕਿਰਪਾ ਰਹੀ ਹੈ ਅਤੇ ਇਸ ਪਿੰਡ ਨਾਲ ਬਹੁਤ ਇਤਿਹਾਸ ਜੁੜਿਆ ਹੋਇਆ ਹੈ। ਇਸ ਪਿੰਡ ਨੂੰ ਕੂਕਿਆਂ ਦੇ ਮੁਠੱਡੇ ਕਰ ਕੇ ਵੀ ਜਾਣਿਆ ਜਾਂਦਾ ਹੈ। ਭਾਵੇਂ ਇਹ ਪਰਚਾ ਵਰਿਆਮ ਵਿਚ ਛਪ ਚੁੱਕਾ ਹੈ ਅਤੇ ਤਰਸ ਜੀ ਨੇ ਹੋਰ ਵੀ ਵਿਸਥਾਰ ਸੁਣਾਇਆ ਪਰ ਮਹਿਸੂਸ ਹੋ ਰਿਹਾ ਸੀ ਕਿ ਏਡੀ ਵੱਡੀ ਜਾਣਕਾਰੀ ਵਾਸਤੇ ਸਮਾਂ ਥੋੜ੍ਹਾ ਸੀ ਅਤੇ ਇਹ ਪੂਰੀ ਪੁਸਤਕ ਦਾ ਵਿਸ਼ਾ ਹੈ। ਇਹ ਪਰਚਾ ਵੱਖਰਾ ਵੀ ਵੰਡਿਆ ਗਿਆ ਅਤੇ ਪਿੰਡ ਵਾਸੀਆਂ ਦੀ ਏਨੀ ਦਿਲਚਸਪੀ ਸੀ ਕਿ ਸਮਾਗਮ ਤੋਂ ਬਾਅਦ ਵੀ ਇਸ ਦੀਆਂ ਕਾਪੀਆਂ ਦੀ ਮੰਗ ਰਹੀ ਹੈ।

ਤਰਸ ਜੀ ਦੇ ਪਰਚੇ ਬਾਅਦ ਦੂਸਰਾ ਪਰਚਾ ਸੀ ਸੁਵਰਨ ਸਿੰਘ ਵਿਰਕ ਹੋਰਾਂ ਦਾ ਜਿਸਦਾ ਵਿਸ਼ਾ ਸੀ 'ਦਲਬੀਰ ਸਿੰਘ ਤਰਸ ਦਾ ਰਚਨਾ ਸੰਸਾਰ। ਇਹ ਪਰਚਾ ਵੀ ਵਰਿਆਮ ਵਿਚ ਛਪ ਚੁੱਕਾ ਹੈ ਅਤੇ ਤਰਸ ਹੋਰਾਂ ਦੇ ਮੁਠਡਿਆਂ ਬਾਰੇ ਪਰਚੇ ਦੇ ਨਾਲ ਹੀ ਇਕ ਫਾਈਲ ਵਿਚ ਰੱਖ ਕੇ ਵੰਡਿਆ ਗਿਆ। ਵਕਤ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਵਿਰਕ ਜੀ ਨੇ ਆਪਣੇ ਪਰਚੇ ਦੇ ਨੁਕਤੇ ਸੰਖੇਪ ਰੂਪ ਵਿਚ ਜ਼ਬਾਨੀ ਹੀ ਰੱਖੇ।

ਵਿਰਕ ਦੀਆਂ ਗੱਲਾਂ ਵਿਚ ਇਤਿਹਾਸ ਅਤੇ ਸਾਹਿਤ ਦੇ ਸਬੰਧ ਦੀ ਝਲਕ ਪੈਂਦੀ ਸੀ। ਉਨ੍ਹਾਂ ਕਿਹਾ ਤਰਸ ਨੂੰ ਨਵ ਅਧਿਆਤਮਵਾਦੀ, ਨਵ ਰਹਿਸਵਾਦੀ ਅਤੇ ਮਾਨਵਵਾਦੀ ਵੀ ਕਿਹਾ ਅਤੇ ਨਾਲ ਹੀ ਸਪੱਸ਼ਟ ਕੀਤਾ ਕਿ ਰਹੱਸਵਾਦੀ ਭਾਂਜਵਾਦੀ ਨਹੀਂ। ਉਨ੍ਹਾਂ ਮੁਠੱਡਾ ਪਿੰਡ ਦੇ ਹੀ ਪ੍ਰਸਿੱਧ ਵਿਅਕਤੀ ਕਾਮਰੇਡ ਲੱਖਾ ਸਿੰਘ ਜੌਹਰ ਦੇ ਹਵਾਲੇ ਨਾਲ ਕਿਹਾ ਕਿ ਇਕ ਲਹਿਰ ਦੂਸਰੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਰਹੀ ਹੈ। ਉਨ੍ਹਾਂ ਕਿਹਾ ਇਸ ਕਵਿਤਾ ਵਿਚ ਵਸਤੂ ਹੈ ਮੁੱਲ ਹੈ ਇਹ ਵਿਰਸੇ ਦਾ ਅਹਿਸਾਸ ਕਰਾਉਂਦੀ ਹੈ। ਉਨ੍ਹਾਂ ਸੋਹਲੜੇ ਪੁਸਤਕ ਵਿਚੋਂ ਗੁਰੂ ਹਰੀ ਸਿੰਘ ਦੇ ਰੇਖਾ ਚਿੱਤਰ ਨੂੰ ਉਲੀਕਦੀ ਕਵਿਤਾ ਦਾ ਉਲੇਖ ਕੀਤਾ।

"ਲੈ ਗਈ ਰੱਡ ਜੂਹਾਂ ਤੋਂ ਬਾਹਰ
ਸਿੱਖ ਸਭਿਅਤਾ ਦਾ ਇਹ ਚਾਨਣ
ਹਿੰਦ ਦੀ ਗੋਦ ਦਾ ਫਖਰ ਹੈ ਇਹ
ਮਟਕ ਰਹੀ ਸਰਕਾਰ
ਗੁਰੂ ਰਾਮ ਸਿੰਘ ਦੇ ਹੁਣ ਪਿੱਛੋਂ
ਕੌਣ ਸਹੇਗਾ ਸਾਡੀ ਮਾਰ..."

ਸ. ਸਵਰਨ ਸਿੰਘ ਸਨੇਹੀ ਜਾਣੇ-ਪਛਾਣੇ ਖੋਜੀ ਸਾਹਿਤਕਾਰ ਹਨ। ਮੁਠੱਡਿਆਂ ਸਬੰਧੀ ਉਨ੍ਹਾਂ ਦੀ ਲਿਖੀ ਜਾਣਕਾਰੀ ਇੰਟਰਨੈਟ ਤੇ ਵੀ ਹੈ। ਤਰਸ ਜੀ ਨੇ ਆਪਣੇ ਪਰਚੇ ਵਿਚ ਵੀ ਜ਼ਿਕਰ ਕੀਤਾ ਕਿ ਉਹ ਵਿਸਥਾਰ ਨਾਲ ਕੁਝ ਪਹਿਲੂਆਂ ਤੇ ਜਾਣਕਾਰੀ ਪਾਉਣਗੇ। ਹੁਣ ਉਨ੍ਹਾਂ (ਸਨੇਹੀ ਜੀ) ਦੀ ਵਾਰੀ ਸੀ। ਉਨ੍ਹਾਂ ਆਪਣੀ ਖੋਜ ਦੇ ਆਧਾਰ ਤੇ ਇਹ ਦੱਸਿਆ ਕਿ ਅੰਗਰੇਜ਼ਾਂ ਦੇ ਦਸਤਾਵੇਜ਼ਾਂ ਵਿਚ ਮੁਠੱਡਿਆਂ 'ਚ ਤਿੰਨ ਸੂਬੇ ਹੋਏ ਹਨ। ਇਸ ਦੇ ਨਾਲ ਹੀ ਉਨ੍ਹਾਂ ਨਿੱਜੀ ਜਾਣਕਾਰੀ ਦੇ ਆਧਾਰ 'ਤੇ ਵੀ ਸਮਕਾਲੀ ਇਤਿਹਾਸ 'ਤੇ ਚਾਨਣਾ ਪਾਇਆ। ਪਿੰਡ ਮੁਠੱਡਿਆਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਹੋਈ ਸ਼ਹੀਦੀ ਕਾਨਫਰੰਸ ਦਾ ਪਹਿਲਾ ਦੱਸਿਆ ਸਾਲ ਸੰਨ ੧੯੨੭ ਦੀ ਥਾਂ ਉਨ੍ਹਾਂ ਸੋਧੀ ਹੋਈ ਤਾਰੀਖ ਦਾ ਸਾਲ ੧੯੨੦ ਦੱਸਿਆ ਅਤੇ ਇਸ ਮੰਤਵ ਲਈ ਉਨ੍ਹਾਂ ਇਕ ਬਿਆਨ ਵੀ ਵਰਿਆਮ ਵਿਚ ਛਾਪਣ ਲਈ ਦਿੱਤਾ। ਆਪਣੇ ਬਿਆਨ ਵਿਚ ਉਨ੍ਹਾਂ ਕੁਝ ਟਿੱਪਣੀਆਂ ਤਰਸ ਜੀ ਦੀ ਕਾਵਿ ਕਲਾ ਅਤੇ ਪੁਸਤਕ ਉੱਪਰ ਕੀਤੀਆਂ। ਇਨ੍ਹਾਂ ਟਿੱਪਣੀਆਂ ਦੇ ਉੱਤਰ ਵਿਚ ਤਰਸ ਜੀ ਨੇ ਵੀ ਇਕ ਲਿਖਤੀ ਬਿਆਨ ਵਰਿਆਮ ਨੂੰ ਦਿੱਤਾ ਹੈ। (ਅਸੀਂ ਸਨੇਹੀ ਜੀ ਅਤੇ ਤਰਸ ਜੀ ਦੇ ਬਿਆਨ ਜਾਂ ਸਪੱਸ਼ਟੀਕਰਣ ਵੱਖਰੇ ਛਾਪ ਰਹੇ ਹਾਂ।)

ਗੁਰਬਚਨ ਸਿੰਘ ਨਾਮਧਾਰੀ ਦੀ ਲਿਖਤ ਤੋਂ ਵਰਿਆਮ ਦੇ ਪਾਠਕ ਭਲੀ ਪ੍ਰਕਾਰ ਜਾਣੂ ਹਨ। ਸੰਸਕ੍ਰਿਤ, ਹਿੰਦੀ ਪੰਜਾਬੀ ਦੇ ਲਿਖਣ ਅਤੇ ਬੋਲਣ ਦੇ ਮਾਹਰ ਦਾਰਸ਼ਨਕ ਪੱਧਰ ਤੇ ਗੱਲ ਸਮਝਣ ਅਤੇ ਕਰਨ ਵਿਚ ਮੁਹਾਰਤ ਰੱਖਦੇ ਹਨ। ਆਪ ਚੰਡੀਗੜ੍ਹ, ਤੋਂ ਵਿਸ਼ੇਸ਼ ਤੌਰ 'ਤੇ ਆਏ ਸਨ। ਉਨ੍ਹਾਂ ਸ਼ੁਰੂ ਵਿਚ ਤਰਸ ਜੀ ਦੀ ਪੁਸਤਕ ਪਰਦੇਸਣ ਵਿਚੋਂ ਇਕ ਰਚਨਾ ਗਾ ਕੇ ਆਪਣਾ ਪ੍ਰਵਚਨ ਆਰੰਭ ਕੀਤਾ। ਕਾਵਿ ਰਚਨਾ ਇਹ ਸੀ।

ਪਰਦੇਸਣ ਮੇਰੀ ਜਿੰਦੜੀਏ।
ਜਾਗ ਉਠਿਆ ਅੰਮ੍ਰਿਤ ਵੇਲਾ।
ਦੂਰ ਬਣਾਂ ਵਿਚ ਰੰਗੀਂ ਰੱਤਾ ਪੰਛੀ ਗਾਏ ਇਕੇਲਾ।
ਧੁਰ ਅਕਾਸ਼ੋਂ ਗੰਗਾ ਨ੍ਹਾਕੇ ਆਵੇ ਉਸ ਦੀ ਬਾਣੀ
ਸਮੇਂ ਦੇ ਚੱਲਦੇ ਕਦਮ ਖਲੋ ਗਏ
ਜਾਂ ਉਸ ਧੁੰਨ ਪਛਾਣੀ
ਐਂਜ ਨੀਂ ਜਾਪੇ ਹੋਣ ਜਾਂ ਲੱਗਾ
ਧਰਤ ਅੰਬਰ ਦਾ ਮੇਲਾ!

ਗੁਰਬਚਨ ਸਿੰਘ ਨੇ ਕਿਹਾ ਕਿ ਕਵੀ ਤਰਸ, ਗੁਰੂਆਂ ਸੰਤਾਂ ਦੀ ਭਾਰਤ ਭੂਮੀ ਤੋਂ ਹਜ਼ਾਰਾਂ ਮੀਲ ਦੂਰ ਆਸਟ੍ਰੇਲੀਆ ਵਿਚ ਆਪਣੀ ਮਿੱਟੀ ਦੀ ਮਹਿਕ ਨੂੰ ਯਾਦ ਰੱਖਦਿਆਂ, ਭੋਰ ਦੇ ਝੁਟ ਪੁਟੇ ਵਿਚ ਗੂੰਜ ਰਹੇ ਮੌਣ ਦੇ ਅਨਹਦ ਨਾਦ ਨੂੰ ਸੁਣਦਾ ਰਿਹਾ। ਆਪਣੀ ਕਲਪਨਾ ਵਿਚ ਕਦੀ ਦੇਸ਼ ਨੂੰ ਯਾਦ ਕਰਦਾ, ਕਦੀ ਗੁਰੂ ਰਾਮ ਸਿੰਘ ਨੂੰ ਵਾਜਾਂ ਮਾਰਦਾ ਕਦੀ ਭੈਣੀ ਦੇ ਬਰੋਟਿਆਂ ਨੂੰ ਸ਼ਿੰਗਾਰਦਾ ਬਲਬੀਰ ਸਿੰਘ ਤਰਸ ਜ਼ਮਾਨੇ ਤੋਂ ਨਵੇਕਲਾ ਜਿਹਾ ਸੰਵੇਦਨਸ਼ੀਲ ਕਵੀ ਹੋ ਗਿਆ ਹੈ।

ਸਤਿਜੁਗ ਦੇ ਸੰਪਾਦਕ ਅਤੇ ਅਨੇਕ ਪੁਸਤਕਾਂ ਦੇ ਲੇਖਕ ਪ੍ਰੋ. ਤਾਰਾ ਸਿੰਘ ਅਨਜਾਣ ਹੋਰਾਂ ਨੇ ਸੰਖੇਪ ਭਾਸ਼ਨ ਵਿਚ ਸ. ਦਲਬੀਰ ਸਿੰਘ ਤਰਸ ਦੀ ਕਵਿਤਾ ਬਾਰੇ ਜੋ ਸ਼ਬਦ ਕਹੇ ਉਹ ਤਰਸ ਦੇ ਆਪਣੇ ਸ਼ਬਦਾਂ ਵਿਚ "ਮੇਰੀ ਸਾਰੀ ਕਵਿਤਾ ਨੂੰ ਸਮਝ ਵਿਚਾਰ ਕੇ ਨਚੋੜਣ ਦੀ ਪੂਰੀ ਕੋਸ਼ਿਸ਼ ਕੀਤੀ" ਹੀ ਸੀ। ਅਨਜਾਣ ਜੀ ਅਨੁਸਾਰ, ਦਲਬੀਰ ਸਿੰਘ ਤਰਸ ਇਕੀਵੀ ਸਦੀ ਦੀ ਰਹੱਸਵਾਦੀ ਕਵਿਤਾ ਦਾ ਸ਼ਾਹ ਸਵਾਰ ਹੈ। ....ਅਧਿਆਤਮਿਕ ਸਾਧਨਾ ਦੇ ਮੁੱਖ ਅਨੰਦ ਵਿਚੋਂ ਨਿਕਲੀ ਉਸਦੀ ਕਿਰਤ ਵਿਸ਼ੇਸ਼ ਮਹੱਤਵ ਰੱਖਦੀ ਹੈ...। ਸਮਾਂ ਥੋੜ੍ਹਾ ਹੋਣ ਕਰਕੇ(ਇੰਨੇ ਵਿਦਵਾਨਾਂ ਵਿਚ ਸਮਾਂ ਤਾਂ ਥੁੜਣਾ ਹੀ ਹੋਇਆ) ਪੁਣਛਾਣ ਕਰ ਕੇ ਗੱਲ ਦੀ ਗਿਰੀ ਪੇਸ਼ ਕਰਨਾ ਹੀ ਵਿਦਵਤਾ ਦੀ ਪਛਾਣ ਹੁੰਦੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ 'ਨਾਮਧਾਰੀ ਗੁਰੂ ਰਾਮ ਸਿੰਘ ਚੇਅਰ' ਦੇ ਹੈੱਡ, ਡਾ. ਜੁਗਿੰਦਰ ਸਿੰਘ, ਚੇਅਰ ਦੇ ਕੁਝ ਵਿਦਿਆਰਥੀ ਸਕਾਲਰਾਂ ਨਾਲ ਇਸ ਸਮਾਗਮ ਤੇ ਪਧਾਰੇ ਸਨ। ਉਨ੍ਹਾਂ ਦਾ ਭਾਸ਼ਨ ਮੁਲਵਾਨ ਇਤਿਹਾਸਕ ਤੱਥਾਂ ਨਾਲ ਭਰਿਆ ਹੋਇਆ ਦਿਲਚਸਪੀ ਨਾਲ ਸੁਣਿਆ ਗਿਆ। ਉਨ੍ਹਾਂ ਕਿਹਾ ਕਿ ਕੂਕਾ ਮੂਵਮੈਂਟ ਬਾਅਦ ਕੋਈ ਹੋਰ ਮਾਸ ਮੂਵਮੈਂਟ mass movement (ਲੋਕ ਲਹਿਰ) ਨਜ਼ਰ ਨਹੀਂ ਆਉਂਦੀ ਪਰ ਇਤਿਹਾਸ ਵਿਚ ਇਸ ਨੂੰ ਪੂਰੀ ਥਾਂ, ਪੂਰੀ ਪ੍ਰਸੰਸਾ ਨਹੀਂ ਮਿਲੀ। ਸਾਡੀ ਚੇਅਰ ਵੱਲੋਂ ਕੁਝ ਪਿੰਡਾਂ ਦਾ ਸਰਵੇਖਣ ਕੀਤਾ ਗਿਆ ਹੈ ਉਸ ਨੇ ਕੁਝ ਸਿੱਟੇ ਕੱਢੇ ਹਨ। ਸਮਝਿਆ ਇਹ ਜਾਂਦਾ ਸੀ ਕਿ ਨਾਮਧਾਰੀ ਕੂਕਾ ਸਮਾਜ ਵਿਚ ਇਕ ਜ਼ਾਤ (ਰਾਮਗੜ੍ਹੀਆ-ਸੰਪਾਦਕ) ਦੀ ਗਿਣਤੀ ਜ਼ਿਆਦਾ ਹੈ। ਕੁਝ ਪਿੰਡਾਂ ਦੇ ਸਰਵੇਖਣ ਤੋਂ ਪਤਾ ਲੱਗ ਗਿਆ ਕਿ ਇਹ ਇਕ ਜ਼ਾਤ ਕੋਮ ਤਕ ਸੀਮਤ ਨਹੀਂ। ਸਾਡੇ ਸਰਵੇਖਣ ਤੋਂ ਪਤਾ ਲੱਗਾ ਕਿ ੬੦ ਫੀਸਦੀ ਲੋਕ ਕਿਰਸਾਨੀ ਨਾਲ ਸਬੰਧਿਤ ਹਨ। ਨਾਮਧਾਰੀਆਂ ਵਿਚ ਸਾਖਰਤਾ (ਅੱਖਰ ਗਿਆਨ) ਸਭ ਤੋਂ ਜ਼ਿਆਦਾ ਹੈ ਪਰ ਇਹ ਉਚੇਰੀ ਵਿੱਦਿਆ ਵਿਚ ਬਹੁਤ ਪਿੱਛੇ ਹਨ। ਲਿੰਗ ਅਨੁਪਾਤ ਅਨੁਸਾਰ ਲੜਕੀਆਂ ਦੀ ਔਸਤ ਨਾਮਧਾਰੀ ਪਰਿਵਾਰਾਂ ਵਿਚ ਬਹੁਤ ਤਸੱਲੀ ਬਖਸ਼ ਹੈ। ਇਕ ਹਜ਼ਾਰ ਮੁੰਡਿਆਂ ਪਿੱਛੇ ੯੯੦ ਲੜਕੀਆਂ ਹਨ। ਨਾਮਧਾਰੀ ਪੰਥ ਨੇ ਇਸ ਅਨੁਪਾਤ ਦੇ ਸੰਤੁਲਨ ਨੂੰ ਕਾਇਮ ਰੱਖਿਆ ਹੈ ਪਰ ਇਹ ਕਪੂਰਥਲਾ ਜ਼ਿਲ੍ਹਾ ਵਿਚ ਘੱਟ ਹੈ ਕਿਓਂ। ਚੇਅਰ ਵੱਲੋਂ ਇਕ ਪੁਸਤਕ A short History of Namdhari Sikhs (ਨਾਮਧਾਰੀ ਸਿੱਖਾਂ ਦਾ ਸੰਖੇਪ ਇਤਿਹਾਸ) ਛਾਪ ਰਹੇ ਹਾਂ। ਤਿੰਨ ਵਿਦਿਆਰਥੀਆਂ ਨੂੰ ਐਮ. ਫਿਲ ਦੀ ਡਿਗਰੀ ਦੇ ਚੁੱਕੇ ਹਾਂ ਅਤੇ ਪੀ. ਐਚ. ਡੀ. ਦੀ ਡਿਗਰੀ ਵਾਸਤੇ ਕੁਝ ਵਿਦਿਆਰਥੀ ਕੰਮ ਕਰ ਰਹੇ ਹਨ। ਇਤਿਹਾਸ ਵਿਚ ਬਹੁਤ ਸਾਰੇ ਖੱਪੇ ਹਨ। ਪਿੰਡ ਮੁਠੱਡਾ ਦਾ ਇਤਿਹਾਸ ਲਿਖਣਾ ਬਣਦਾ ਹੈ। ਜਦ ਤੱਕ ਰੈਵੀਨਿਊ ਰਿਕਾਰਡ (ਮਾਲੀਏ ਦੇ ਰਿਕਾਰਡ) ਨਹੀਂ ਮਿਲਦੇ ਪਿੰਡਾਂ ਦਾ ਇਤਿਹਾਸ ਲਿਖਣਾ ਮੁਸ਼ਕਲ ਹੋ ਜਾਂਦਾ ਹੈ।

ਪ੍ਰੋ. ਪਿਆਰਾ ਸਿੰਘ ਭੋਗਲ ਹੋਰਾਂ ਨੂੰ ਡਾ. ਜੁਗਿੰਦਰ ਸਿੰਘ ਨੇ ਆਪਣਾ ਉਸਤਾਦ ਕਿਹਾ। ਪ੍ਰੋ. ਭੋਗਲ ਸਾਹਿਤਕਾਰੀ ਪੱਤਰਕਾਰੀ ਅਤੇ ਅਧਿਆਪਨ ਦੇ ਖੇਤਰ ਦਾ ਬਹੁਤ ਉੱਚਾ ਨਾਮ ਹੈ। ਪੂਰਾਂ ਦੇ ਪੂਰ ਵਿਦਿਆਰਥੀ ਉਨ੍ਹਾਂ ਕੋਲੋਂ ਪੜ੍ਹ ਕੇ ਜਾਂ ਉਨ੍ਹਾਂ ਦੀਆਂ ਪੁਸਤਕਾਂ ਪੜ੍ਹ ਕੇ ਗਿਆਨੀ, ਐਮ. ਏ. ਪੀ. ਐਚ. ਡੀਆਂ ਕਰ ਚੁੱਕੇ ਹਨ। ਇਸ ਦੇ ਨਾਲ ਨਾਲ ਉਹ ਬਹੁਤ ਸਮਰਥ ਬੁਲਾਰੇ ਹਨ। ਪ੍ਰੋ. ਭੋਗਲ ਇਸ ਸਮਾਗਮ ਵਿਚ ਉਚੇਚੇ ਪੁੱਜੇ ਸਨ। ਉਨ੍ਹਾਂ ਡਾ. ਜੁਗਿੰਦਰ ਸਿੰਘ ਦੁਆਰਾ ਦਰਸਾਏ ਤੱਥਾਂ ਤੇ ਤਸੱਲੀ ਪ੍ਰਟ ਕੀਤੀ ਅਤੇ ਇਸ ਗੱਲ ਵਲ ਧਿਆਨ ਦੁਆਇਆ ਕਿ ਨਾਮਧਾਰੀ ਸਮਾਜ ਦਾ ਇਤਿਹਾਸ ਤਾਂ ਬਹੁਤ ਮਹਾਨ ਹੈ ਪਰ ਇਸ ਬਾਰੇ ਸਾਹਿਤ ਦੀ ਘਾਟ ਹੈ। ਇਹ ਘਾਟ ਪੂਰੀ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਨਾਮਧਾਰੀ ਭਾਈਚਾਰੇ ਵਿੱਚ ਸੰਤ ਚਕਵਰਤੀ ਉਘੇ ਸਾਹਿਤਕਾਰ ਹੋਏ ਹਨ। ਹੋਰ ਵੀ ਸਾਹਿਤਕਾਰ ਹੋਣੇ ਚਾਹੀਦੇ ਹਨ। ਅਤੇ ਅੱਜ ਵਰਗੇ ਆਯੋਜਨ ਇਸ ਮੰਤਵ ਵਿਚ ਸਹਾਈ ਹੋ ਸਕਦੇ ਹਨ।

......

ਸਿਖਰ ਵਲ ਵਧਦੇ ਸਮਾਗਮ ਵਿਚ ਹੀ ਚੰਡੀਗੜ੍ਹ, ਤੋਂ ਤਿੰਨ ਪ੍ਰਸਿੱਧ ਪੱਤਰਕਾਰ ਹਸਤੀਆਂ ਆਈਆਂ- ਇਕ ਤਾਂ ਸਨ ਪੰਜਾਬੀ ਟ੍ਰਿਬਿਊਨ ਦੇ ਡਿਪਟੀ ਐਡੀਟਰ ਸ਼੍ਰੋਮਣੀ ਪੱਤਰਕਾਰ ਸ. ਦਲਬੀਰ ਸਿੰਘ, ਦੂਸਰੇ ਸਨ ਕਈ ਅੰਗ੍ਰੇਜ਼ੀ ਅਖਬਾਰਾਂ ਨਾਲ ਸਬੰਧਿਤ ਰਹੇ ਨਾਮਵਰ ਪੱਤਰਕਾਰ ਸ੍ਰੀ ਗੋਬਿੰਦ ਠੁਕਰਾਲ ਅਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਵਿੱਚ ਪਤੱਰਕਾਰੀ ਵਿਭਾਗ ਦੇ ਮੁਖੀ ਅਤੇ ਰੀਡਰ ਡਾਂ. ਨਵਜੀਤ ਜੌਹਲ। ਸਮੇਂ ਦੀ ਯੋਗ ਵਰਤੋਂ ਕਰਦਿਆਂ ਕੇਵਲ ਦਲਬੀਰ ਸਿੰਘ ਹੀ ਬੋਲੇ। ਉਨ੍ਹਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਨਾਮਧਾਰੀ ਸਮਾਜ ਦੱਬੇ ਕੁਚਲੇ ਲੋਕਾਂ ਦੇ ਹੱਕ ਵਿਚ ਖੜਾ ਰਿਹਾ ਹੈ। ਬਹੁ ਕੌਮੀ ਕੰਪਨੀਆਂ ਦੀ ਸੰਸਾਰ ਵਿਚ ਯਲਗਾਰ ਸਮੇਂ ਨਾਮਧਾਰੀ ਸਮਾਜ ਦੀ ਇਸ ਗੱਲ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਇਥੇ ਬਹੁਤ ਸਾਰੇ ਲਿਖਾਰੀ ਕਵੀ ਸੱਜਣ ਇਕੱਠੇ ਹੋਏ ਹਨ ਮੈਨੂੰ ਪਤਾ ਹੈ ਕਿ ਇਹ ਅੰਦੋਲਨ ਅੱਜ ਵੀ ਚੱਲ ਰਿਹਾ ਹੈ ਅਤੇ ਆਪਣੇ ਨਿਸ਼ਾਨੇ ਪੂਰੇ ਕਰਨ ਵਲ ਵੱਧ ਰਿਹਾ ਹੈ।

ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਨੇ ਆਪਣੇ ਸੰਖੇਖ ਭਾਸ਼ਣ ਵਿੱਚ ਕਿਹਾ ਕਿ 'ਤਰਸ' ਨੇ ਬਾਹਰ ਰਹਿੰਦਿਆਂ ਅਪਣੀ ਮਿਟੀ, ਪਿੰਡ ਦਾ ਮੋਹ ਨਹੀਂ, ਛੱਡਿਆ। ਇਕ ਕਾਵਿ ਟੁਕੜਾ ਵੀ ਉਹਨਾਂ ਸੁਣਾਇਆ "ਪਰਦੇਸੀ ਵਸਣ ਵਾਲਿਓ ਇਕ ਗੱਲ ਦਾ ਸਦਾ ਧਿਆਨ ਰੱਖਣਾ। ਇਕ ਮਿੱਟੀ ਅਪਣੀ ਭੁਲਿਓ ਨਾ ਇਕ ਚੇਤੇ ਅਪਣੀ ਮਾਂ ਰੱਖਣਾ।

ਇਲਾਕੇ ਦੇ ਐਮ. ਐਲ. ਅਤੇ ਸਾਬਕਾ ਮੰਤਰੀ ਚੋਧਰੀ ਸੰਤੋਖ ਸਿੰਘ ਵੀ ਸੰਮੇਲਨ ਵਿਚ ਪਧਾਰ ਚੁੱਕੇ ਸਨ ਅਤੇ ਇਸ ਦੀ ਕਾਰਵਾਈ ਨੂੰ ਵੇਖ ਚੁੱਕੇ ਸਨ।

ਚੌਧਰੀ ਸੰਤੋਖ ਸਿੰਘ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਮੈਨੂੰ ਸਾਹਿਤਕਾਰਾਂ ਦੇ ਗਿਆਨ ਵਿਚਾਰ ਸੁਨਣ ਦਾ ਮੌਕਾ ਮਿਲਿਆ ਹੈ। ਅੱਜ ਸਮਾਜ ਵਿਚ ਸਮਾਜਕ ਬੁਰਾਈਆਂ, ਨਸ਼ਿਆਂ ਅਤੇ ਭਰੂਣ ਹੱਤਿਆ ਆਦਿਕ ਵਿਰੁੱਧ ਸਮਾਜਿਕ ਜਾਗ੍ਰਿਤੀ ਦੀ ਲੋੜ ਹੈ ਅਤੇ ਨਾਮਧਾਰੀ ਸਮਾਜ ਇਸ ਵਾਸਤੇ ਜਾਗਰੂਕ ਹੈ। ਉਨ੍ਹਾਂ ਆਪਣੇ ਹਲਕੇ ਵਿਚ ਹੋਣ ਵਾਲੇ ਇਸ ਸਮਾਗਮ ਵਿਚ ਪਿੰਡ ਮੁਠੱਡਿਆਂ ਬਾਰੇ ਅਹਿਮ ਐਲਾਨ ਵੀ ਕੀਤੇ। ਚੌਧਰੀ ਸੰਤੋਖ ਸਿੰਘ ਨੇ ਐਲਾਨ ਕੀਤਾ ਕਿ ਮੁਠੱਡਿਆਂ ਵਿਚ ਉਸਾਰੀ ਅਧੀਨ ਸਤਿਗੁਰੂ ਰਾਮ ਸਿੰਘ ਸਟੇਡੀਅਮ ਛੇਤੀ ਮੁਕੰਮਲ ਕੀਤਾ ਜਾਵੇਗਾ। ਜਲਦੀ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਇਕ ਕਮਿਊਨਿਟੀ ਸੈਂਟਰ ਬਣਾਇਆ ਜਾਵੇਗਾ। ਡਾ. ਜੁਗਿੰਦਰ ਸਿੰਘ ਦੇ ਭਾਸ਼ਨ ਵਿਚ ਮਾਲੀਆ ਰਿਕਾਰਡ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦੱਸੋ ਅਸੀਂ ਕੀ ਮਦਦ ਕਰ ਸਕਦੇ ਹਾਂ। ਅਸੀਂ ਸਦਾ ਸਾਥ ਦਿਆਂਗੇ।

ਅੰਤ ਉਤੇ ਕਵੀ ਦਰਬਾਰ ਤੋਂ ਪਹਿਲਾਂ ਪਹਿਲੇ ਸੈਸ਼ਨ ਦਾ ਅੰਤਿਮ ਭਾਸ਼ਨ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦਾ ਪ੍ਰਧਾਨਗੀ ਭਾਸ਼ਨ ਸੀ। ਗਰਮੀ ਦੇ ਬਾਵਜੂਦ ਲੰਮਾ ਸਮਾਂ ਉਹ ਪ੍ਰਧਾਨਗੀ ਦੀ ਕੁਰਸੀ ਤੇ ਬਿਰਜਮਾਨ ਰਹੇ ਸਨ। ਉਹਨਾਂ ਅਪਣੇ ਭਾਸ਼ਨ ਵਿਚ ਅੱਜ ਦੀ ਕਾਰਵਾਈ ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਸਮਾਜ ਭਲਾਈ ਦੇ ਮਹਾਨ ਕਾਰਜ ਕੀਤੇ ਹਨ। ਸਤਿਗੁਰਾਂ ਦੀ ਵਰੋਸਾਈ ਇਸ ਧਰਤੀ ਮੁਠੱਡਿਆਂ ਦੀ ਧਰਤੀ ਤੇ ਵਿਦਵਾਨ ਇਕੱਤਰ ਹੋਏ ਹਨ। ਸ. ਦਲਬੀਰ ਸਿੰਘ ਤਰਸ ਹੋਰਾਂ ਦੇ ਗ੍ਰਹਿ-ਪਿੰਡ ਵਿਚ ਸਮਾਗਮ ਹੋਇਆ ਹੈ। ਡਾ. ਜੁਗਿੰਦਰ ਸਿੰਘ ਦੇ ਭਾਸ਼ਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਬਚੀਆਂ (ਕੁੜੀਆਂ) ਨੂੰ ਮਾਰਨ ਦੇ ਰਿਵਾਜ ਦੀ ਡੱਟ ਕੇ ਵਿਰੋਧਤਾ ਕੀਤੀ ਸੀ। ਅੱਜ ਕਲ ਭਰੂਣ ਹਤਿਆ ਦਾ ਸਿਲਸਲਾ ਚੱਲ ਪਿਆ ਹੈ। ਅੱਜ ਮਾਤਾ ਭਾਸ਼ਾ ਨੂੰ ਪੂਰੀ ਮਾਨਤਾ ਨਹੀਂ। ਸਾਡੇ ਸਿੱਖਿਆ ਪ੍ਰਬੰਧ ਵਿਚ ਇਹ ਦੋਸ਼ ਹੈ। ਮਾਤ ਭਾਸ਼ਾ ਨੂੰ ਯੋਗ ਅਸਥਾਨ ਮਿਲਣਾ ਚਾਹੀਦਾ ਹੈ ਉਹਨਾਂ ਜ਼ੋਰਦਾਰ ਅਪੀਲ ਕੀਤੀ ਕਿ ਬੱਚਿਆਂ ਨੂੰ ਮਾਤਾ ਭਾਸ਼ਾ ਤੋਂ ਦੂਰ ਰੱਖ ਕੇ ਇਹਨਾਂ ਦਾ ਘਾਤ ਨੂੰ ਨਾ ਕਰੋ। ਉਹਨਾਂ ਕਿਹਾ ਕਿ ਅੱਜ ਵਰਗੇ ਸਮਾਗਮ ਅਤੇ ਸੈਮੀਨਾਰ ਹੋਣ ਚਾਹੀਦੇ ਹਨ। ਸ. ਦਲਬੀਰ ਸਿੰਘ ਤਰਸ ਦੀ ਕਵਿਤਾ ਦੇ ਕਾਵਿ ਗੁਣਾਂ ਤੇ ਵੀ ਉਹਨਾਂ ਭਰਪੂਰ ਚਾਨਣਾ ਪਾਇਆ।

ਸਮਾਗਮ ਦਾ ਦੂਸਰਾ ਭਾਗ ਕਵਿਤਾ ਉਚਾਰਣ ਦਾ ਸੀ। ਹੁਣ ਪ੍ਰਧਾਨਗੀ ਮੰਡਲ ਵਿਚ ਸ. ਸਾਧੂ ਸਿੰਘ ਕਿਸਾਨ, ਸ. ਸੁਵਰਨ ਸਿੰਘ ਵਿਰਕ, ਸੂਬਾ ਬਲਵਿੰਦਰ ਸਿੰਘ ਭੱਲ ਮਾਸਟਰ ਅਮਰੀਕ ਸਿੰਘ ਬੈਠੇ ਸਨ। ਜੁਗਿੰਦਰ ਸਿੰਘ ਮੁਕਤਾ ਦੀ ਤਰੰਨੁਮ ਵਿਚ ਗਾਈ ਕਵਿਤਾ ਨਾਲ ਆਰੰਭ ਹੋਇਆ। ਇਸ ਵਿਚ ਮਾਸਟਰ ਅਮਰੀਕ ਸਿੰਘ, ਸਾਧੂ ਸਿਘ ਕਿਸਾਨ, ਗੁਰਦਿਆਲ ਸਿੰਘ ਢਿਲੋਂ ਪ੍ਰੀਤ, ਪ੍ਰਿੰ ਕਰਤਾਰ ਸਿੰਘ, ਕਾਲੜਾ, ਬਲਬੀਰ ਸਿੰਘ ਢਿਲੋਂ, ਸੂਬਾ ਸੁਰਿੰਦਰ ਕੌਰ ਖਰਲ, ਸੂਬਾ ਬਲਵਿੰਦਰ ਸਿੰਘ ਭੱਲ, ਸੁਵਰਨ ਸਿੰਘ ਚੀਮਾ, ਪੂਰਨ ਸਿੰਘ ਨਿਰਾਲਾ ਮਾਸਟਰ ਸੁਖਦੇਵ ਸਿੰਘ ਕੰਗ ਆਦਿ ਹੀ ਕਵਿਤਾ ਜਾਂ ਵਿਚਾਰਾਂ ਰਾਹੀਂ ਭਾਗ ਲੈ ਸਕੇ। ਕਵੀ ਗੋਸ਼ਟੀ ਨੂੰ ਸੁਵਰਨ ਸਿੰਘ ਵਿਰਕ ਦੇ ਸੁਚੱਜੇ ਸ਼ਬਦਾਂ ਅਤੇ ਸਟੇਜ ਪਰਬੰਧਣ ਨੇ ਹੋਰ ਵੀ ਰੌਚਕ ਬਣਾ ਦਿੱਤਾ। ਅੰਤ ਉਤੇ ਸੰਤ ਦਲਬੀਰ ਸਿੰਘ ਤਰਸ ਨੇ ਤਹਿ ਦਿਲ ਤੋਂ ਸਭ ਦਾ ਧੰਨਵਾਦ ਕੀਤਾ ਸਾਰੇ ਪ੍ਰਾਹੁਣਿਆਂ ਨੂੰ ਤਰਸ ਪਰਿਵਾਰ ਵੱਲੋਂ ਨਿਘੀ ਵਿਦਾਇਗੀ ਦਿੱਤੀ ਗਈ। ਲੰਗਰ ਗੁਰੂ ਕਾ ਖੀਰ ਪੂੜਿਆਂ ਸਹਿਤ ਅਤੇ ਡੰਠੀ ਮਿਠੀ ਸ਼ਿਕਜਵੀ ਨਾਲ ਚਲਦਾ ਰਿਹਾ। ਇਸ ਰਿਪੋਰਟ ਵਿਚ ਕੁਝ ਚਰਚਾ ਹੀ ਹੋ ਸਕੀ ਹੈ। ਬਹੁਤ ਕੁਝ ਰਹਿ ਗਿਆ ਹੈ। ਜੋ ਕੁਦਰਤੀ ਹੈ ਨਿਰਸਦੇਹ ਇਹ ਇਕ ਬਹੁਤ ਸਫਲ ਕਾਰਜ ਸੀ ਜਿਸ ਦੀ ਪਰਸੰਸਾ ਹਰ ਜ਼ੁਬਾਨ ਤੇ ਸੀ ਅਤੇ ਅਜਿਹੇ ਹੋਰ ਸੰਮੇਲਨ ਹੋਣ ਦੀ ਚਾਹ ਸੀ।

ਵਰਿਆਮ ਦੇ ਅਗਸਤ ਅੰਕ ਵਿਚ ਸ੍ਰੀ ਦਲਬੀਰ ਸਿੰਘ ਤਰਸ ਹੋਰਾਂ ਦੇ ਮੁਠੱਡਾਕਲਾਂ ਦੇ ਇਤਿਹਾਸ ਬਾਰੇ ਪ੍ਰਕਾਸ਼ਿਤ ਲੇਖ ਵਿਚ ਮਲੇਰ ਕੋਟਲੇ ਹੋਏ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ, ਮੁਠੱਡਾ ਕਲਾਂ ਵਿਚ ਹੋਈ ਕਾਨਫਰੰਸ ਦੀ ਮਿਤੀ ੧੭-੧੯ ਜਨਵਰੀ ੧੯੨੭ ਮੇਰੇ ਵੱਲੋਂ ਦਿੱਤੀ ਗਈ ਜਾਣਕਾਰੀ 'ਤੇ ਅਧਾਰਿਤ ਸੀ ਜਿਹੜੀ ਮੈਂ ਡਾਕਟਰ ਅਮਰ ਭਾਰਤੀ ਜੀ ਦੀ ਵਿਰੋਧੀਆਂ ਦੇ ਵਿਰੋਧ ਵਿਚ ਲਿਖੀ ਇਕ ਪੁਸਤਕ ਵਿਚੋਂ ਲਈ ਸੀ। ਇਸ ਮਿਤੀ ਦੇ ਸਹੀ ਹੋਣ ਬਾਰੇ ਸ਼ੱਕ ਪੈ ਜਾਣ ਤੇ ਕੀਤੀ ਗਈ ਪੁਣ-ਛਾਣ ਨੇ ਸ਼ੱਕ ਨੂੰ ਸਹੀ ਤੇ ਮਿਤੀ ਨੂੰ ਗਲਤ ਸਾਬਤ ਕਰ ਦਿਤਾ' ਜਿਸ ਦਾ ਮੈਨੂੰ ਅਫਸੋਸ ਹੈ। ਸਹੀ ਮਿਤੀ ਸਾਲ ਬਿਕ੍ਰਮੀ ੧੯੭੭ ਤੇ ਈਸਵੀ ੧੯੨੦ ਦੀਆਂ ਉਹੀ ਤਾਰੀਖਾਂ ਹਨ। ਪਾਠਕ ਵਿਸ਼ੇਸ਼ ਕਰ ਕੇ ਇਤਿਹਾਸਵੇਤਾ ਇਸ ਭੁੱਲ ਦੀ ਸੋਧ ਕਰ ਲੈਣ ਦੀ ਕਿਰਪਾ ਕਰਨ। ਧੰਨਵਾਦੀ।

—ਸਵਰਨ ਸਿੰਘ ਸਨੇਹੀ

ਬਾਹਪੁਰ (ਫਿਲੌਰ)

ਸੰਤ ਨਿਧਾਨ ਸਿੰਘ ਆਲਮ ਨੇ 'ਮਾਲਵੇਂਦਰ' ਦੀ ਭੂਮਿਕਾ ਵਿੱਚ ਇਸ ਸ਼ਹੀਦੀ ਦੀਵਾਨ ਦੀਆਂ ਤਾਰੀਖਾਂ ੫--੬-੭ ਮਾਘ ਸੰਮਤ ੧੯੭੭ (?) ਮੁਤਾਬਕ ੧੭-੧੮-੧੯ ਜਨਵਰੀ ੧੯੨੧ ਈ. ਲਿਖੀਆ ਹਨ — (ਸੰਪਾਦਕ ਵਰਿਆਮ)

ਸ. ਸਰੈਣ ਸਿੰਘ ਜੀ ਨੂੰ ਯਾਦ ਕਰਦਿਆਂ

—ਜਗਦੀਸ਼ ਸਿੰਘ ਵਰਿਆਮ

ਸ. ਸਰੈਣ ਸਿੰਘ ਜੀ ਮੇਰੇ ਵੱਡੇ ਮਾਮਾ ਜੀ ਸਨ। ਉਹ "ਬੈਟਰੀਆਂ ਵਾਲੇ ਸਰੈਣ ਸਿੰਘ" ਵਜੋਂ ਮਸ਼ਹੂਰ ਸਨ। ੨੬ ਜੁਲਾਈ ੨੦੦੬ ਨੂੰ ਲਗਭਗ ਇਕ ਸਦੀ ਦੀ ਉਮਰ ਭੋਗ ਕੇ ਆਪਣੀ ਬਹੁਤ ਸਫਲ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ। ਜਲੰਧਰ ਦੀ ਕਿ ਪਰਮੁਖ ਹਸਤੀ ਵਜੋਂ ਨਾਮਣਾ ਖੱਟਣ ਵਾਲੇ ਸ. ਸਰੈਣ ਸਿੰਘ ਆਪਣੇ ਜੀਵਨ ਵਿਚ ਬਹੁਤ ਸਖ਼ਤ ਮਿਹਨਤ ਕਰ ਕੇ ਅਤੇ ਸੰਜਮੀ ਸਾਦਾ ਜੀਵਨ ਬਤੀਤ ਕਰ ਕੇ ਮੋਟਰ ਬੈਟਰੀਆਂ ਦੀ ਇਕ ਛੋਟੀ ਜਿਹੀ ਦੁਕਾਨ ਤੋਂ ਇਕ ਵੱਡੀ ਵਪਾਰਕ ਸਲਤਨਤ ਕਾਇਮ ਕਰਨ ਵਿਚ ਕਾਮਯਾਬ ਹੋਏ। ਪਿੰਡ ਤਲਵੰਡੀ ਕਾਹਲਵਾਂ ਜ਼ਿਲ੍ਹਾ ਸਿਆਲਕੋਟ ਤਹਿਸੀਲ (ਅੱਜਕੱਲ੍ਹ ਜ਼ਿਲ੍ਹਾ) ਨਾਰੋਵਾਲ (ਅੱਜ ਕੱਲ ਪਾਕਿਸਤਾਨ) ਵਿਚ ਮਿਸਤਰੀ ਮਿਹਰ ਸਿੰਘ ਦੇ ਘਰ ਜਨਮੇ ਸਰਦਾਰ ਜੀ ਨੇ ਨਾਰੋਵਾਲ ਤੋਂ ਹੀ ਮੈਟ੍ਰਿਕ ਪਾਸ ਕੀਤੀ। ਫੇਰ ਰਾਵਲਪਿੰਡੀ ਵਿਚ ਉਨ੍ਹਾਂ ਆਟੋ ਇਲੈਕਟਰੀਸ਼ਨ ਦਾ ਕੰਮ (ਮੋਟਰ ਗੱਡੀਆਂ ਦੀਆਂ ਬੈਟਰੀਆਂ, ਡਾਇਨਮੋ, ਸੈਲਫ ਸਟਾਰਟਰ ਅਤੇ ਵਾਇਰਿੰਗ ਆਦਿਕ ਦਾ ਕੰਮ) ਸਿੱਖਿਆ।

ਉਨ੍ਹਾਂ ਸਮਿਆਂ ਵਿਚ ਸ਼ਾਗਿਰਦ ਆਪਣੇ ਉਸਤਾਦਾਂ ਦੇ ਮੁਕਾਬਲੇ ਵਿਚ ਜਾਂ ਲਾਗੇ ਆਪਣਾ ਕਾਰੋਬਾਰ ਨਹੀਂ ਸਨ ਸ਼ੁਰੂ ਕਰਦੇ। ਇਸ ਵਾਸਤੇ ਉਹ ਸੰਨ ੧੯੩੫ ਵਿਚ ਜਲੰਧਰ ਆ ਗਏ ਅਤੇ ਦੁਕਾਨ ਚਾਲੂ ਕੀਤੀ। ਆਟੋ ਇਲੈਕਟਰੀਸ਼ਨ ਦੀਆਂ ਉਸ ਜ਼ਮਾਨੇ ਵਿਚ ਬਹੁਤ ਘੱਟ ਦੁਕਾਨਾਂ ਹੁੰਦੀਆਂ ਸਨ। ਇਸ ਇਕ ਦੁਕਾਨ ਤੋਂ ਉਹ ਮੋਟਰ ਟਰਾਂਸਪੋਰਟ ਦੀਆਂ ਕੰਪਨੀਆਂ ਵਿਚ ਸ਼ੇਅਰ ਹੋਲਡਰ ਬਣੇ, ਸਤਲੁਜ ਫਾਈਨੈਂਸ ਦੇ ਡਾਇਰੈਕਟਰ ਬਣੇ, ਸਾਹਿਬੇ ਜਾਇਦਾਦ ਬਣੇ, ਬੈਟਰੀਆਂ ਅਤੇ ਬੈਟਰੀ ਪਲੇਟਾਂ ਤਿਆਰ ਕਰਨ ਵਾਲੇ ਕਾਰਖਾਨੇ ਲਾਏ ਅਤੇ ਸੋਲ ਡਿਸਟ੍ਰੀਬਿਊਟਰ ਵੀ ਬਣੇ। ਅੱਜਕੱਲ੍ਹ ਉਨ੍ਹਾਂ ਦਾ ਪਰਿਵਾਰ ਸਟੋਰੇਕਸ ਬੈਟਰੀ ਨਾਮ 'ਤੇ ਬਹੁਤ ਵੱਡੇ ਸਕੇਲ 'ਤੇ ਬੈਟਰੀ ਪਲੇਟਾਂ, ਬੈਟਰੀਆਂ ਅਤੇ ਇਨਵਰਟਰ ਬਣਾ ਰਿਹਾ ਹੈ। ਛੋਟਾ ਲੜਕਾ ਨਿਰਮਲ ਸਿੰਘ ਜਲੰਧਰ ਵਿਚ ਕਾਰੋਬਾਰ ਸੰਭਾਲ ਰਿਹਾ ਹੈ ਅਤੇ ਵੱਡਾ ਸੁਰਜੀਤ ਸਿੰਘ ਨਿਊਯਾਰਕ ਅਮਰੀਕਾ ਵਿਚ ਬੁਹਤ ਅੱਛੀ ਤਰ੍ਹਾਂ ਸਥਾਪਤ ਹੈ। ਮੋਟਰ ਵਰਕਸ਼ਾਪਾਂ, ਘਰ ਕਾਰੋਬਾਰ ਵਧੀਆ ਕਾਇਮ ਹੈ।

ਸ. ਸੁਰੈਣ ਸਿੰਘ ਕਿਉਂਕਿ ਸੰਨ ੧੯੩੫ ਵਿਚ ਜਲੰਧਰ ਆ ਗਏ ਸਨ, ਇਸ ਵਾਸਤੇ ਸੰਨ. ੧੯੪੭ ਵਿਚ ਦੇਸ਼ ਦੇ ਬਟਵਾਰੇ ਸਮੇਂ ਪੱਛਮੀ ਪੰਜਾਬ ਤੋਂ ਉਜੜ ਕੇ ਆਉਣ ਵਾਲੇ ਬਹੁਤ ਸਾਰੇ ਸਾਕ ਸਬੰਧੀ ਅਤੇ ਰਿਸ਼ਤੇਦਾਰਾਂ ਦੀ ਉਹਂ ਅੰਤਰਿਮ ਠਾਹਰ ਬਣੇ।

ਸ. ਸਰੈਣ ਸਿੰਘ ਤਿੰਨ ਭਰਾਵਾਂ ਅਤੇ ਦੋ ਭੈਣਾਂ ਦੇ ਪਰਿਵਾਰ ਵਿਚੋਂ ਸਭ ਤੋਂ ਵੱਡੇ ਸਨ। ਵੱਡੇ ਵੀ ਸਿਆਣੇ ਵੀ। ਉੱਚਾ ਕਦ ਕਾਠ ਭਰਵਾਂ ਸਰੀਰ, ਸੰਖੇਪ ਬੋਲਣ ਵਾਲੇ ਜ਼ਿਆਦਾ ਸੋਚਣ ਵਾਲੇ ਪੁਰਾਣੇ ਜ਼ਮਾਨੇ ਦੇ ਮੈਟਰਿਕੁਲੇਟ ਗੱਲਬਾਤ ਵਿਚ ਸੁਲਝੇ ਹੋਏ ਅਤੇ ਬਾਈ-ਬਾਈ ਰਿਸ਼ਤੇਦਾਰਾਂ ਨੂੰ ਵੀ ਮਿਲਣ ਗਿਲਣ ਵਾਲੇ। ਉਨ੍ਹਾਂ ਕੋਲੋਂ ਕੰਮ ਸਿੱਖ ਕੇ ਅੱਗੋਂ ਆਪਣਾ ਕਾਰੋਬਾਰ ਚਲਾਉਣ ਵਾਲੇ ਸ਼ਾਗਿਰਦਾਂ ਦੀ ਤਾਦਾਦ ਹੀ ਬਹੁਤ ਹੈ।

ਆਪ ਦਾ ਛੋਟਾ (ਵਿਚਲਾ) ਭਰਾ ਰਤਨ ਸਿੰਘ ਸਾਧੂ ਬਿਰਤੀ ਵਾਲਾ ਸਜਨ ਸੀ। ਸ. ਰਤਨ ਸਿੰਘ ਦੀ ਸ੍ਰੀ ਭੈਣੀ ਸਾਹਿਬ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੜੀ ਅਕੀਦਤ ਸੀ। ਸੰਤ ਮੋਹਣ ਸਿੰਘ ਜੀ ਦਾ ਵੀ ਇਨ੍ਹਾਂ ਘਰ ਆਣ-ਜਾਣ ਬਣਿਆ ਰਹਿੰਦਾ ਅਤੇ ਸੋਧ ਕੇ ਲੰਗਰ ਤਿਆਰ ਹੁੰਦੇ ਰਹਿੰਦੇ।

ਸ. ਰਤਨ ਸਿੰਘ ਭਰ ਜੁਆਨੀ ਵਿਚ ਹੀ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ। ਉਨ੍ਹਾਂ ਦੇ ਅੰਤਿਮ ਸਮੇਂ ਉਨ੍ਹਾਂ ਕਿਹਾ ਕਿ ਉਹ ਦੇਖੋ ਢੋਲਕ ਛੈਣਿਆਂ ਵਾਲੇ ਲੈਣ ਆ ਗਏ ਹਨ। ਸ. ਸਰੈਣ ਸਿੰਘ ਦੇ ਮਨ ਤੇ ਆਪਣੇ ਛੋਟੇ ਭਰਾ ਦੀ ਇਸ ਅੰਤਿਮ ਸਮੇਂ ਦੀ ਦਸ਼ਾ ਦਾ ਪ੍ਰਭਾਵ ਖਾਸ ਤੌਰ 'ਤੇ ਪਿਆ। ਉਸ ਸਮੇਂ ਤੋਂ ਆਪ ਪ੍ਰਪੱਕ ਰੂਪ ਵਿਚ ਗੁਰੂ ਘਰ ਨਾਲ ਜੁੜ ਗਏ। ਉਨ੍ਹਾਂ ਆਪਣਾ ਜੀਵਨ ਬਹੁਤ ਨਿਯਮਬੱਧ ਕਰ ਲਿਆ। ਤੜਕੇ ਤਿੰਨ ਵਜੇ ਉੱਠਣਾ, ਸਣੇ ਕੇਸ ਇਸ਼ਨਾਨ ਕਰਨਾ, ਇਕ ਘੰਟਾ ਨਾਮ ਸਿਮਰਨ ਵਾਸਤੇ ਅਵੱਸ਼ ਬੈਠਣਾ, ਫੇਰ ਲੰਮੀ ਸੈਰ ਵਾਸਤੇ ਜਾਣਾ, ਦੁਕਾਨ 'ਤੇ ਡਿਊਟੀ ਦੇਣੀ ਅਤੇ ਕਿਰਤ ਕਮਾਈ ਨੂੰ ਸਾਂਭਣਾ ਵੀ ਤੇ ਵਿਉਂਤ ਅਨੁਸਾਰ ਖਰਚ ਕਰਨਾ ਅਤੇ ਹਰ ਹਫਤੇ ਦੇ ਦਾਨ-ਪੁੰਨ ਵਾਸਤੇ ਵੀ ਇਕ ਖਾਸ ਰਾਸ਼ੀ ਨਿਸ਼ਚਿਤ ਕੀਤੀ।

ਆਏ ਗਏ ਜਥੇਦਾਰਾਂ ਦਾ ਦੀਵਾਨ ਵੀ ਲੱਗਣਾ। ਮੈਨੂੰ ਯਾਦ ਹੈ ਕਿ ਬਟਵਾਰੇ ਬਾਅਦ ਉਨ੍ਹਾਂ ਦੀਆਂ ਦੁਕਾਨਾਂ ਦੀ ਛੱਤ ਉਤੇ ਸੂਬਾ ਦਸੋਂਧਾ ਸਿੰਘ ਜੀ ਦੇ ਜਥੇ ਦਾ ਹੱਲੇ ਦਾ ਦੀਵਾਨ ਵੀ ਲੱਗਾ ਸੀ ਅਤੇ ਅਗਲੀ ਸਵੇਰ ਸਿੰਘ ਸਭਾ ਗੁਰਦੁਆਰਾ ਮਹੱਲਾ ਗੋਬਿੰਦਗੜ੍ਹ, ਜਲੰਧਰ ਵਿਚ ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦੇ ਜਥੇ ਦੀ ਆਸਾ ਦੀ ਵਾਰ (ਵਾਰਾ) ਦਾ ਕੀਰਤਨ ਵੀ ਹੋਇਆ ਸੀ। ਇਸ ਵਕਤ ਸੂਬਾ ਦਸੌਂਧਾ ਸਿੰਘ ਨੇ ਵੀ ਭਾਸ਼ਣ ਕੀਤਾ ਸੀ ਅਤੇ ਉਹ ਸ. ਸਰੈਣ ਸਿੰਘ ਜੀ ਦਾ ਜ਼ਿਕਰ ਕਰਨ ਲੱਗਿਆਂ 'ਉਹ ਸਰਦਾਰ ਸਾਹਿਬ' ਕਹਿ ਕੇ ਦੱਸਦੇ ਸਨ। ਸ. ਸਰੈਣ ਸੰਗਤ ਵਿਚ ਪਰੇ ਜਿਹੇ ਬੈਠੇ ਸਨ ਅਤੇ ਸੂਬਾ ਜੀ ਨੂੰ ਉਹਨਾਂ ਦੇ ਨਾਮ ਦਾ ਵੀ ਨਹੀਂ ਸੀ ਪਤਾ।

ਸ. ਸਰੈਣ ਸਿੰਘ ਦੀ ਦੁਕਾਨ ਅਤੇ ਘਰ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਕਸਰ ਦਰਸ਼ਨ ਦੇਣੇ। ਸਤਿਗੁਰੂ ਜੀ ਤਾਂ ਆਪ ਦੀ ਦੁਕਾਨ ਦੇ ਬੈਂਚ ਤੇ ਹੀ ਬਿਰਾਜ ਵੀ ਜਾਂਦੇ। ਨਾਲ ਹੀ ਮੋਟਰ ਗੱਡੀ ਦਾ ਕੰਮ ਵੀ ਹੋ ਜਾਂਦਾ। ਜੰਗ ਦੇ ਦਿਨਾਂ ਵਿਚ ਕਦੇ ਕਦਾਈਂ ਪਟਰੋਲ ਦਾ ਪ੍ਰਬੰਧ ਵੀ ਸ. ਸਰੈਣ ਸਿੰਘ ਕਰਦੇ। ਸਤਿਗੁਰੂ ਜਗਜੀਤ ਸਿੰਘ ਜੀ ਵੀ ਗੁਰਗੱਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਦਰਸ਼ਨ ਦੇਣ ਦੀ ਅਕਸਰ ਕਿਰਪਾ ਕਰਦੇ ਅਤੇ ਆਪ ਦੇ ਗ੍ਰਿਹ ਨੂੰ ਵੀ ਪਵਿੱਤਰ ਕਰਦੇ।

ਜਲੰਧਰ ਸੈਂਟਰਲ ਟਾਊਨ ਵਿਚ ਇਕ ਨਾਮਧਾਰੀ ਧਰਮਸ਼ਾਲਾ ਗੁਰਦੁਆਰਾ ਬਨਾਉਣ ਦੀ ਵਿਚਾਰ ਬਣੀ। ਸਵ. ਸ. ਅਮਰ ਸਿੰਘ ਸੰਤ ਇੰਜੀਨੀਅਰਿੰਗ ਵਰਕਸ ਵਾਲੇ ਪ੍ਰਧਾਨ, ਸ. ਸਰੈਣ ਸਿੰਘ ਜਨਰਲ ਸਕੱਤਰ ਕਰਕੇ ਇਕ ਸੰਸਥਾ 'ਨਾਮਧਾਰੀ ਸਭਾ' ਬਣਾਈ ਗਈ। ਬਾਊ ਬਚਨ ਸਿੰਘ ਜੀ ਮਿਊਂਸਪਲ ਐਨਜੀਨਅਰ, ਸ. ਨੰਦ ਸਿੰਘ, ਸ. ਆਸਾ ਸਿੰਘ, ਜਥੇਦਾਰ ਨੱਥਾ ਸਿੰਘ, ਅਵਤਾਰ ਸਿੰਘ, ਹਜ਼ਾਰਾ ਸਿੰਘ ਅਤੇ ਹੋਰ ਬਹੁਤ ਸਾਰੇ ਸੱਜਣਾਂ ਨੇ ਸਰਗਰਮੀ ਨਾਲ ਹਿੱਸਾ ਲਿਆ। ਇਕ ਇਕ ਰੁਪਿਆ ਮਹੀਨਾ ਫੰਡ ਤੋਂ ਕਾਰਜ ਸ਼ੁਰੂ ਕੀਤਾ ਗਿਆ। ਦਾਸ ਜਗਦੀਸ਼ ਸਿੰਘ ਨੂੰ ਛੋਟੀ ਜਿਹੀ ਉਮਰੇ ਵਿਦਿਆਰਥੀ ਸਮੇਂ ਵਿਚ ਹੀ ਸਕੱਤਰ ਥਾਪ ਦਿੱਤਾ ਗਿਆ।

ਇਹ ਸਰਗਰਮੀ ਵਧਦੀ ਗਈ ਅਤੇ ਅੱਜ ਮਹੱਲਾ ਸੈਂਟਰਲ ਟਾਊਨ, ਲਾਡੋਵਾਲੀ ਰੋਡ, ਜਲੰਧਰ ਤੇ ਇਕ ਸ਼ਾਨਦਾਰ ਨਾਮਧਾਰੀ ਧਰਮਸ਼ਾਲਾ ਕਾਇਮ ਹੈ ਜੋ ਨਾਮਧਾਰੀ ਸੰਗਤ ਦੀਆਂ ਬਹੁਤ ਸਾਰੀਆਂ ਸਰਗਰਮੀਆਂ ਦਾ ਕੇਂਦਰ ਹੈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵੱਡੇ ਵੱਡੇ ਮੇਲੇ ਅਤੇ ਸੰਗੀਤ ਸਮਾਰੋਹ ਵੀ ਇਸ ਧਰਮਸ਼ਾਲਾ ਵਿਚ ਹੁੰਦੇ ਰਹੇ ਹਨ। ਇਸ ਸਾਰੇ ਕਾਰਜ ਵਿਚ ਮਾਇਆ ਇਕੱਤਰ ਕਰਨ, ਉਸ ਨੂੰ ਯੋਗਤਾ ਨਾਲ ਸਾਂਭਣ, ਖਰਚ ਕਰਨ ਦੀ ਵਿਉਂਤਕਾਰੀ ਵਿਚ ਮੁੱਖ ਭੂਮਿਕਾ ਸ. ਸਰੈਣ ਸਿੰਘ ਜੀ ਦੀ ਰਹੀ ਹੈ। ਸ. ਸਰੈਣ ਸਿੰਘ ਜੀ ਅਤੇ ਸ. ਅਮਰ ਸਿੰਘ ਜੀ ਦਾ ਸਾਥ ਰਿਸ਼ਤੇਦਾਰੀ ਵਿਚ ਵੀ ਬਦਲ ਗਿਆ ਜਦੋਂ ਸ. ਸਰੈਣ ਸਿੰਘ ਦੀ ਪੁਤਰੀ ਸੁਲੱਖਣ ਕੌਰ ਅਤੇ ਸ. ਅਮਰ ਸਿੰਘ ਦੇ ਸਪੁੱਤਰ ਸ. ਇਕਬਾਲ ਸਿੰਘ ਵਿਆਹ ਬੰਧਨ ਵਿਚ ਬੱਝ ਗਏ। ਜਦੋਂ ਬਹੁਤ ਸਾਰੇ ਸੱਜਣ ਸੰਸਾਰ ਤਿਆਗ ਗਏ ਜਾਂ ਸਾਥ ਤਿਆਗ ਗਏ ਤਾਂ ਵੀ ਸ. ਸਰੈਣ ਸਿੰਘ ਜੀ ਨੇ ਕਿਸੇ ਨਾ ਕਿਸੇ ਤਰ੍ਹਾਂ ਇਹ ਕਾਰਜ ਸਿਰੇ ਚਾੜ੍ਹ ਹੀ ਦਿੱਤਾ। ਉਨ੍ਹਾਂ ਦੀ ਮਾਇਆ ਨੂੰ ਇਕੱਤਰ ਕਰਣ ਅਤੇ ਖਰਚ ਕਰਣ ਦੀ ਵਿਸ਼ੇਸ ਯੋਗਤਾ ਨੇ ਉਨ੍ਹਾਂ ਦੇ ਨਿੱਜੀ ਜੀਵਨ ਵਿਚ ਫਾਇਦਾ ਪਹੁੰਚਾਇਆ ਅਤੇ ਸਾਰਵਜਨਕ ਜੀਵਨ ਵਿਚ ਵੀ। ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ਼ ਗਵਨ ਸ਼ਤਾਬਦੀ ਜਦੋਂ ਜਲੰਧਰ ਵਿਚ ੧੯੭੨ ਨੂੰ ਮਾਸਟਰ ਅਜੀਤ ਸਿੰਘ ਚੀਮਾ ਤੇ ਸੂਬਾ ਅਮਰੀਕ ਸਿੰਘ ਹੋਰਾਂ ਦੀ ਅਗਵਾਈ ਵਿਚ ਦੁਆਬੇ ਦੀ ਸੰਗਤ ਵੱਲੋਂ ਪ੍ਰਤਾਪ ਬਾਗ ਜਲੰਧਰ ਵਿਚ ਮਨਾਈ ਗਈ ਤਾਂ ਸ. ਸਰੈਣ ਸਿੰਘ ਦੀ ਮਾਇਕ ਪ੍ਰਬੰਧਨ ਦੀ ਇਸੇ ਯੋਗਤਾ ਨੇ ਕਮਾਲ ਦਿਖਾਇਆ ਤੇ ਮੇਲਾ ਬਹੁਤ ਵੱਡੀ ਪੱਧਰ 'ਤੇ ਹੋਲੇ ਮਹੱਲੇ ਦਾ ਪ੍ਰਭਾਵ ਵਾਲਾ ਬੜੀ ਸ਼ਾਨ ਨਾਲ ਹੋਇਆ। ਸ. ਸਰੈਣ ਸਿੰਘ ਜੀ ਦੇ ਛੋਟੇ ਭਰਾ ਸ. ਗੁਰਬਚਨ ਸਿੰਘ ਕਾਰੋਬਾਰ ਵਿਚ ਬਹੁਤ ਸਹਿਯੋਗੀ ਰਹੇ ਹਨ। ਹੁਣ ਦੋਹਾਂ ਭਰਾਵਾਂ ਦੇ ਅਗੋਂ ਪਰਿਵਾਰਾਂ ਨੇ ਵੱਖਰੇ-ਵੱਖਰੇ ਕਾਰੋਬਾਰ ਸਥਾਪਤ ਕੀਤੇ ਹੋਏ ਹਨ।

ਆਪਣੇ ਜੀਵਨ ਦੇ ਆਖਰੀ ਪੰਧ ਵਿਚ ਉਨ੍ਹਾਂ ਦਾ ਸਰੀਰ ਤਾਂ ਆਗਿਆ ਵਿਚ ਨਾ ਰਿਹਾ ਪਰ ਉਨ੍ਹਾਂ ਦੀ ਸੋਚ, ਵਿਚਾਰ ਸ਼ਕਤੀ ਅੰਤਿਮ ਸਮੇਂ ਤੱਕ ਕਾਇਮ ਰਹੀ। ਉਹ ਅਖੀਰ ਤੱਕ ਸੁਚੇਤ ਰਹੇ। ਪਰਿਵਾਰ ਨੇ ਸੇਵਾ ਕਰ ਕੇ ਆਪਣਾ ਜੀਵਨ ਸਫਲ ਕੀਤਾ।

੨੬ ਜੁਲਾਈ ੨੦੦੬ ਨੂੰ ਸਵੇਰੇ ਅੱਠ ਵਜੇ ਉਨ੍ਹਾਂ ਅੰਤਿਮ ਸਵਾਸ ਲਏ ਅਤੇ ਸ਼ਾਮ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਨਾਮਧਾਰੀ ਸਿੰਘਾਂ ਦੀਆਂ ਰਹੁ ਰੀਤਾਂ ਮਰਿਆਦਾ ਅਨੁਸਾਰ. ਕੀਰਤਨ ਅਰਦਾਸ ਸਹਿਤ ਕੀਤਾ ਗਿਆ। ੨੯ ਜੁਲਾਈ ਨੂੰ ਉਨ੍ਹਾਂ ਦੀ ਭਸਮ ਨੀਲੋਂ ਲਹਿਰ ਵਿਚ ਜਲ ਪਰਵਾਹ ਕੀਤੀ ਗਈ। ਉਸ ਦਿਨ ਆਪ ਦੇ ਸਪੁੱਤਰਾਂ ਵਲੋਂ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਗਈ ਕਿ ਭੋਗ ਆਪ ਜੀ ਦੀ ਹਜ਼ੂਰੀ ਵੀ ਪਾਉਣ ਦੀ ਆਗਿਆ ਹੋਵੇ ਤਾਂ ਭੋਗ ਭੈਣੀ ਸਾਹਿਬ ਹੀ ਪਾਉਣ ਦੀ ਆਗਿਆ ਹੋ ਗਈ।

੬ ਅਗਸਤ ੨੦੦੬ ਐਤਵਾਰ ਨੂੰ ਸ. ਸਰੈਣ ਸਿੰਘ ਜੀ ਨਮਿਤ ਸਿਮ੍ਰਤੀ ਮੇਲਾ ਸ੍ਰੀ ਭੈਣੀ ਸਾਹਿਬ ਵਿਚ ਬਹੁਤ ਸੱਜ ਧੱਜ ਨਾਲ ਹੋਇਆ। ਜਲੰਧਰ ਤੋਂ ਲਗਭਗ ਸਮੁੱਚੀ ਸੰਗਤ ਵਿਸ਼ੇਸ਼ ਬੱਸਾਂ ਟੈਂਪੋ ਟਰੈਵਲਰ, ਜੀਪਾਂ ਕਾਰਾਂ ਅਤੇ ਹੋਰ ਸਾਧਨਾਂ ਰਾਹੀਂ ਪੁੱਜੀ। ਰਿਸ਼ਤੇਦਾਰ ਸਨੇਹੀ ਭਾਰੀ ਗਿਣਤੀ ਵਿਚ ਜਲੰਧਰੋਂ ਦਿੱਲੀਓਂ, ਅੰਮ੍ਰਿਤਸਰੋਂ ਅਤੇ ਹੋਰ ਥਾਵਾਂ ਤੋਂ ਆਏ।

ਦੁਪਹਿਰ ਨੂੰ ਸੰਗਤਾਂ ਨਾਲ ਖੱਚਾ ਖੱਚ ਭਰੇ ਸ੍ਰੀ ਹਰੀਮੰਦਿਰ ਵਿਚ ਪਹਿਲਾਂ ਕਥਾ ਹੋਈ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਇਕ ਘੰਟਾ ਸਮੂਹਿਕ ਨਾਮ ਸਿਮਰਨ ਹੋਇਆ ਅਤੇ ਇਸੇ ਦੌਰਾਨ ਹੀ ਨਾਵੇਂ ਮਹੱਲੇ ਦੇ ਸਲੋਕ ਅਤੇ ਰਾਮਕਲੀ ਸਦ ਦਾ ਪਾਠ ਹੋਇਆ।

ਹਜ਼ੂਰੀ ਰਾਗੀ ਸਿੰਘਾਂ ਸੰਤ ਹਰਬੰਸ ਸਿੰਘ ਘੁੱਲਾ ਸੰਤ ਬਲਵੰਤ ਸਿੰਘ, ਸੰਤ ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਗੁਰਲਾਲ ਸਿੰਘ, ਅਜੇਪਾਲ ਸਿੰਘ ਅਤੇ ਹੋਰ ਸਹਿਯੋਗੀਆਂ ਨੇ ਬੜੇ ਵਜਦ ਅਤੇ ਵੈਰਾਗ ਵਿਚ ਪਹਿਲਾਂ ਫਰੀਦ ਜੀ ਦਾ ਸ਼ਬਦ ਪੜ੍ਹਿਆ..

"ਚਲਿ ਚਲਿ ਗਈਆਂ ਪੰਖੜੀਆਂ
ਜਿਨੀ ਵਸਾਏ ਤਲ॥
ਫਰੀਦਾ ਸਰੁ ਭਰਿਆ ਭੀ ਚਲਸੀ
ਥਕੇ ਕਵਲ ਇਕਲ॥"

ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦਾ ਸ਼ਬਦ "ਕੂੜਿ ਰਾਜਾ ਕੂੜਿ ਪਰਜਾ ਕੂੜ ਸਭ ਸੰਸਾਰ" ਪੜ੍ਹਿਆ ਜਿਸ ਦੀ ਮੁਖ ਟੇਕ ਰਾਗ ਪਹਾੜੀ ਵਿਚ ਸੀ।

"ਕਿਸ ਨਾਲ ਕੀਚੈ ਦੋਸਤੀ
ਸਭ ਜਗ ਚੱਲਣਹਾਰ"

ਇਨ੍ਹਾਂ ਸਤਰਾਂ ਦੇ ਲੇਖਕ ਨੇ ਸ: ਸਰੈਣ ਸਿੰਘ ਜੀ ਬਾਰੇ ਸੰਖੇਪ ਵਿਚ ਬੋਲਦਿਆਂ ਕਿਹਾ ਕਿ "ਗੁਰੂ ਘਰ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਗਤਾਂ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਈਆਂ ਹਨ। ਨਿਸ਼ਚੇ ਹੀ ਉਨ੍ਹਾਂ ਦੀ ਜੀਵ ਆਤਮਾ ਆਪਣੀ ਸੰਸਾਰ ਯਾਤਰਾ ਸਫਲਤਾ ਨਾਲ ਕਰ ਕੇ ਗਈ ਹੈ। ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਧੰਨ ਹੋਈਆਂ ਹਨ। ਪਰਿਵਾਰ ਵੱਲੋਂ ਸਭ ਸੰਗਤਾਂ ਦਾ ਧੰਨਵਾਦ ਹੈ।" ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਚੱਲਦਾ ਰਿਹਾ। ਇਸ ਤਰ੍ਹਾਂ ਸ. ਸਰੈਣ ਸਿੰਘ ਜੀ ਨਮਿਤ ਪਾਠ ਦਾ ਭੋਗ ਵੀ ਸਾਧ ਸੰਗਤ ਲਈ ਸਤਿਗੁਰਾਂ ਦੇ ਪਾਵਨ ਦਰਸ਼ਨਾਂ ਦੇ ਦੁਰਲਭ ਅਵਸਰ ਦਾ ਸਬੱਬ ਬਣਿਆ।

ਗਨੇਰੀਆਂ

(ਬਾਲ ਕਾਵਿ ਸੰਗ੍ਰਹਿ)

ਲੇਖਕ — ਨਵਰਾਹੀ ਘੁਗਿਆਣਵੀ
ਪੰਨੇ— ੯੬. ਮੁੱਲ ੪੦ ਰੁਪਏ
ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ

ਬੱਚਿਆਂ ਦੀਆਂ ਮਾਨਸਿਕ ਲੋੜਾਂ ਤੇ ਜਗਿਆਸੂ ਬਿਰਤੀਆਂ ਨੂੰ ਧਿਆਨ ਵਿੱਚ ਰੱਖ ਕੇ ਰਚਿਆ ਬਾਲ ਸਾਹਿਤ ਜਿੱਥੇ ਉਨ੍ਹਾਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਵਿੱਚ ਸਹਾਈ ਬਣਦਾ ਹੈ, ਉਥੇ ਆਪਣੀ ਹਰਮਨਪਿਆਰਤਾ ਦੇ ਚੰਗੇ ਮੌਕੇ ਵੀ ਤਲਾਸ਼ ਲੈਂਦਾ ਹੈ। ਪੰਜਾਬੀ ਭਾਸ਼ਾ ਦੇ ਉੱਘੇ ਬਾਲ ਸਾਹਿਤ ਲੇਖਕ ਨਵਰਾਹੀ ਘੁਗਿਆਣਵੀ ਨੇ ਬਾਲ ਸਾਹਿਤ ਦੇ ਖੇਤਰ ਵਿੱਚ ਚਾਰ ਪੁਸਤਕਾਂ ਦਾ ਮਹੱਤਵਪੂਰਨ ਯੋਗਦਾਨ ਪਾਉਂਦਿਆਂ ਬਾਲ ਪਾਠਕਾਂ ਨਾਲ ਪੱਕੇ ਤੌਰ 'ਤੇ ਆਪਣਾ ਭਾਵਨਾਤਮਿਕ ਰਿਸ਼ਤਾ ਕਾਇਮ ਕਰ ਲਿਆ ਹੈ। ਆਪਣੇ ਪੋਤਰੇ ਮਹਿਤਾਬ ਅਤੇ ਪੋਤਰੀ ਸੀਰਤ ਨੂੰ ਮੁਖ਼ਾਤਿਬ ਹੋ ਕੇ 'ਮਹਿਤਾਬਨਾਮਾ' ਤੇ 'ਸੀਰਤਨਾਮਾ' ਜਿਹੀਆਂ ਚਰਚਿਤ ਬਾਲ ਪੁਸਤਕਾਂ ਲਿਖਣ ਵਾਲੇ ਇਸ ਪ੍ਰੌਢ ਕਵੀ ਦਾ ਹਥਲਾ ਬਾਲ ਕਾਵਿ ਸੰਗ੍ਰਹਿ 'ਗਨੇਰੀਆਂ' ਸੰਸਾਰ ਦੇ ਸਮੁੱਚੇ ਬਾਲਾਂ ਨੂੰ ਸਨੇਹ ਤੇ ਪਿਆਰ ਦੀ ਨਜ਼ਰ ਨਾਲ ਵੇਖਦਾ ਹੈ। ਬੱਚਿਆਂ ਦੇ 'ਦੋਸਤ ਬਾਬੇ' ਵਜੋਂ ਉਨ੍ਹਾਂ ਨੂੰ ਖ਼ੁਸ਼ੀਆਂ ਵੰਡਣ ਲਈ ਹਰ ਸੰਭਵ ਯਤਨ ਕਰਦਾ ਵਿਖਾਈ ਦਿੰਦਾ ਹੈ। ਉਸ ਵੱਲੋਂ ਦਿੱਤ ਆਸ਼ੀਰਵਾਦ ਵਿੱਚ ਨੰਨ੍ਹੇ ਮੁੰਨ੍ਹੇ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਬਹਾਰਾਂ ਹਾਸਿਲ ਹੋਣ ਦੀ ਕਾਮਨਾ ਕੀਤੀ ਗਈ ਹੈ :-

"ਰੱਬ ਕਰ ਕੇ ਇਨ੍ਹਾਂ ਬੱਚਿਆਂ ਤਾਈਂ, ਹਾਸਿਲ ਹੋਣ ਬਹਾਰਾਂ।
ਮੈਂ ਇਨ੍ਹਾਂ ਦੀ ਖ਼ੁਸ਼ੀ ਵਾਸਤੇ, ਕੀਤੇ ਯਤਨ ਹਜ਼ਾਰਾਂ।
'ਨਵਰਾਹੀ' ਬੇਫ਼ਿਕਰੀਆਂ ਮਾਨਣ, ਇਹ ਸਾਰੇ ਦੇ ਸਾਰੇ ਬੱਚੇ
ਬੜੇ ਪਿਆਰੇ ਬੱਚੇ ਨੇ ਇਹ, ਬੜੇ ਪਿਆਰੇ ਬੱਚੇ
ਨੰਨ੍ਹੇ ਮੁੰਨ੍ਹੇ, ਆਲੇ ਭੋਲੇ, ਉਜਵਲ ਨੂਰ-ਮੁਨਾਰੇ ਬੱਚੇ!

ਲੇਖਕ ਅੱਜ ਦੇ ਬੱਚਿਆਂ ਵਿੱਚ ਭਵਿੱਖ ਦੇ ਜ਼ਿੰਮੇਵਾਰ ਨਾਗਰਿਕਾਂ ਦੇ ਅਕਸ ਵੇਖਣ ਦਾ ਇਛੁੱਕ ਹੈ ਇਸ ਲਈ ਉਸ ਦੀਆਂ ਕਵਿਤਾਵਾਂ ਬੱਚਿਆਂ ਦੀ ਜੀਵਨ ਜਾਚ ਲਈ ਨਰੋਈ ਸੇਧ ਉਲੀਕਦੀਆਂ ਹਨ। ਇਹ ਕਵਿਤਾਵਾਂ ਬੱਚਿਆਂ ਨੂੰ ਨੈਤਿਕਤਾ ਤੇ ਸਦਾਚਾਰ ਦਾ ਪਾਠ ਪੜ੍ਹਾਉਂਦਿਆਂ ਉਨ੍ਹਾਂ ਅੰਦਰ ਸਿਹਤ ਸੰਭਾਲ ਲਈ ਵੀ ਜਾਗਰੂਕਤਾ ਪੈਦਾ ਕਰਦੀਆਂ ਹਨ। ਬੱਚਿਆਂ ਦੇ ਗਿਆਨ ਦਾ ਪੱਧਰ ਉਪਰ ਚੁੱਕਣ ਲਈ ਇਹ ਕਵਿਤਾਵਾਂ ਸਮਕਾਲੀਨ ਸਮਾਜਿਕ ਸਮੱਸਿਆਵਾਂ ਘਟਨਾਵਾਂ ਤੇ ਵਿਗਿਆਨਕ ਖੋਜਾਂ ਬਾਰੇ ਵੀ ਚਰਚਾ ਛੇੜਦੀਆਂ ਹਨ। ਸੰਗ੍ਰਹਿ ਵਿੱਚ ਸ਼ਾਮਿਲ 'ਮਹਾਤਮਾ ਗਾਂਧੀ' ਡਾ. ਅਬਦੁਲ ਕਲਾਮ ਅਤੇ ਸਾਨੀਆ ਆਦਿ ਕਵਿਤਾਵਾਂ ਬੱਚਿਆਂ ਦੇ ਮਨ ਵਿੱਚ ਇਸ ਵਿਸ਼ਵਾਸ ਦੇ ਬੀਜ ਬੀਜਦੀਆਂ ਹਨ ਕਿ ਮਿਹਨਤ ਤੇ ਲਗਨ ਤੇ ਸ੍ਵੈ-ਵਿਸ਼ਵਾਸ ਰਾਹੀਂ ਉਹ ਵੀ ਕਿਸੇ ਉੱਚੇ ਮੁਕਾਮ 'ਤੇ ਪੁੱਜ ਸਕਦੇ ਹਨ।

ਨਵਰਾਹੀ ਦੀਆਂ ਬਾਲ ਕਵਿਤਾਵਾਂ ਸਾਡੇ ਸਮਾਜਿਕ ਰਿਸ਼ਤਿਆਂ ਨੂੰ ਹੋਰ ਨਿੱਘਾ ਤੇ ਹੰਢਣਸਾਰ ਬਨਾਉਣ ਵਿੱਚ ਵੀ ਪੂਰੀ ਤਰ੍ਹਾਂ ਸਹਾਈ ਹਨ। ਉਸ ਦੀਆਂ ਕਵਿਤਾਵਾਂ ਬੱਚਿਆਂ ਨੂੰ ਬਾਬਾ, ਅੰਬੋ, ਦਾਦੀ, ਨਾਨੀ, ਬੇਬੇ, ਬਾਪੂ, ਭੂਆ, ਮਾਸੀ ਤੇ ਦੀਦੀ ਆਦਿ ਸੰਬੋਧਨੀ ਸ਼ਬਦਾਂ ਨਾਲ ਜੁੜੇ ਰਿਸ਼ਤਿਆਂ ਦੀ ਮਹੱਤਤਾ ਤੋਂ ਜਾਣੂ ਕਰਵਾ ਕੇ ਰਿਸ਼ਤਿਆਂ ਵਿੱਚ ਵਧ ਰਹੀ ਬੇਗਾਨਗੀ ਦੀ ਭਾਵਨਾ ਨੂੰ ਦੂਰ ਕਰਦੀਆਂ ਹਨ। ਬੱਚਿਆਂ ਨਾਲ ਬੱਚਿਆਂ ਵਰਗੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਲੇਖਕ ਮੁੜ ਤੋਂ ਆਪਣੇ ਬਚਪਣ ਨਾਲ ਜੁੜਿਆ ਪ੍ਰਤੀਤ ਹੁੰਦਾ ਹੈ। ਇਹੋ ਉਸ ਦੀਆਂ ਬਾਲ ਸਾਹਿਤਕ ਕਿਰਤਾਂ ਦੀ ਸਫ਼ਲਤਾ ਦਾ ਮੁੱਖ ਆਧਾਰ ਹੈ। ਸੰਗ੍ਰਹਿ ਵਿਚ ਸ਼ਾਮਿਲ ਸਾਰੀਆਂ ਕਵਿਤਾਵਾਂ ਸੁਰ-ਲੈਅ ਤੇ ਤਾਲ ਵਰਗੇ ਸਰੋਦੀ ਗੁਣਾਂ ਨਾਲ ਭਰਪੂਰ ਹਨ। ਕਵਿਤਾਵਾਂ ਦੀ ਭਾਸ਼ਾ ਛੋਟੇ ਬੱਚਿਆਂ ਦੀ ਸਮਝ ਵਿੱਚ ਆ ਜਾਣ ਕਾਰਨ ਪੁਸਤਕ ਦੇ ਪਾਠਕਾਂ ਦੀ ਗਿਣਤੀ ਵਧਾ ਸਕਦੀ ਹੈ।

—ਨਿਰੰਜਣ ਬੋਹਾ
ਬੋਹਾ, ਜ਼ਿਲ੍ਹਾ ਮਾਨਸਾ

ਅੰਮ੍ਰਿਤਸਰ ਦੀ ਨਗਰੀ

—ਸੁਰਜੀਤ ਸਿੰਘ 'ਅਮਰ'

ਅੰਮ੍ਰਿਤਸਰ ਦੀ ਨਗਰੀ ਵਿਚ ਹੈ ਉਹ ਹਰਿਮੰਦਿਰ ਪਿਆਰਾ।
ਜਿਸ ਦੇ ਅੱਗੇ ਆ ਕੇ ਵੀਰੋ! ਝੁਕਦਾ ਏ. ਜਗ ਸਾਰਾ।

ਅੰਮ੍ਰਿਤਸਰ ਦੀ ਨਗਰੀ ਦੀ ਤਾਂ ਵੱਡੀ ਏ ਵਡਿਆਈ।
ਰਾਮ ਦਾਸ ਸਤਿਗੁਰ ਨੇ ਇਹ ਤਾਂ ਹੱਥੀਂ ਆਪ ਵਸਾਈ।

ਅੰਮ੍ਰਿਤਸਰ ਦੀ ਨਗਰੀ ਤਾਈਂ ਨੂਰੋ ਨੂਰ ਸੀ ਕੀਤਾ।
ਸ੍ਰੀ ਗੁਰ ਤੇਗ ਬਹਾਦਰ ਜੀ ਨੇ ਜਨਮ ਸੀ ਏਥੇ ਲੀਤਾ।

ਅੰਮ੍ਰਿਤਸਰ ਦੀ ਨਗਰੀ ਦਾ ਤਾਂ ਹੈ ਇਤਹਾਸ ਨਿਰਾਲਾ।
ਏਸ ਗੱਲ ਦੀ ਭਰੇ ਗਵਾਹੀ ਬਾਗ਼ ਇਹ ਜਲਿਆਂਵਾਲਾ।

ਅੰਮ੍ਰਿਤਸਰ ਦੀ ਨਗਰੀ ਵਰਗੀ ਨਗਰੀ ਹੋਰ ਨਾ ਕੋਈ।
ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਏਸ ਜਗ੍ਹਾ ਤੇ ਹੋਈ।

ਅੰਮ੍ਰਿਤਸਰ ਦੀ ਨਗਰੀ ਵੀਰੋ! ਸਭ ਦੇ ਦਿਲ ਨੂੰ ਭਾਏ।
ਗੁਰੂਆਂ ਸੰਤਾਂ ਅਤੇ ਸ਼ਹੀਦਾਂ ਭਾਗ ਏਸ ਨੂੰ ਲਾਏ।

ਅੰਮ੍ਰਿਤਸਰ ਦੀ ਨਗਰੀ ਵਿਚ ਹਨ ਵੱਡੇ ਗੁਰਦੁਆਰੇ।
ਇਹ ਸਿੱਖੀ ਦੇ ਸੋਮੇ ਸਾਨੂੰ ਜਾਨੋਂ ਵਧ ਪਿਆਰੇ।
ਅੰਮ੍ਰਿਤਸਰ ਦੀ ਨਗਰੀ ਦੀ ਜੋ ਧੂੜੀ ਮੱਥੇ ਲਾਵੇ।
ਇਸ ਦੁਨੀਆਂ ਵਿਚ 'ਅਮਰ' ਸਦਾ ਲਈ ਉਹ ਬੰਦਾ ਹੋ ਜਾਵੇ।

ਖਬਰਨਾਮਾ

ਚਰਨ ਸੀਚੇਵਾਲਵੀ ਨੂੰ ਸਰੋਦੀ ਸ਼ਾਇਰ ਐਵਾਰਡ

ਉੱਘੇ ਸ਼ਾਇਰ ਚਰਨ ਸੀਚੇਵਾਲਵੀ ਨੂੰ ਪੰਜਾਬੀ ਸਾਹਿਤ ਸਭਾ ਆਦਮਪੁਰ ਵੱਲੋਂ ਸਰੋਦੀ ਸ਼ਾਇਰ ਐਵਾਰਡ-੨੦੦੫ ਦੇ ਕੇ ਸਨਮਾਨਿਤ ਕੀਤਾ ਗਿਆ। ਸੀਚੇਵਾਲਵੀ ਨੂੰ ਸਨਮਾਨਿਤ ਕਰਦਿਆਂ ਸਭਾ ਦੇ ਪ੍ਰਧਾਨ ਪ੍ਰਿੰਸੀਪਲ ਰੂਪ ਲਾਲ ਰੂਪ (ਸਟੇਟ ਐਵਾਰਡੀ) ਨੇ ਕਿਹਾ ਕਿ ਸਭਾ ਹਰ ਸਾਲ ਇਕ ਸਰੋਦੀ ਸ਼ਾਇਰ ਐਵਾਰਡ ਕਿਸੇ ਸਮਰੱਥ ਸ਼ਾਇਰ ਨੂੰ ਪ੍ਰਦਾਨ ਕਰਦੀ ਹੈ। ਪਿਛਲੇ ਸਾਲ ਇਹ ਐਵਾਰਡ ਪਹਿਲੀ ਵਾਰ ਪ੍ਰਵਾਸੀ ਸ਼ਾਇਰ ਹਰਭਜਨ ਸਿੰਘ ਬੈਂਸ ਨੂੰ ਦਿੱਤਾ ਗਿਆ ਸੀ। ਇਸ ਵਾਰ ਇਹ ਚਰਨ ਸੀਚੇਵਾਲਵੀ ਦੇ ਹਿੱਸੇ ਆਇਆ ਹੈ। ਸਭਾ ਦੇ ਜਨਰਲ ਸਕੱਤਰ ਤੇ ਉੱਘੇ ਗੀਤੀਉਕਾਰ ਅਲੋਚਕ ਹਰਮੀਤ ਸਿੰਘ ਅਟਵਾਲ ਨੇ ਕਿਹਾ ਕਿ ਸੀਚੇਵਾਲਵੀ ਦੀ ਸ਼ਾਇਰੀ ਲੋਕ ਰੰਗ ਵਾਲੀ ਸੁਹਜ ਅਤੇ ਸਰੋਦੀ ਅੰਸ਼ਾਂ ਨਾਲ ਭਰਪੂਰ ਹੈ। ਸਨਮਾਨ ਸਮਾਰੋਹ ਦੇ ਨਾਲ-ਨਾਲ ਕਵੀ ਦਰਬਾਰ ਵੀ ਚੱਲਿਆ। ਸੀਚੇਵਾਲਵੀ ਦੇ ਕੁਝ ਸ਼ੇਅਰਾਂ ਵਿਚੋਂ ਇਸ ਸ਼ੇਅਰ ਨੂੰ ਬਹੁਤ ਦਾਦ ਮਿਲੀ— "ਮੁੱਖ ਮੰਤਰੀ ਬਾਦਲ ਹੋਵੇ ਜਾਂ ਹੋਵਣ ਬਰਨਾਲਾ ਸਾਹਿਬ— ਸਾਡਾ ਤਾਂ ਉਥੇ ਦਾ ਉਥੇ ਰਹਿੰਦਾ ਹੈ ਪਰਨਾਲਾ ਸਾਹਿਬ"। ਮਨੋਹਰ ਪੁਰੇਵਾਲ ਦੇ ਇਸ ਸ਼ੇਅਰ ਕਿ 'ਵਿਦਾ ਗੱਲ੍ਹਾਂ ਦੇ ਟੋਇਆਂ 'ਤੇ ਨਾ ਦਿਸਦੇ ਸੜਕਾਂ ਦੇ ਟੋਏ, ਅਖੌਤੀ ਗੀਤਕਾਰਾਂ ਵਿਚ ਹੁਣ ਮੇਰਾ ਜੀਅ ਨਹੀਂ ਲਗਦਾ' ਵੀ ਬਹੁਤ ਸਲਾਹਿਆ ਗਿਆ। ਇਸ ਤੋਂ ਇਲਾਵਾ ਕ੍ਰਿਸ਼ਨ ਸਿੰਘ ਢੁੱਲ, ਸੁਜਾਨ ਸਿੰਘ ਸੁਜਾਨ, ਫਕੀਰ ਚੰਦ ਤੁਲੀ, ਸੰਤ ਸੰਧੂ, ਜਰਨੈਲ ਸਿੰਘ ਖਾਲਸਾ, ਜੋਗਿੰਦਰ ਸਿੰਘ ਘੁੰਮਣ, ਬਿਮਲਜੀਤ ਥਿੰਪਾ, ਇਕਵਿੰਦਰ, ਪ੍ਰੇਮ ਪਾਲ, ਗੁਰਦੇਵ ਸਿੰਘ ਕੁਲਵੰਤ ਸਿੰਘ ਆਦਿ ਕਵੀਆਂ ਨੇ ਹਿੱਸਾ ਲਿਆ। ਅੰਤ ਵਿਚ ਪ੍ਰਿੰ: ਰੂਪ ਲਾਲ ਰੂਪ ਤੇ ਹਰਮੀਤ ਸਿੰਘ ਅਟਵਾਲ ਨੇ ਆਏ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਹਰਮੀਤ ਸਿੰਘ ਅਟਵਾਲ ਨੇ ਨਿਭਾਈ।

—ਪ੍ਰਿੰ: ਰੂਪ ਲਾਲ ਰੂਪ

ਪ੍ਰਧਾਨ, ਪੰਜਾਬੀ ਸਾਹਿਤ ਸਭਾ ਆਦਮਪੁਰ,

(ਜਲੰਧਰ)

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਚੌਕ ਦਾ ਨੀਂਹ ਪੱਥਰ

ਐਲਨਾਬਾਦ, ੩ ਅਗਸਤ-ਇਥੋਂ ਦੇ ਨਜ਼ਦੀਕੀ ਪਿੰਡ ਅਮਰਤਸਰ ਕਲਾਂ ਅਤੇ ਬੁੱਢੀ ਮੇੜੀ ਦੀ ਹੱਦ ਉਤੇ ਪੈਂਦੇ ਚੌਕ ਜੋ ਕਿ ਐਲਾਨਾਬਾਦ-ਡੱਬਵਾਲੀ ਅਤੇ ਸਿਰਸਾ-ਗੋਬਰੀਆਂ ਸੜਕ ਉਤੇ ਹੈ, ਅੱਜ ਉਸ ਚੌਕ ਦਾ ਨਾਂਅ "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਚੌਕ" ਦੇ ਤੌਰ ਤੇ ਰੱਖਿਆ ਗਿਆ ਹੈ। ਯਾਦ ਰਹੇ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨਾਮਧਾਰੀ ਪੰਥ ਦੇ ਧਰਮ-ਗੁਰੂ ਸਨ। ਜਿਨ੍ਹਾਂ ਦਾ ਜੀਵਨ ਕਾਲ ੧੮੯੦ ਤੋਂ ਲੈ ਕੇ ੧੯੫੯ ਈ. ਤਕ ਰਿਹਾ ਹੈ। ਨਾਮਧਾਰੀ ਪੰਥ ਦੇ ਸੰਸਥਾਪਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਦੇ ਵਿਰੁੱਧ ਸਰਗਰਮੀਆਂ ਦੇ ਕਾਰਨ ੧੮੭੨ ਈ. ਵਿਚ ਸ੍ਰੀ ਭੈਣੀ ਸਾਹਿਬ (ਪੰਜਾਬ) ਤੋਂ ਦੇਸ-ਨਿਕਾਲਾ ਦੇ ਕੇ ਬਰ੍ਹਮਾ ਭੇਜ ਦਿੱਤਾ ਸੀ। ਉਨ੍ਹਾਂ ਤੋਂ ਬਾਅਦ ਨਾਮਧਾਰੀ ਪੰਥ ਦੀ ਅਗਵਾਈ ਉਨ੍ਹਾਂ ਦੇ ਛੋਟੇ ਭਰਾ ਸਤਿਗੁਰੂ ਹਰੀ ਸਿੰਘ ਜੀ (੧੮੨੦-੧੯੦੬ ਈ.) ਨੇ ਸੰਭਾਲੀ। ਸਤਿਗੁਰੂ ਹਰੀ ਸਿੰਘ ਜੀ ਦੇ ਵੱਡੇ ਸਪੁੱਤਰ ਸਤਿਗਰੂ ਪ੍ਰਤਾਪ ਸਿੰਘ ਨੇ ੧੯੫੩ ਈ.ਤੱਕ (੫੩ ਸਾਲ) ਨਾਮਧਾਰੀ ਪੰਥ ਦੀ ਅਗਵਾਈ ਕੀਤੀ। ਆਪ ਦੇ ਸਰੀਰ ਤਿਆਗਣ ਤੋਂ ਬਾਅਦ ਆਪ ਦੇ ਵੱਡੇ ਸਪੁੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ੧੯੫੯ ਈ. ਤੋਂ ਨਾਮਧਾਰੀ ਪੰਥ ਦੀ ਅਗਵਾਈ ਕਰ ਰਹੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨਾ ਕੇਵਲ ਨਾਮਧਾਰੀ ਜਾਂ ਸਿੱਖ ਸੰਪਰਦਾ, ਬਲਕਿ ਸਾਰੇ ਪੰਜਾਬ ਦੇ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵੀ ਆਪਣੀ ਉਦਾਰ ਸੋਚ, ਪਰਉਪਕਾਰ, ਨਾਮ-ਬਾਣੀ ਦਾ ਪ੍ਰਚਾਰ ਪ੍ਰਸਾਰ, ਹਿੰਦੂ-ਸਿੱਖ ਏਕਤਾ ਆਦਿ ਦੇ ਲਈ ਪ੍ਰਸਿੱਧ ਸਨ। ਜੀਵਨ ਨਗਰ ਏਰੀਏ ਦੀ ਸਮੁੱਚੀ ਨਾਮਧਾਰੀ ਸੰਗਤ ਉਨ੍ਹਾਂ ਨੂੰ ਇਸ ਇਲਾਕੇ ਦੇ ਸੰਸਥਾਪਕ ਦੇ ਤੌਰ 'ਤੇ ਭੀ ਯਾਦ ਕਰਦੀ ਹੈ। ਇਸ ਇਲਾਕੇ ਵਿਚ ਰਹਿਣ ਵਾਲੇ ਸਾਰੇ ਨਾਮਧਾਰੀਏ ਪਿਛਲੀਆਂ ਤਿੰਨ-ਚਾਰ ਪੀੜ੍ਹੀਆਂ ਤੋਂ ਉਹਨਾਂ ਦੇ ਪਿਆਰ ਵੱਸ ਵਿਚ ਬੱਝੇ ਹੋਏ ਸਨ। ਜੀਵਨ ਨਗਰ ਇਲਾਕੇ ਦੇ ਹਰ ਪਿੰਡ, ਗਲੀ-ਮੁਹੱਲੇ ਅਤੇ ਡੇਰਿਆਂ ਵਿਚ ਆਪ ਜੀ ਦੇ ਪਵਿੱਤਰ ਚਰਨ ਪਏ ਹਨ। ਇਸ ਲਈ ਆਪਣੇ ਸੰਸਥਾਪਕ

ਦੀ ਯਾਦ ਵਿਚ ਇਸ ਚੌਕ ਦਾ ਨਾਮਕਰਨ ਇਕ ਅੱਛੀ ਪਰੰਪਰਾ ਹੈ। ਇਸ ਕੰਮ ਲਈ ਲਿਖਤ ਮਨਜ਼ੂਰੀ ਹਰਿਆਣਾ ਸਰਕਾਰ ਤੋਂ ਸ੍ਰੀ ਆਸਾ ਸਿੰਘ ਸਪੁੱਤਰ ਸ੍ਰੀ ਰਘੁਬੀਰ ਸਿੰਘ ਵੰਨੀ ਪ੍ਰਤਾਪ ਨਗਰ ਨੇ ਪ੍ਰਾਪਤ ਕੀਤੀ।

ਨੀਂਹ-ਪੱਥਰ ਸਮਾਰੋਹ ਦੇ ਅਰੰਭ ਵਿਚ ਅਰਦਾਸ ਜਥੇਦਾਰ ਸੁਦਰਸ਼ਨ ਸਿੰਘ ਨੇ ਕੀਤੀ। ਇਸ ਮੌਕੇ ਦੀਦਾਰ ਸਿੰਘ, ਸਤਪਾਲ ਸਿੰਘ, ਸੰਪੂਰਨ ਸਿੰਘ, ਬਲੀ ਸਿੰਘ ਗੋਰਾਇਆ, ਕਾਮਰੇਡ ਜਸਵੰਤ ਸਿੰਘ ਜੋਸ਼, ਕਾਮਰੇਡ ਸੁਵਰਨ ਸਿੰਘ ਵਿਰਕ, ਸਾਧੂ ਸਿੰਘ ਕਿਸਾਨ, ਜਿੰਦਰ ਸਿੰਘ, ਗੁਰਦੇਵ ਸਿੰਘ, ਪੂਰਨ ਸਿੰਘ, ਦਰਸ਼ਨ ਸਿੰਘ, ਹਰਦਿਆਲ ਸਿੰਘ ਸਰਪੰਚ ਬੁੱਢੀ ਮੈੜੀ, ਸੂਬਾ ਬਲਦੇਵ ਸਿੰਘ, ਰਾਜਿੰਦਰ ਸਿੰਘ, ਸਵਿੰਦਰ ਸਿੰਘ ਲਾਲੀ, ਸਵਰਨ ਸਿੰਘ ਭਿੰਡਰ, ਗੁਰਦੀਪ ਸਿੰਘ ਚੱਠਾ, ਸੁਰਜੀਤ ਸਿੰਘ ਮਾਂਗਟ, ਬਲਦੇਵ ਸਿੰਘ ਗੋਰਾਇਆ ਆਦਿ ਮੌਜੂਦ ਸਨ।

ਰਿਪੋਰਟ: ਬਲੀ ਸਿੰਘ ਗੋਰਾਇਆ

ਧਵਨ ਦਾ ਸਨਮਾਨ

ਪੰਜਾਬੀ ਸਾਹਿਤ ਸਭਾ ਸਿਰਸਾ ਅਤੇ ਸੰਘਰਸ਼ ਵੈੱਲਫੇਅਰ ਸੁਸਾਇਟੀ ਸਿਰਸਾ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਹੋਟਲ ਕਬੀਰ ਸਿਰਸਾ ਦੇ ਮੀਟਿੰਗ ਹਾਲ ਵਿਖੇ ਪੰਜਾਬੀ ਸਾਹਿਤ ਸਭਾ ਸਿਰਸਾ ਦਾ ਸੋਹਲਵਾਂ ਸਾਲਾਨਾ ਸਮਾਗਮ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਸਰਵ ਸ੍ਰੀ ਅਨੰਦ ਮੋਹਣ ਸਿੰਘ, ਜਗਦੀਸ਼ ਚੋਪੜਾ, ਰਮੇਸ਼ ਮਹਿਤਾ, ਸਰਨ ਮਿੱਤਰ ਕੰਬੋਜ, ਰਘੁਬੀਰ ਸਿੰਘ ਬਾਜਵਾ ਅਤੇ ਜੀ. ਡੀ. ਚੌਧਰੀ ਨੇ ਕੀਤੀ।

ਮੰਚ ਸੰਚਾਲਕ ਡਾ. ਦਰਸ਼ਨ ਸਿੰਘ ਨੇ ਸਮਾਗਮ ਦੀ ਸ਼ੁਰੂਆਤ ਕਰਨ ਲਈ ਸਭਾ ਦੇ ਕਾਰਕੁਨਾਂ ਨੂੰ ਬੁਲਾ ਕੇ ਸਮਾਗਮ ਦੇ ਨਾਇਕ ਪੰਜਾਬੀ, ਹਿੰਦੀ ਤੇ ਉਰਦੂ ਦੇ ਉਸਤਾਦ ਸ਼ਾਇਰ ਜਨਾਬ ਡੀ. ਆਰ. ਧਵਨ ਨੂੰ ਉਨ੍ਹਾਂ ਦੀਆਂ ਸਾਹਿਤ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਸਨਮਾਨਿਤ ਕੀਤਾ। ਸਨਮਾਨ ਵਜੋਂ ਪੰਜਾਬੀ ਸਾਹਿਤ ਸਭਾ ਸਿਰਸਾ ਤੇ ਸੰਘਰਸ਼ ਵੈੱਲਫੇਅਰ ਸੁਸਾਇਟੀ ਵੱਲੋਂ ਸ੍ਰੀ ਧਵਨ ੨੧੦੦ ਰੁਪਏ ਨਕਦ, ਇਕ ਸ਼ਾਲ, ਇਕ ਸਭਾ ਦਾ ਮੋਮੈਂਟੋ ਤੇ ਸਭਾ ਵੱਲੋਂ ਮਾਣ-ਪੱਤਰ ਭੇਟ ਕੀਤਾ ਗਿਆ। ਸ੍ਰੀ ਧਵਨ ਨੇ ਆਪਣੇ ਸਾਹਿਤਕ ਸਫਰ ਬਾਰੇ ਬੋਲਦੇ ਹੋਏ ਦੱਸਿਆ ਕਿ ਉਹ ੧੫ ਸਾਲਾਂ ਦੀ ਉਮਰ ਤੋਂ ਲਿਖਦੇ ਆ ਰਹੇ ਹਨ, ਸਵਰਗੀ ਸ੍ਰੀ ਦੀਪਕ ਜੈਤੋਈ ਦੇ ਬਾਕਾਇਦਾ ਸ਼ਾਗਿਰਦ ਅਤੇ ਜਾਨਸ਼ੀਨ ਸਥਾਪਿਤ ਹਨ। ਪੰਜ ਪੁਸਤਕਾਂ ਉਹ ਸੂਰਜਮੁਖੀ (ਪੰਜਾਬੀ ਗ਼ਜ਼ਲ), ਪ੍ਰਵਾਜ਼ (ਉਰਦੂ ਗ਼ਜ਼ਲ), ਤ੍ਰਿਵੇਣੀ (ਪੰਜਾਬੀ ਗੀਤ ਗ਼ਜ਼ਲ), ਥੜ੍ਹੇ ਚਲੋ (ਹਿੰਦੀ ਗੀਤ), ਨੱਚਦੇ ਬੋਲ (ਪੰਜਾਬੀ ਗੀਤ) ਸਾਹਿਤ ਜਗਤ ਵਿਚ ਹਿੱਸਾ ਪਾ ਚੁੱਕੇ ਹਨ। ਅੱਠ ਦਸ ਕਿਤਾਬਾਂ ਛਪਣ ਵਾਲੀਆਂ ਹਨ ਅਤੇ ਮਹੱਤਵਪੂਰਨ ਪ੍ਰਾਪਤੀ ਉਨ੍ਹਾਂ ਦੀ ੭੨੧ ਸ਼ਿਅਰਾਂ ਦੀ ਇਕ ਗ਼ਜ਼ਲ। ਸ੍ਰੀ ਧਵਨ ਨੇ ਸਰੋਤਿਆਂ ਵੱਲੋਂ ਕੀਤੇ ਇਕ ਪ੍ਰਸ਼ਨ ਦੇ ਉੱਤਰ ਵਿਚ ਆਖਿਆ ਕਿ ਅੱਜ ਇਸ ਤਰ੍ਹਾਂ ਦਾ ਸਾਹਿਤ ਰਚਣ ਦੀ ਜ਼ਰੂਰਤ ਹੈ, ਜਿਸਦੀ ਸਾਡੇ ਭਾਰਤੀ ਸਮਾਜ ਨੂੰ ਬੇਹੱਦ ਲੋੜ ਹੈ। ਕਿਉਂਕਿ ਕਵਿਤਾ ਸਮਾਜ ਦਾ ਆਈਨਾ ਹੈ ਅਤੇ ਸਾਡਾ ਸਮਾਜ ਜਿਹੜੇ ਹਾਲਾਤ ਨਾਲ ਪੇਸ਼-ਪੇਸ਼ ਹੈ ਉਸ ਨੂੰ ਆਈਨੇ ਦੀ ਜ਼ਰੂਰਤ ਹੈ। ਇਸਸਮੇਂ ਕਵੀ ਦਰਬਾਰ ਵੀ ਹੋਇਆ।

ਦਲਬੀਰ ਸਿੰਘ ਤਰਸ ਦਾ ਸਪੱਸ਼ਟੀਕਰਨ

੧੩.੮.੨੦੦੬ ਨੂੰ ਮੁਠੱਡਾ ਵਿਖੇ ਸਾਹਿਤ ਸਮਾਗਮ ਸਮੇਂ ਸ. ਸਵਰਨ ਸਿੰਘ ਸਨੇਹੀ ਦੀਆਂ ਟਿੱਪਣੀਆਂ ਦੇ ਉੱਤਰ ਵਿਚ।

੧. ਨਾਲ ਤੇ ਨਾਂ :- ਕਵਿਤਾ ਦੇ ਵਹਾ ਵਿਚ ਤੇ ਪੂਰੀ ਰਵਾਨਗੀ ਵਿਚ ਜਾਂ ਤੋਲ ਵਿਚ ਇਹ ਵਾਧ-ਘਾਟ ਕਵੀ ਜਾਣ ਕੇ ਕਰਦਾ ਹੈ। ਅਜਿਹੀਆਂ ਮਸਾਲਾਂ ਤੁਹਾਡੇ ਗੁਰਬਾਣੀ ਵਿਚ ਪੈਰ-ਪੈਰ 'ਤੇ ਮਿਲਣਗੀਆਂ। ਮੈਂ ਇਸ ਦੀ ਵਰਤੋਂ ਆਪ ਕੀਤੀ ਹੈ। ਕਈ ਵੇਰ ਤੇ ਨਨੇ ਦਾ ਕਨਾ ਵੀ ਉਡਾਇਆ। ਇਹ ਮੈਂ ਜਾਣ ਕੇ ਵਰਤਿਆ-ਕਵਿਤਾ ਵਿਚ ਵਜ਼ਨ ਦਾ ਖਿਆਲ ਰੱਖਣਾ ਪੈਂਦਾ ਹੈ।

੨. ਮੇਰੇ ਖਿਆਲ ਵਿਚ :- ਭਗਤ ਸਿੰਘ ਸਪੁੱਤਰ ਕਿਸ਼ਨ ਸਿੰਘ ਤੇ ਕਿਸ਼ਨ ਸਿੰਘ-ਪਿਤਾ-ਭਗਤ ਸਿੰਘ ਵਿਚ ਕੋਈ ਫ਼ਰਕ ਨਹੀਂ-ਵਿਚਾਰ ਕੇ ਦੇਖ ਲਓ।

੩. ਤੰਦ ਟੁੱਟਦੀ ਹੈ ਤਿੜਕਦੀ ਨਹੀਂ :- ਮੈਨੂੰ ਬਹੁਤੀਆਂ ਕਵਿਤਾਵਾਂ ਯਾਦ ਨਹੀਂ-ਇਥੇ ਦੇਖਣ ਵਾਲੀ ਗੱਲ ਇਹ ਹੈ ਕਿ ਮੈਂ ਤੰਦ ਆਖਿਆ ਕਿਸ ਨੂੰ। ਮੈਨੂੰ ਯਕੀਨ ਹੈ ਮੇਰੀ ਕਿਸੇ ਕਿਤਾਬ ਵਿਚ ਚਰਖੀ ਵਾਲੀ ਤੰਦ ਦਾ ਵਰਨਣ ਨਹੀਂ ਹੈ। ਇਹ ਤੰਦ ਟੁਟਦੀ ਹੀ ਟੁੱਟਦੀ ਹੈ, ਪ੍ਰੰਤੂ ਜੀਵਨ ਦੀ ਤੰਦ ਟੁੱਟਣ ਤੋਂ ਪਹਿਲਾਂ ਤਿੜਕ ਵੀ ਸਕਦੀ ਹੈ।

"ਤੰਦ ਬੜੇ ਨਾਜ਼ਕ ਧਾਗੇ ਦਾ ਨਾਂ ਹੈ ਇਹ ਕਵੀ ਤੇ ਮੁਨੱਸਰ ਹੈ ਉਹ ਇਸ ਦੀ ਵਰਤੋਂ ਕਿਧਰ ਕਰਦਾ ਹੈ।

ਰਪੀਟ (ਪੁਸਤਕ ਵਿਚ ਰਚਨਾ ਦੋਬਾਰਾ ਛੱਪ ਜਾਣ ਬਾਰੇ) ਮੈਂ ਭੀ ਇਕ ਵੇਰ ਦੇਖੀ ਸੀ-ਦਖਾਈ ਗਈ ਸੀ। ਇਹ ਫਾਈਨਲ ਚੈਕਿੰਗ ਤੇ ਬਾਦ ਜਾਂ ਮੈਥੋਂ ਦੋ ਵੇਰ ਪੜ੍ਹੀ ਗਈ, ਪਰ ਇਸ ਵਿਚ ਕੋਈ ਵੱਡੀ ਗਲਤੀ ਨਹੀਂ। ਵਰਕਾ ਉਲਟ ਅੱਗੇ ਹੋ ਜਾਓ। ਮਿਸ ਹੋਣਾ ਜ਼ਰਾ ਰੜਕਦਾ ਹੈ। (ਇਕ ਸਫ਼ੇ ਦਾ ਖਰਚ ਵਾਧੂ ਪੈ ਗਿਆ ਉਹ ਮੇਰਾ ਹੈ)

ਬੋਲੀ ਤੂੰ ਜਿੰਨੇ ਭੀ ਸ਼ਾਨਦਾਰ ਗਹਿਣਿਆਂ ਨਾਲ ਸਜਾਇਆ ਜਾਵੇ ਉਸ ਦੀ ਸੁੰਦਰਤਾ ਨੂੰ ਚਾਰ ਚੰਦ ਲਗਦੇ ਹਨ। ਇਸ ਤੋਂ ਅੱਗੇ ਗੌਣ ਵਾਲਾ ਇਸ ਦੀ ਭੀ ਕਾਂਟ ਛਾਂਟ ਕਰਦਾ ਹੈ। ਰਸ ਪੈਦਾ ਕਰਨਾ ਹੈ। ਇਸ ਦਾ ਨਾਮ ਹੀ ਕਲਾ ਹੈ।

ਘਰ ਸੜਦਾ ਰਿਹਾ ਤੇ ਉਹ ਮੈਚ ਵੇਖਦਾ ਰਿਹਾ

ਪੇਈਚਿੰਗ ਚੀਨ, ੨੯ ਜੂਨ (ਰਾਇਟਰਜ਼)-ਵਿਸ਼ਵ ਕੱਪ ਫੁੱਟਬਾਲ 'ਚ ਜਦੋਂ ਮੰਗਲਵਾਰ ਨੂੰ ਫਰਾਂਸ ਅਤੇ ਸਪੇਨ ਦਰਮਿਆਨ ਮੁਕਾਬਲਾ ਹੋ ਰਿਹਾ ਸੀ ਤਾਂ ਇਥੇ ਇਹ ਮੈਚ ਦੇਖ ਰਹੇ ਖੇਡ ਪ੍ਰੇਮੀ ਦੇ ਘਰ ਨੂੰ ਅੱਗ ਲੱਗ ਗਈ ਪਰ ਉਸ ਨੇ ਅੱਗ ਨਾਲ ਸੜਦੇ ਘਰ ਦੀ ਪ੍ਰਵਾਹ ਕੀਤੇ ਬਗੈਰ ਮੈਚ ਵੇਖਣਾ ਜਾਰੀ ਰੱਖਿਆ।

ਇਥੋਂ ਦੇ ਅਖਬਾਰ 'ਮੈਸੰਜਰ' ਵਿਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਚੀਨ ਦੀ ਰਾਜਧਾਨੀ ਦੇ ਵਿਚਕਾਰ ਸਥਿਤ ਇਸ ਮਕਾਨ ਵਿਚ ਜਦੋਂ ਅੱਗ ਲੱਗੀ ਤਾਂ ਸਥਾਨਕ ਸਮੇਂ ਅਨੁਸਾਰ ਸਵੇਰ ਦੇ ਤਿੰਨ ਵੱਜੇ ਸਨ। ਇਹ ਉਹੋ ਸਮਾਂ ਸੀ ਜਦੋਂ ਹੈਨੋਵਰ ਵਿੱਚ ਮੈਚ ਸ਼ੁਰੂ ਹੋ ਰਿਹਾ ਸੀ। ਇਸ ਵਿਅਕਤੀ ਦੀ ਪਤਨੀ ਨੇ ਦੱਸਿਆ ਕਿ ਜਦੋਂ ਗੁਆਂਢੀਆਂ ਨੇ ਅੱਗ ਲੱਗਣ ਦਾ ਰੌਲਾ ਪਾਇਆ ਤਾਂ ਉਹ ਆਪਣੇ ਛੋਟੇ ਬੱਚੇ ਨੂੰ ਚੁੱਕ ਕੇ ਬਾਹਰ ਨੂੰ ਭੱਜੀ ਪਰ ਉਸ ਦੇ ਪਤੀ ਨੇ ਅੱਗ ਦੀ ਪ੍ਰਵਾਹ ਕੀਤੇ ਬਗੈਰ ਟੈਲੀਵਿਜ਼ਨ ਚੁੱਕ ਲਿਆ ਅਤੇ ਬਾਹਰ ਤੁਰ ਗਿਆ।

ਬਾਹਰ ਜਾ ਕੇ ਉਸ ਨੇ ਸਭ ਤੋਂ ਪਹਿਲਾਂ ਨੇੜਲੇ ਘਰਾਂ ਵਿਚ ਬਿਜਲੀ ਦਾ ਪਲੱਗ ਲੱਭਿਆ ਅਤੇ ਟੈਲੀਵਿਜ਼ਨ ਚਲਾ ਕੇ ਮੁੜ ਮੈਚ ਦੇਖਣ ਲੱਗ ਪਿਆ। ਜਰਮਨੀ ਦਾ ਸਮਾਂ ਚੀਨ ਨਾਲੋਂ ੬ ਘੰਟੇ ਪਿੱਛੇ ਹੈ ਜਿਸ ਕਾਰਨ ਖੇਡ ਪ੍ਰੇਮੀਆਂ ਨੂੰ ਮੂੰਹ ਹਨੇਰੇ ਉਠ ਕੇ ਜਾਂ ਦੇਰ ਰਾਤ ਤੱਕ ਜਾਗ ਕੇ ਮੈਚ ਵੇਖਣੇ ਪੈਂਦੇ ਹਨ।

ਇਸੇ ਤਰ੍ਹਾਂ ਇਥੇ ਨੌਕਰੀ ਕਰ ਰਿਹਾ ਇਕ ਵਿਅਕਤੀ ਆਪਣਾ ਕੰਮ ਛੱਡ ਕੇ ਜੱਦੀ ਪਿੰਡ ਕੋਹਨਗਿੰਗ ਚਲਾ ਗਿਆ ਤਾਂ ਜੋ ਉਹ ਬਿਨਾ ਕਿਸੇ ਵਿਘਨ ਦੇ ਵਿਸ਼ਵ ਕੱਪ ਦੇ ਸਾਰੇ ਮੈਚ ਦੇਖ ਸਕੇ। ਖਬਰ ਏਜੰਸੀ ਜ਼ਿਨਹੂਆ ਅਨੁਸਾਰ ਉਸ ਦੀ ਆਈ. ਟੀ. ਕੰਪਨੀ ਦੇ ਮਾਲਕ ਨੇ ਤਨਖਾਹ ਵਧਾਉਣ ਦੀ ਪੇਸ਼ਕਸ਼ ਵੀ ਕੀਤੀ ਪਰ ਉਸ ਨੇ ਨੌਕਰੀ ਦੀ ਥਾਂ ਵਿਸ਼ਵ ਕੱਪ ਨੂੰ ਪਹਿਲ ਦਿੱਤੀ।

—ਪੰਜਾਬੀ ਟ੍ਰਿਬਿਊਨ
੩੦, ਜੂਨ ੨੦੦੬

'ਨਿੱਕੀ ਕਹਾਣੀ

'ਬੇਫ਼ਿਕਰ'

—ਨੀਲਮ ਸੰਜੀਵ

"ਮਾਂ ਤੈਨੂੰ ਪਤਾ ਸਾਡਾ ਦੇਸ਼ ਦੇ ਪ੍ਰਧਾਨ ਮੰਤਰੀ ਕਦੋਂ ਦੇ ਸੱਠ ਸਾਲ ਦੇ ਹੋ ਚੁੱਕੇ ਐ ? "ਮੁੰਡੇ ਨੇ ਸਕੂਲੋਂ ਆਉਂਦੇ ਕਿਹਾ।

"ਪੁੱਤ ਤੂੰ ਰੋਟੀ ਖਾਹ ਅਸੀਂ ਕੀ ਲੈਣਾ ਦੇਣਾ।"

"ਕਿਉਂ ? ਇਹ ਤਾਂ ਰਟੈਰ ਹੋਏ ਨੀ। ਮੇਰਾ ਬਾਪੂ ਤਾਂ ਰਟੈਰ ਹੋ ਕੇ ਘਰੇ ਈ ਰਹਿੰਦਾ ਕੰਮ ਤੇ ਜਾਂਦਾ ਈ ਨੀ।"

"ਪੁੱਤ ਜਦੋਂ ਬੰਦਾ ਸੱਠ ਸਾਲ ਦਾ ਹੋ ਜਾਂਦਾ ਨਾ ਉਹ ਕੰਮ ਕਰਨ ਦੇ ਯੋਗ ਨਹੀਂ ਰਹਿੰਦਾ, ਉਹ ਬੁੱਢਾ ਜੋ ਹੋ ਜਾਂਦਾ।" ਮਾਂ ਨੇ ਸਮਝ ਮੁਤਾਬਿਕ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਪਰ ਮਾਂ ਸਾਡੇ ਦੇਸ਼ ਦੇ ਨੇਤਾ ਤਾਂ ਸਾਰੇ ਈ ਬੁੱਢੇ ਨੇ। ਕੀ ਇਹ ਕੰਮ ਕਰਨ ਦੇ ਯੋਗ ਹਨ ? ਮੇਰਾ ਬਾਪੂ ਤਾਂ ਅਜੇ ਬਹੁਤ ਜਵਾਨ ਲਗਦਾ, ਬੁੱਢਾ ਲਗਦਾ ਈ ਨੀ।"

"ਪੁੱਤ ਕੀਤਾ ਕੀ ਜਾ ਸਕਦਾ ?"

"ਮਾਂ ਜੇ ਚਾਹੀਏ ਤਾਂ ਸਭ ਕੁੱਛ ਹੋ ਸਕਦਾ।"

"ਉਹ ਕਿਵੇਂ ? ਮਾਂ ਬੋਲੀ।

"ਮੈਂ ਹੁਣੇ ਈ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਦਾ ਹਾਂ ਕਿ—

ਅਜੇ ਤਾਂ ਮੇਰਾ ਬਾਪੂ ਤੁਹਾਡੇ ਵਾਂਗ ਬੁੱਢਾ ਨੀ ਲਗਦਾ,
ਉਹਦੇ ਸਿਰ ਤੇ ਬੜਾ ਕਰਜ਼ਾ ਹੈ।
ਉਹਨੇ ਹਾਲੇ ਮਕਾਨ ਵੀ ਪਾਉਣਾ ਹੈ।
ਮੇਰੀਆਂ ਦੋ ਭੈਣਾਂ ਦੇ ਵਿਆਹ ਵੀ ਕਰਨੇ ਹਨ।
ਮੈਨੂੰ ਵੀ ਹਾਲੇ ਪੜ੍ਹਾਉਣਾ ਹੈ।
ਤੁਸੀਂ ਆਪਣੇ ਵਾਂਗ ਉਹਨੂੰ ਮੁੜ ਕੰਮ ਤੇ ਲਵਾ ਦਿਉ।"

ਖਤ ਡਾਕ ਵਿਚ ਪਾ ਕੇ ਉਹ ਬੇ ਫਿਕਰ ਹੋ ਕੇ ਰੋਟੀ ਖਾਣ ਲੱਗਾ।

19—ਸ਼ੂਗਰ ਮਿੱਲ, ਫਗਵਾੜਾ

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ

੧੯੪੭ ਦੇ ਬਟਵਾਰੇ ਤੋਂ ਬਾਦ ਜਦੋਂ ਏਸ ਇਲਾਕੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੁਚੇ ਪੰਜਾਬ ਦੇ ਨਾਮਧਾਰੀਆਂ ਨੂੰ ਵਸਾਇਆ ਤਾਂ ਜਿਥੇ ਸਤਿਗੁਰੂ ਜੀ ਦੀ ਪਰੇਰਨਾ ਦੁਆਰਾ ਇਹ ਸ੍ਰੀ ਜੀਵਨ ਨਗਰ ਦਾ ਬੰਜਰ ਇਲਾਕਾ ਲੋਕਾਂ ਨੇ ਕਰੜੀ ਮਿਹਨਤ ਨਾਲ ਆਬਾਦ ਕੀਤਾ, ਓਥੇ ਜੀਵਨ ਦੀਆਂ ਹੋਰ ਲੋੜਾਂ ਦੇ ਨਾਲ ਨਾਲ ਵਿੱਦਿਆ ਵਲ ਧਿਆਨ ਦਿੱਤਾ ਜਾਣਾ ਜ਼ਰੂਰੀ ਸਮਝਿਆ ਗਿਆ। ਏਸੇ ਲੋੜ ਦੀ ਪੂਰਤੀ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੫੭ ਵਿਚ ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੀ ਨੀਂਹ ਰੱਖੀ। ਸਮੇਂ ਮੁਤਾਬਕ ਛੱਪਰਾਂ ਵਿਚ ਹੀ ਇਹ ਵਿਦਿਆਲਾ ਅਰੰਭ ਹੋਇਆ ਜਿੱਥੇ ਅਜ ਸ਼ਾਨਦਾਰ ਇਮਾਰਤਾਂ ਹਨ।

ਵਿਦਿਆਲਾ ਅਰੰਭ ਹੋਣ ਦੇ ਨਾਲ ਹੀ ਇਲਾਕੇ ਵਿਚ ਸਾਹਿਤਕ ਸਰਗਰਮੀਆਂ ਵੀ ਸ਼ੁਰੂ ਹੋਈਆਂ ਸੁਭਾਵਕ ਹੀ ਸਨ। ਸੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਵਿੱਤਰ ਪਰੇਰਨਾ ਸਦਕਾ ਨਾਮਧਾਰੀ ਪੰਥ ਦੇ ਮਹਾਨ ਕਵੀ ਅਤੇ ਇਤਿਹਾਸਕਾਰ ਸੰਤ ਤਰਨ ਸਿੰਘ ਜੀ ਵਹਿਮੀ ਹੁਰਾਂ ਦੇ ਜਤਨ ਨਾਲ ਇਲਾਕੇ ਦੇ ਕਵੀਆਂ ਤੇ ਰਚਨਾਕਾਰਾਂ ਨੂੰ ਇਕੱਠਾ ਕਰਕੇ ਸਾਹਿਤ ਰਚਨਾ ਦਾ ਰਾਹ ਵਖਾਇਆ। ਉਹਨਾਂ ਦੇ ਉੱਦਮ ਸਦਕਾ ਇਲਾਕੇ ਦੇ ਰਚਨਾਕਾਰਾਂ ਨੇ ਹਰ ਮਹੀਨੇ ਕੱਠੇ ਹੋ ਕੇ ਆਪਣੀਆਂ ਰਚਨਾਵਾਂ ਪੜ੍ਹਨੀਆਂ ਅਰੰਭ ਕੀਤੀਆਂ। ਇਸ ਵਿਚ ਸੰਤ ਸਰਧਾ ਸਿੰਘ ਨਿਮਾਣਾ, ਸੰਤ ਜੀਵਨ ਸਿੰਘ ਕਵੀਸ਼ਰ, ਗੁਰਦਿਤ ਸਿੰਘ ਕੁੰਦਨ, ਕਰਮ ਸਿੰਘ ਬਾਲਮ, ਸੰਤੋਖ ਸਿੰਘ ਸਾਜਨ, ਸਾਧੂ ਸਿੰਘ ਕਿਸਾਨ, ਅਮਰੀਕ ਸਿੰਘ, ਸੰਤ ਰਾਮ ਉਦਾਸੀ, ਪ੍ਰਕਾਸ਼ ਰਾਏਸਰੀ, ਕਿਹਰ ਸਿੰਘ ਹਮਰਾਹੀ, ਗੁਰਭਜਨ ਸਿੰਘ, ਬਲਬੀਰ ਸਿੰਘ ਢਿਲੋਂ, ਜਸਵੰਤ ਸਿੰਘ ਜੋਸ਼, ਜੋਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਪ੍ਰੀਤ, ਗੁਰਮੇਲ ਸਿੰਘ ਹੰਸ, ਵਰਿਆਮ ਸਿੰਘ ਪਿਆਸਾ ਸਾਰੇ ਸ਼ਾਮਲ ਹੁੰਦੇ ਰਹੇ।

ਸ. ਹਰਭਜਨ ਸਿੰਘ ਪਰਵਾਨਾ, ਗੁਰਦੇਵ ਸਿੰਘ ਕੋਇਲ, ਰਾਗੀ ਹਰਭਜਨ ਸਿੰਘ, ਗੁਰਦੇਵ ਸਿੰਘ, ਸੁਰਜੀਤ ਸਿੰਘ ਮੱਤੂ (ਹਾਲ ਯੂ.ਕੇ. ਨਿਵਾਸੀ) ਵੀ ਇਸ ਕਾਰਵਾਂ ਦੇ ਰੁਕਨ ਰਹੇ ਹਨ। ਸ. ਬੇਅੰਤ ਸਿੰਘ ਸੋਖਲ ਜੋ ਅੱਜ ਕੱਲ ਥਾਇਲੈਂਡ ਰਹਿੰਦੇ ਹਨ, ਸਾਡੀ ਸਭਾ ਦੇ ਉਘੇ ਰਚਨਾਕਾਰ ਹਨ।

ਪਰ.੧੯੬੦ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਣ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ-ਛਾਇਆ ਹੇਠ ਸ. ਪ੍ਰੀਤਮ ਸਿੰਘ ਜੀ ਕਵੀ ਐਡੀਟਰ "ਸਤਿਜੁਗ" ਦੇ ਉੱਦਮ ਨਾਲ ਨਾਮਧਾਰੀ ਸਾਹਿਤ ਸਭਾ ਨਿਯਮ ਬੱਧ ਢੰਗ ਨਾਲ ਸੰਗਠਿਤ ਹੋਈ। ਹਰ ਮਹੀਨੇ ਮੀਟਿੰਗ ਹੁੰਦੀ, ਤੇ ਕਵੀ ਦਰਬਾਰ ਜਾਂ ਕੋਈ ਸਾਹਿਤਕ ਪ੍ਰੋਗਰਾਮ ਹੁੰਦਾ ਰਹਿੰਦਾ।

ਏਸੇ ਸਾਲ ਹੀ ਸਭਾ ਵਲੋਂ ਇਕ ਛੋਟੀ ਪੁਸਤਿਕਾ "ਪਹਿਲਾ ਉਭਾਰ" ਦੇ ਨਾਂ ਨਾਲ ਪ੍ਰਕਾਸ਼ਤ ਹੋਈ। ਜਿਸ ਵਿਚ ਕਰੀਬ ਸਾਰੇ ਸਭਾ ਵਿਚ ਸ਼ਾਮਲ ਸਾਹਿੱਤਕਾਰਾਂ ਦੀਆਂ ਰਚਨਾਵਾਂ ਸ਼ਾਮਲ ਸਨ। ਹਰ ਕਵੀ ਦਾ ਪਰੀਚੇ ਬੜੇ ਸੋਹਣੇ ਢੰਗ ਨਾਲ ਮਾਸਟਰ ਅਮਰੀਕ ਸਿੰਘ ਨੇ ਲਿਖੇ।

ਮਾਰਚ ੧੯੬੨ ਵਿਚ ਸਭਾ ਨੇ ਮਾਸਟਰ ਅਮਰੀਕ ਸਿੰਘ ਦੀਆਂ ਗ਼ਜ਼ਲਾਂ ਤੇ ਗੀਤਾਂ ਦੀ ਪੁਸਤਕ "ਪੰਖੜੀਆਂ" ਨਾਮ ਹੇਠ ਪ੍ਰਕਾਸ਼ਤ ਕੀਤੀ, ਜੋ ਆਮ ਲੋਕਾਂ ਨੇ ਬਹੁਤ ਪਸੰਦ ਕੀਤੀ। ਇਸ ਤੋਂ ਬਾਦ ਏਸ ਸਭਾ ਦੇ ਸੰਸਥਾਪਕ ਮਹਾਨ ਇਤਿਹਾਸਕਾਰ ਤੇ ਮੂਲ ਰੂਪ ਵਿਚ ਮਹਾਨ ਕਵੀ ਸੰਤ ਤਰਨ ਸਿੰਘ ਜੀ "ਵਹਿਮੀ" ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਤੇ ਆਧਾਰਤ "ਜੱਸ ਜੀਵਨ" ਛਪਵਾਈ, ਜਿਸ ਦੀਆਂ ਕਰੀਬ ੬ ਜਿਲਦਾਂ ਉਹਨਾਂ ਤੋਂ ਬਾਦ ਵੀ ਛਪੀਆਂ।

ਇਹ "ਜੱਸ-ਜੀਵਨ" ਨਿਰੀ ਧਾਰਮਿਕ ਪੁਸਤਕ ਹੀ ਨਹੀਂ ਸਗੋਂ ਸਮੁੱਚੇ ਸਮਾਜਕ ਤੇ ਰਾਜਸੀ ਹਾਲਾਤ ਤੇ ਇਕ ਭਰਵੀਂ ਝਾਤ ਹੈ। ਓਸ ਜ਼ਮਾਨੇ ਦੇ ਸਿਆਸੀ ਤੇ ਸਮਾਜੀ ਰੱਦੋਬਦਲ ਨੂੰ ਵੀ ਵਹਿਮੀ ਜੀ ਨੇ ਬੜੇ ਸੋਹਣੇ ਢੰਗ ਨਾਲ ਉਜਾਗਰ ਕੀਤਾ। ਉਹਨਾਂ ਦੇ ਸਵਰਗਵਾਸ ਤੋਂ ਬਾਦ ਉਹਨਾਂ ਦੇ ਸਪੁੱਤਰ ਸਾਧੂ ਸਿੰਘ ਕਿਸਾਨ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਪਰੇਰਨਾ ਦੁਆਰਾ ਸੋਧ ਕੇ ਛਪਵਾਇਆ। ਹਰਿਆਣਾ ਦੇ ਭਾਈ ਸੰਤੋਖ ਸਿੰਘ ਤੋਂ ਬਾਦ ਸੰਤ ਤਰਨ ਸਿੰਘ ਹੀ ਪੰਜਾਬੀ ਵਿਚ ਇਤਨਾ ਕੁਝ ਲਿਖਣ ਵਾਲੇ ਹਨ।

ਏਸ ਦੌਰਾਨ ਹੀ ਸ. ਪ੍ਰੀਤਮ ਸਿੰਘ ਕਵੀ ਜੀ ਦਿੱਲੀ ਚਲੇ ਗਏ, ਪਰ ਉਹਨਾਂ ਦੀ ਅੰਤਰ ਪ੍ਰੇਰਨਾ ਸਭਾ ਨੂੰ ਮਿਲਦੀ ਰਹੀ। ਦਿੱਲੀ ਜਾ ਕੇ ਕਵੀ ਜੀ ਨੇ ਇਤਨਾ ਲਿਖਿਆ ਕਿ ਕੋਈ ਆਮ ਆਦਮੀ ਏਨਾ ਨਹੀਂ ਲਿਖ ਸਕਦਾ। ਉਹਨਾਂ ਦੀ ਏਹ ਲੇਖਣੀ ਛੇ ਛੇ ਸੌ ਸਫੇ ਦੀਆਂ ਗਿਆਰਾਂ ਜਿਲਦਾਂ ਵਿਚ ਛਪੀ। ਉਸ ਪੁਸਤਕ ਦਾ ਨਾਂ ਉਹਨਾਂ ਬੜਾ ਰੋਚਕ ਰਖਿਆ "ਬੀਤੇ ਦੀਆਂ ਪੈੜਾਂ" ਇਹ ਪੁਸਤਕ ਡਾਇਰੀ ਦੇ ਰੂਪ ਵਿਚ ਹੈ ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਨਿੱਤ ਦੇ ਪ੍ਰੋਗਰਾਮਾਂ ਦਾ ਵੇਰਵਾ ਤਾਂ ਹੈ ਹੀ, ਹੋਰ ਬੜਾ ਕੁਝ ਇਸ਼ਾਰਤਨ

ਕਵੀ ਜੀ ਨੇ ਭਰਿਆ ਹੈ।

ਸਭਾ ਵਲੋਂ ਇਕ ਪੁਸਤਕ ਸੰਤੋਖ ਸਿੰਘ ਸਾਜਨ ਦੀ ਰਚਨਾ "ਤੱਪ ਦਾ ਹਾਣੀ" ਕਹਾਣੀਆਂ ਛਪੀ, ਫੇਰ ਇਕ ਪੁਸਤਕ "ਸੁਨਹਿਰੀ ਬੋਲ" ਪ੍ਰਕਾਸ਼ਤ ਹੋਈ ਜਿਸ ਵਿਚ ਸਭਾ ਦੇ ਸਮੁਚੇ ਰਚਨਾਕਾਰ ਸ਼ੁਸ਼ੋਭਤ ਹੋਏ। ਬਲਬੀਰ ਸਿੰਘ ਵਿਲੋਂ ਦੀਆਂ ਦੋ ਪੁਸਤਕਾਂ ਕਵਿਤਾ ਵਿਚ ਪ੍ਰਕਾਸ਼ਿਤ ਹੋਈਆਂ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਦਾ ਇਹ ਪ੍ਰਕਾਸ਼ਨ ਸਫਰ ਜਾਰੀ ਰਿਹਾ। ਇਹਨਾਂ ਸਤਰਾਂ ਦੇ ਲੇਖਕ ਅਮਰੀਕ ਸਿੰਘ ਦੀਆਂ ਹੁਣ ਤਕ ਦਸ ਪੁਸਤਕਾਂ ਛਪ ਚੁਕੀਆਂ ਹਨ। ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ- ਪੰਖੜੀਆਂ (ਗ਼ਜ਼ਲਾਂ ਗੀਤ), ਗ਼ਮ ਦੀ ਮਹਿਕ (ਗ਼ਜ਼ਲਾਂ), ਦਰਦ ਦਾ ਅਹਿਸਾਸ (ਗਜ਼ਲਾਂ), ਮਿੱਠੀਆਂ ਮਿਰਚਾਂ (ਵਿਅੰਗ ਕਾਵਿ), ਸੱਚੀ ਤੇਰੀ ਸਿਫਤਿ (ਗੀਤ), ਜਿਨ ਮਾਰਗ ਦੀਆਂ ਬਤਾਇ (ਮਹਾ ਕਾਵਿ), ਦੋਹੋਂ ਕੇ ਜਾਮ ਨੇਤਾਓਂ ਕੇ ਨਾਮ (ਦੋਹੇ ਹਿੰਦੀ), ਗੁਰ ਗੀਤਾਵਲੀ। ਹਰਿਆਣਾ ਪੰਜਾਬੀ ਸਾਹਿਤ ਅਕਾਡਮੀ ਵਲੋਂ ਛਪੀ ਪੁਸਤਕ 'ਕਸਤੂਰੀ ਦੀ ਮਹਿਕ' ਵਿਚ ਕਈ ਗ਼ਜ਼ਲਾਂ, ਗੁਲਬਰਗ ਨਾਂ ਦੀ ਗ਼ਜ਼ਲ ਸੰਗ੍ਰਹਿ ਵਿਚ ਕਈ ਗ਼ਜ਼ਲਾਂ ਅਤੇ ੨ ਪੁਸਤਕਾਂ ਦਾ ਖਰੜਾ ਛਪਣ ਵਾਲਾ ਹੈ।

ਏਸ ਸਭਾ ਦੇ ਸ਼ਿੰਗਾਰ ਸ. ਗੁਰਦਿਆਲ ਸਿੰਘ ਪ੍ਰੀਤ ਦੀ ਪੁਸਤਕ ਸਭਾ ਵਲੋਂ ਪ੍ਰਕਾਸ਼ਤ ਹੋਈ 'ਪ੍ਰੀਤ ਸੁਨੇਹੜੇ' ਜੋ ਬਹੁਤ ਪਸੰਦ ਕੀਤੀ ਗਈ। ਪ੍ਰੀਤ ਜੀ ਅੱਜ ਕਲ ਸਭਾ ਦੇ ਜਨਰਲ ਸਕੱਤਰ ਹਨ।

ਮਾਸਟਰ ਨਿਹਾਲ ਸਿੰਘ ਜੀ ਏਸ ਸਭਾ ਦੇ ਹਮਦਰਦਾਂ ਵਿਚੋਂ ਰਹੇ ਹਨ। ਸ. ਆਤਮਾ ਸਿੰਘ ਜੀ ਸਨਖਤਰਵੀ ਸਾਬਕਾ ਸੰਪਾਦਕ 'ਸਤਿਜੁਗ' ਵੀ ਸਭਾ ਨੂੰ ਅਗਵਾਈ ਦੇਂਦੇ ਰਹੇ ਹਨ।

ਸ. ਜੋਗਿੰਦਰ ਸਿੰਘ 'ਮੁਕਤਾ' ਬਹੁਤ ਵਧੀਆ ਰਚਨਾਂ ਕਾਰ ਤੇ ਗਾਇਕ ਹਨ, ਜੋ ਜਲੰਧਰ ਟੀ. ਵੀ. ਤੋਂ ਆਪਣੇ ਗੀਤ ਗਾ ਕੇ ਆਮ ਤੌਰ ਤੇ ਸਰੋਤਿਆਂ ਨੂੰ ਮੋਹਿਤ ਕਰਦੇ ਰਹਿੰਦੇ ਹਨ। ਅੱਜ ਕਲ ਸਭਾ ਦੇ ਪ੍ਰਧਾਨ ਹਨ।

ਕਰਨੈਲ ਸਿੰਘ ਅਸਪਾਲ ਪ੍ਰਸਿੱਧ ਗੀਤਕਾਰ ਤੇ ਸੰਗੀਤਕਾਰ ਮੰਨੇ ਜਾਂਦੇ ਹਨ। ਬੀਬੀ ਜਾਗੀਰ ਕੌਰ ਸੰਧੂ ਇਸ ਇਲਾਕੇ ਦੀ ਪ੍ਰਸਿੱਧ ਨਾਵਲਕਾਰਾ ਵੀ ਏਸ ਸਭਾ ਨਾਲ ਸਬੰਧਤ ਹਨ। ਲਖਵਿੰਦਰ ਸਿੰਘ ਬਾਜਵਾ ਬਹੁਤ ਵਧੀਆ ਗੀਤਕਾਰ ਹਨ ਜਿੰਨ੍ਹਾਂ ਨੇ ਗੀਤਾਂ ਦੀਆਂ ਕਈ ਕੈਸਟਾਂ ਰੀਲੀਜ਼ ਹੋ ਚੁਕੀਆਂ ਹਨ।

ਸ. ਸਵਰਨ ਸਿੰਘ ਚੀਮਾਂ, ਸ. ਬਲਦੇਵ ਸਿੰਘ ਵੜੈਚ, ਰਾਜਿੰਦਰ ਸਿੰਘ ਰਾਜ ਬੜੇ ਸਰਗਰਮ ਮੈਂਬਰ ਹਨ।

ਸ. ਪੂਰਨ ਸਿੰਘ ਨਿਰਾਲਾ ਦੀ ਪੁਸਤਕ "ਜਿਨ ਚਰਨੀ ਰਖਿਆ ਲਾਇ" ਵੀ ਸਭਾ ਵਲੋਂ ਪ੍ਰਕਾਸ਼ਤ ਹੋ ਚੁਕੀ ਹੈ। ਇਹਨਾਂ ਦੀਆਂ ਦੋ ਕੈਸਟਾਂ ਤੇ ਇਕ ਵੀ. ਡੀ. ਓ. ਕੈਸਟ ਵੀ ਰੀਲੀਜ਼ ਹੋ ਚੁਕੀਆਂ ਹਨ। ਹਰਭਜਨ ਸਿੰਘ 'ਰਾਜ' ਤੱਥ ਭਰਪੂਰ ਰਚਨਾਂਕਾਰ ਸਭਾ ਦੇ ਪੁਰਾਣੇ ਮੈਂਬਰ ਹਨ ਤੇ ਅਜ ਕਲ ਖਜ਼ਾਨਚੀ ਹਨ।

ਵਰਿਆਮ ਸਿੰਘ ਪਿਆਸਾ, ਆਪਣੀਆਂ ਤੱਥ ਭਰਪੂਰ ਰਚਨਾਵਾਂ ਲਈ ਪ੍ਰਸਿੱਧ ਹਨ। ਜਸਵਿੰਦਰ ਸਿੰਘ ਭਿੰਡਰ ਤੇ ਕੁਲਦੀਪ ਸਿੰਘ ਦੀਪ ਵੀ ਇਸ ਸਭਾ ਦੇ ਬਹੁਤ ਉੱਘੇ ਸਾਹਿਤਕਾਰ ਹਨ।

ਪਿਛਲੇ ਚਾਰ ਸਾਲ ਤੋਂ ਲਗਾਤਾਰ ਇਹ ਸਭਾ ਹਰ ਮਹੀਨੇ ਦੀ ੧੭ ਤਾਰੀਖ ਨੂੰ ਮਾਲੇਰ ਕੋਟਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਜਾਂਦੀ ਹੈ।

੧੯੯੬ ਵਿਚ ਨਾਮਧਾਰੀ ਸਾਹਿਤ ਸਭਾ ਥਾਈਲੈਂਡ ਤੇ ਸਿੰਗਾਪੁਰ ਦਾ ੨੨ ਦਿਨ ਦਾ ਦੌਰਾ ਕਰਕੇ ਆਈ ਸੀ ਜੋ ਕਾਫੀ ਕਾਮਯਾਬ ਰਿਹਾ ਸੀ।

ਗਲ ਕੀ ਪੰਜਾਬੀ ਮਾਤ ਭਾਸ਼ਾ ਨੂੰ ਸਮਰਪਤ ਇਹ ਨਾਮਧਾਰੀ ਪੰਜਾਬੀ ਸਾਹਿਤ ਸਭਾ ਨਿਰੰਤਰ ਆਪਣੇ ਰਾਹੇ ਤੁਰੀ ਜਾ ਰਹੀ ਹੈ।

—ਮਾਸਟਰ ਅਮਰੀਕ ਸਿੰਘ
ਸਰਪਰਸਤ ਨਾਮਧਾਰੀ ਪੰਜਾਬੀ ਸਾਹਿਤ ਸਭਾ
ਇਲਾਕਾ ਸ੍ਰੀ ਜੀਵਨ ਨਗਰ (ਹਰਿਆਣਾ)

ਘਟਦਾ ਘਟਦਾ ਦਿਲ 'ਚ, ਉਹਦੇ ਪਿਆਰ ਅੱਧਾ ਰਹਿ ਗਿਆ।
ਹੌਲੀ ਹੌਲੀ ਯਾਰ ਮੇਰਾ ਯਾਰ ਅੱਧਾ ਰਹਿ ਗਿਆ।
ਲਾ ਲਿਆ ਗ਼ਮ ਮੇਰਾ ਦਿਲ ਨੂੰ ਹੋ ਗਿਆ ਬੇਹਾਲ ਉਹ,
ਸੁਕਦਾ ਸੁਕਦਾ ਹਿਜਰ ਵਿਚ ਦਿਲਦਾਰ ਅੱਧਾ ਰਹਿ ਗਿਆ।
'ਉਲਫਤ ਬਾਜਵਾ'

ਜ਼ਿੰਦਗੀ ਵਿਚ ਰੋਣਿਆਂ ਤੇ ਹਾਸਿਆਂ ਨੂੰ ਵੇਖਿਆ।
ਵਕਤ ਨੇ ਪਾਏ ਜੋ ਦਿਲ ਤੇ ਘਾਸਿਆਂ ਨੂੰ ਵੇਖਿਆ।
ਜਿਸ ਤੋਂ ਅੰਮ੍ਰਿਤ ਮੰਗਿਆ ਬਸ ਜ਼ਹਿਰ ਦਿੱਤੀ ਓਸ ਨੇ,
ਹਰ ਪੜਾਅ ਤੇ ਖੂਨ ਦੇ ਹੀ ਪਿਆਸਿਆਂ ਨੂੰ ਵੇਖਿਆ।
'ਜਸਵੰਤ ਬੇਗੋਵਾਲ'

ਮੇਰੇ ਜੀਵਨ 'ਚ ਆਈਆਂ ਨੇ ਕਦੇ ਧੁੱਪਾਂ ਕਦੇ ਛਾਵਾਂ।
ਮੇਰੇ ਇਸ ਦਿਲ ਨੂੰ ਭਾਈਆਂ ਨੇ ਕਦੇ ਧੁੱਪਾਂ ਕਦੇ ਛਾਵਾਂ।
ਮੇਰੇ ਜੀਵਨ ਦਾ ਸਰਮਾਇਆ ਨੇ ਖੁਸ਼ੀਆਂ ਵੀ ਤੇ ਗ਼ਮੀਆਂ ਵੀ,
ਤਬੀਅਤ ਨੂੰ ਸੁਖਾਈਆਂ ਨੇ ਕਦੇ ਧੁੱਪਾਂ ਕਦੇ ਛਾਵਾਂ
'ਗੁਰਦਿਆਲ ਪੰਜਾਬੀ'

ਪ੍ਰਤੀਕਿਰਿਆ

ਪਰਚਾ ਵਰਿਆਮ ਠੀਕ ਸਮੇਂ ਸਿਰ ਮਿਲ ਰਿਹਾ ਹੈ-ਧੰਨਵਾਦ। ਹਰ ਪਰਚੇ ਵਿਚ ਸਾਰੀ ਸਮੱਗਰੀ ਬੜੇ ਉਚ ਪਾਏ ਦੀ ਹੁੰਦੀ ਹੈ। ਸੰਪਾਦਕ ਦੀ ਤੀਖਣ ਬੁੱਧੀ ਦਾ ਕ੍ਰਿਸ਼ਮਾ ਹੈ ਥੋੜੇ ਸ਼ਬਦਾਂ ਵਿਚ ਬਹੁਤਾ ਕਹਿ ਦੇਣਾ। ਧਰਮ ਦਾ ਮਰਮ, ਗੁਰਬਚਨ ਸਿੰਘ ਨਾਮਧਾਰੀ ਦਾ ਲੇਖ ਤੇ ਗੁਲਜ਼ਾਰ ਸਿੰਘ ਸੰਧੂ ਦੀ ਰਚਨਾ ਹਿੰਦੁਸਤਾਨ ਤੇ ਪਾਕਿਸਤਾਨ ਦਾ ਬਟਵਾਰਾ ਬਹੁਤ ਹੀ ਰੋਚਕ, ਸੰਨ ਸੰਤਾਲੀ ਦੀ ਗਾਥਾ ਰਾਵੀ ਦੇ ਏਸ ਪਾਰਤੋਂ ਉਸ ਪਾਰ, ਪੜ੍ਹ ਕੇ ਪੱਥਰ ਦਿਲ ਵੀ ਪਿਘਲ ਜਾਂਦਾ ਹੈ। ਦਰਦਵੰਦਾ ਦਾ ਦਰਦ ਪੇਸ਼ ਕਰਕੇ ਅਸਲੀ ਤਸਵੀਰ ਵਿਖਾਣ ਦਾ ਜਤਨ ਕੀਤਾ ਹੈ ਸੰਧੂ ਜੀ ਦਾ ਧੰਨਵਾਦ।

ਇਕ ਹੋਰ ਮਹਾਨ ਹਸਤੀ ਜਿਨ੍ਹਾਂ ਦੇ ਸਾਰੇ ਹੀ ਲੇਖ ਬਹੁਤ ਖੋਜ ਭਰਭੂਰ ਹੁੰਦੇ ਹਨ। ਉਹ ਹਨ ਸ. ਸੁਵਰਨ ਸਿੰਘ ਜੀ ਵਿਰਕ। ਕੂਕਿਆਂ ਦਾ ਕਾਸਦ, ਭਾਰਤ ਦੀ ਆਜ਼ਾਦੀ ਵਾਸਤੇ ਕੂਕਿਆਂ ਦੀਆਂ ਕੁਰਬਾਨੀਆਂ ਨੂੰ ਵਿਸਥਾਰ ਨਾਲ ਲਿਖ ਕੇ ਦਿੱਤੀ ਜਾਣਕਾਰੀ ਰੌਸ਼ਨ ਮਨਾਰੇ ਦਾ ਕੰਮ ਕਰਦੀ ਹੈ। ਵਿਰਕ ਜੀ ਦਾ ਕੋਟਾਨ ਕੋਟ ਧੰਨਵਾਦ।

ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਸਨਮਾਨ ਸਮਾਰੋਹ ਵਾਲੀ ਤਸਵੀਰ ਅਤੇ ਰਿਪੋਰਟ ਦੇ ਕੇ ਧੰਨਵਾਦੀ ਬਣਾਇਆ ਹੈ। ਜਗਦੀਸ਼ ਸਿੰਘ ਜੀ ਵਰਿਆਮ ਦੀ ਪਵਿੱਤਰ ਸੋਚ ਨੂੰ ਸਤਿਗੁਰੂ ਜੀ ਹੋਰ ਚੜ੍ਹਦੀ ਕਲਾ ਬਖਸ਼ਿਸ਼ ਕਰਨ।

—ਸੁਰਿੰਦਰ ਸਿੰਘ ਮੁਕਤਾ
ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ
ਸ੍ਰੀ ਜੀਵਨ ਨਗਰ, ਸਿਰਸਾ, ਹਰਿਆਣਾ।
੭, ਅਗਸਤ ੨੦੦੬

ਅਗਸਤ ਮਹੀਨੇ ਦੇ ਵਰਿਆਮ ਵਿਚ "ਕੂਕਿਆਂ ਦਾ ਕਾਸਦ-ਸੂਬਾ ਗੁਰਚਰਨ ਸਿੰਘ ਅਤੇ ਸੰਨ ਸੰਤਾਲੀ ਵਿਚ ਰਾਵੀ ਦੇ ਏਸ ਪਾਰ ਤੋਂ ਓਸ ਪਾਰ" ਕਮਾਲ ਦੀਆਂ ਰਚਨਾਵਾਂ ਹਨ। ਪਹਿਲੀ ਰਚਨਾ ਤੋਂ ਕੂਕਿਆਂ ਦੇ ਸੁਤੰਤਰਤਾ ਸੰਗਰਾਮ ਵਿਚ ਪਾਏ ਯੋਗਦਾਨ ਬਾਰੇ ਬੜੀ ਹੀ ਮਹੱਤਵਪੂਰਨ ਤੇ ਰੌਚਿਕ ਇਤਿਹਾਸਕ ਜਾਣਕਾਰੀ ਮਿਲਦੀ ਹੈ। ਦੂਸਰੀ ਰਚਨਾ ਵਿਚ ਸ. ਗੁਲਜ਼ਾਰ ਸਿੰਘ ਸੰਧੂ ਜੀ ਨੇ ੧੯੪੭ ਦੀਆਂ ਭਿਆਨਕ ਵਿਰਕੂ ਤੇ ਹਿੰਸਕ ਘਟਨਾਵਾਂ ਨੂੰ ਬੜੀ ਹੀ ਸ਼ਿੱਦਤ ਨਾਲ ਪੇਸ਼ ਕੀਤਾ ਹੈ ਇਸਦਾ ਇਕ ਹਿੱਸਾ ਤੁਹਾਡੀ ਸਵੈ ਜੀਵਨੀ 'ਖੁੱਲ੍ਹੇ ਪੱਤਰੇ' ਅਤੇ ਦੂਸਰਾ ਸ. ਕਰਤਾਰ ਸਿੰਘ ਘੁੰਮਣ ਸਟੇਸ਼ਨ ਮਾਸਟਰ ਦੀ ਡਾਇਰੀ ਤੇ ਅਧਾਰਿਤ ਹੈ। ਮੈਂ ਤੁਹਾਡੀ ਲਿਖਤ ਅਤੇ ਸਵਰਗੀ ਘੁੰਮਣ ਜੀ ਦੀ ਲਿਖਤ ਨੂੰ ਵੀ ਸਲਾਮ ਕਰਦਾ ਹਾਂ।

ਕੁਲਵੰਤ, ਜਗਰਾਉਂ, ਲੁਧਿਆਣਾ

ਅਗਸਤ ਮਹੀਨੇ ਦਾ ਵਰਿਆਮ ਸਮੇਂ ਸਿਰ ਮਿਲ ਗਿਆ ਸੀ। ਅਗਸਤ ਮਹੀਨਾ ਆਰੰਭ ਹੋਣ ਤੋਂ ਪਹਿਲਾਂ।

ਸ, ਗੁਲਜ਼ਾਰ ਸਿੰਘ ਸੰਧੂ ਦਾ 'ਖਿੱਲਰੇ ਪੱਤਰੇ' ਤੇ ਆਧਾਰਿਤ ਲੇਖ ਚੋਥੀ ਵਾਰ ਅੱਜ ੧੫ ਅਗਸਤ ਵਾਲੇ ਦਿਨ ਪੜ੍ਹਿਆ। ਅਨੇਕ ਕਵਿਤਾਵਾਂ ਨੇ ਚੇਤਨਾ ਵਿਚ ਖਲਬਲੀ ਮਚਾਈ। ਕਈ ਦ੍ਰਿਸ਼ ਮੁੜ ਅੱਖਾਂ ਸਾਹਮਣੇ ਸਾਕਾਰ ਹੋ ਗਏ ਸਨ। ਬਿਫਰੀ ਬਸੰਤਰ ਨਦੀ ਦੇ ਰੇਲ ਪੁਲ ਨੂੰ ਸਾਈਕਲ ਸਣੇ ਪਾਰ ਕਰਨਾ। ਭਾਰਤ ਤੋਂ ਜਾਂਦੇ ਅਤੇ ਭਾਰਤ ਵੱਲ ਆਉਂਦੇ ਕਾਫ਼ਲਿਆਂ ਦਾ ਦਿਲ ਟੁੰਬਵਾਂ ਜ਼ਿਕਰ, ਮੌਤ ਅਤੇ ਜੀਵਨ ਵਿਚਲਾ ਫਾਸਲਾ। ਬਾਬੇ ਨਾਨਕ ਦੇ ਦੋ ਗੁਰਦੁਆਰਿਆਂ ਦਾ ਹਾਲ ਇਕ ਨੂੰ ਅਲਵਿਦਾ ਕਹਿਣਾ ਅਤੇ ਦੂਸਰੇ ਦੇ ਉੱਚੇ ਨਿਸ਼ਾਨ ਸਾਹਿਬ ਵਿਚੋਂ ਜੀਵਨ ਦੀ ਆਸ ਦੇ ਝਲਕਾਰੇ ਦਾ ਦ੍ਰਿਸ਼ ਬਹੁਤ ਸੁੰਦਰਤਾ ਨਾਲ ਬਿਆਨ ਕੀਤਾ ਹੈ।

ਪੰਜਾਬੀ ਗ਼ਜ਼ਲਕਾਰ ਗ਼ਜ਼ਲਾਂ ਤਾਂ ਲਿਖਦੇ ਹਨ ਪਰ ਬਹਿਰ ਵਜ਼ਨ ਵੱਲ ਧਿਆਨ ਨਹੀਂ ਦਿੰਦੇ। ਵਜ਼ਨ ਨਿਭਾਉਣਾ ਵੀ ਲਾਜ਼ਮੀ ਹੈ ਗ਼ਜ਼ਲ ਦੇ ਨਾਲ ਨਾਲ।

—ਸਿਰੀਰਾਮ ਅਰਸ਼, ਮੋਹਾਲੀ

ਵਰਿਆਮ ਨਿੱਤ ਦਿਨ ਬੁਲੰਦਿਆਂ ਨੂੰ ਛੂੰਹਦਾ ਹੋਇਆ ਪਾਠਕਾ ਦੇ ਦਿਲਾਂ ਤੇ ਰਾਜ ਕਰ ਰਿਹਾ ਹੈ। ਇਸ ਲਈ ਆਪ ਜੀ ਤੇ ਆਪ ਜੀ ਦਾ ਮੇਹਨਤੀ ਸਟਾਫ ਸਚਮੁਚ ਵਧਾਈ ਦੇ ਪਾਤਰ ਹੋ।

—ਨੀਲਮ ਸੰਜੀਵ, ਫਗਵਾੜਾ

ਪਰਚਾ ਹਰ ਮਹੀਨੇ ਨਵੀਆਂ ਸੁਗੰਧਾ ਝੋਲੀ ਪਾ ਰਿਹਾ ਹੈ। ਪੜ੍ਹ ਕੇ ਮਨ ਬਾਗ਼-ਬਾਗ਼ ਹੋ ਜਾਂਦਾ ਹੈ। ਕਈ ਰਚਨਾਵਾਂ ਵਿਚੋਂ ਚਾਨਣ ਦੇ ਦਰਸ਼ਨ ਹੁੰਦੇ ਹਨ। ਪਰਚਾ ਭੇਜਨ ਲਈ ਧੰਨਵਾਦ ਅਤੇ ਦਿਲੋਂ ਦੁਆਵਾਂ।

—ਇੰਦਰਜੀਤ ਹਸਨਪੁਰੀ, ਲੁਧਿਆਣਾ



ਨਾਮਧਾਰੀ ਸਾਹਿਤਕ ਸੰਮੇਲਨ ਮੁਠੱਡਾ
ਸੂਬਾ ਬਲਵਿੰਦਰ ਸਿੰਘ ਝੱਲ, ਸ. ਦਲਬੀਰ ਸਿੰਘ ਤਰਸ, ਪ੍ਰੋ. ਕਿਰਪਾਲ ਸਿੰਘ ਕਸੇਲ, ਸੰਤ ਅਜੀਤ ਸਿੰਘ ਰੰਧਾਵਾ, ਸੰਤ ਹਰਜੀਤ ਸਿੰਘ



ਨਾਮਧਾਰੀ ਸਾਹਿਤਕ ਸੰਮੇਲਨ ਮੁਠੱਡਾ
ਸੰਤ ਦਲਬੀਰ ਸਿੰਘ ਤਰਸ ਪ੍ਰਧਾਨਗੀ ਮੰਡਲ ਦਾ ਹਾਰ ਪਾ ਕੇ ਸੁਆਗਤ ਕਰਦੇ ਹੋਏ।

ਸਰਸਾ : ਪੰਜਾਬੀ ਸਾਹਿਤ ਸਭਾ ਅਤੇ ਸੰਘਰਸ਼ ਵੈਲਫੇਅਰ ਸੁਸਾਇਟੀ ਵੱਲੋਂ ਪੰਜਾਬੀ ਕਵੀ ਡਾ. ਆਰ. ਧਵਨ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਖਬਿਓਂ ਸ੍ਰੀ ਚੌਧਰੀ, ਸੁਰਿੰਦਰ ਕੰਬੋਜ, ਡੀ. ਆਰ. ਧਵਨ, ਸੁਜੀਤ ਕੁਮਾਰ ਜਿਆਣੀ ਸਾਬਕ ਮੰਤਰੀ, ਸ. ਅਨੰਦ ਮੋਹਣ ਸਿੰਘ, ਜੀ.ਡੀ ਚੌਧਰੀ, ਡਾ ਦਰਸ਼ਨ ਸਿੰਘ ਖੜੇ ਦਿਸ ਰਹੇ ਹਨ।



Registered No. PB 0016 (2006-2008) MONTHLY WARIAM Ladowali Road, Jalandhar - 144 001
Regd. RNI No. 26453/75 September-2006



ਸ. ਸਰੈਣ ਸਿੰਘ ਜੀ ਜਲੰਧਰ ਨਮਿਤ ਸਿਮ੍ਰਤੀ ਮੇਲਾ ਮਿਤੀ ੬ ਅਗਸਤ ੨੦੦੬ ਨੂੰ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਇਸ ਅਵਸਰ ਤੇ ਸਰਦਾਰ ਜੀ ਦੇ ਸਪੁੱਤਰ ਸ. ਸੁਰਜੀਤ ਸਿੰਘ (ਅਮਰੀਕਾ) ਅਤੇ ਸ. ਨਿਰਮਲ ਸਿੰਘ (ਸਟੋਰੇਕਸ ਬੈਟਰੀ ਵਾਲੇ) ਸਤਿਗੁਰੂ ਜੀ ਦੇ ਹਜ਼ੂਰ ਵਿਚ ਬੈਠੇ ਹਨ

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਵਰਿਆਮ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
ਫੋਨ : 0181-2222543, ਨਿਵਾਸ :- 0181-2456289